
# ਪਹਿਲਾ ਅਧਿਆਪਕ

## ਚੰਗੇਜ਼ ਆਇਤਮਾਤੋਵ



Academy of the Punjab in North America: http://www.apnaorg.com

ਚੰਗੇਜ਼ ਆਇਤਮਾਤੋਵ

# ਪਹਿਲਾ ਅਧਿਆਪਕ

ਨਾਵਲੈੱਟ

ਦਸਤਕ ਪ੍ਰਕਾਸ਼ਨ, ਲੁਧਿਆਣਾ

Academy of the Punjab in North America: http://www.apnaorg.com

# ਪਹਿਲਾ ਅਧਿਆਪਕ

## ਅਨੁਵਾਦ : ਕਸ਼ਮੀਰ ਸਿੰਘ


ਪਹਿਲਾ ਐਡੀਸ਼ਨ - 1989 (ਰਾਦੂਗਾ ਪ੍ਰਕਾਸ਼ਨ, ਸੋਵੀਅਤ ਯੂਨੀਅਨ)
ਦੂਜਾ ਐਡੀਸ਼ਨ - ਨਵੰਬਰ, 2006

**ਪ੍ਰਕਾਸ਼ਕ** - ਦਸਤਕ ਪ੍ਰਕਾਸ਼ਨ, ਲੁਧਿਆਣਾ
154, ਸ਼ਹੀਦ ਕਰਨੈਲ ਸਿੰਘ ਨਗਰ, ਫੇਜ਼-3,
ਪੱਖੋਵਾਲ ਰੋਡ, ਲੁਧਿਆਣਾ।
ਫੋਨ : 98886-55663

**ਕੀਮਤ** : 20 - **ਰੁਪਏ**


Academy of the Punjab in North America: http://www.apnaorg.com

ਮੈਂ ਖਿੜਕੀਆਂ ਚੁਪੱਟ ਖੋਲ੍ਹ ਦਿੰਦਾ ਹਾਂ। ਤਾਜ਼ਾ ਹਵਾ ਹੜ੍ਹ ਦੇ ਪਾਣੀ ਵਾਂਗ ਅੰਦਰ ਵੜ ਆਉਂਦੀ ਹੈ। ਮੈਂ ਹੌਲੀ ਹੌਲੀ ਦੂਰ ਹੋ ਰਹੇ ਨੀਲੇ ਘੁਸਮੁਸੇ ਵਿੱਚ ਉਸ ਤਸਵੀਰ ਦੇ ਖ਼ਾਕਿਆਂ ਨੂੰ ਬੜੇ ਧਿਆਨ ਨਾਲ ਵੇਖ ਰਿਹਾ ਹਾਂ ਜਿਹੜੀ ਮੈਂ ਬਣਾਉਣੀ ਸ਼ੁਰੂ ਕੀਤੀ ਹੋਈ ਹੈ। ਖ਼ਾਕੇ ਬਹੁਤ ਹਨ ਕਿਉਂਕਿ ਮੈਂ ਇਹ ਤਸਵੀਰ ਕਈ ਵਾਰੀ ਮੁੱਢੋ-ਸੁੱਢੋਂ ਬਣਾਉਣੀ ਸ਼ੁਰੂ ਕੀਤੀ ਸੀ, ਪਰੰਤੂ ਮੁਕੰਮਲ ਤਸਵੀਰ ਬਾਬਤ ਕੋਈ ਆਖਰੀ ਫੈਸਲਾ ਲੈਣਾ ਅਜੇ ਵਕਤ ਤੋਂ ਪਹਿਲਾਂ ਦੀ ਗੱਲ ਹੈ। ਮੈਨੂੰ ਅਜੇ ਤੱਕ ਉਹ ਤੱਤ ਨਹੀਂ ਲੱਭਾ ਜਿਹੜਾ ਅਚਾਨਕ ਹੀ ਏਨੀ ਅਟੱਲਤਾ, ਛੇਤੀ ਛੇਤੀ ਵਧ ਰਹੀ ਸਪੱਸ਼ਟਤਾ, ਏਨੀ ਅਕੱਥਤਾ ਤੇ ਸੂਖਮਤਾ ਨਾਲ ਆਤਮਾ ਅੰਦਰ ਉਤਰ ਜਾਂਦਾ ਹੈ ਜਿਵੇਂ ਗਰਮੀ ਦੀ ਰੁੱਤ ਦੀਆਂ ਇਹ ਅਗੇਤੀਆਂ ਪ੍ਰਭਾਤਾਂ। ਪਹੁ-ਫੁਟਾਲੇ ਤੋਂ ਪਹਿਲਾਂ ਚਹਿਲ ਕਦਮੀ ਕਰਦਾ ਹੋਇਆ ਮੈਂ ਆਪਣੀ ਇਸ ਤਸਵੀਰ ਬਾਰੇ ਸੋਚਦਾ ਰਹਿੰਦਾ ਹਾਂ। ਹਰ ਵਾਰੀ ਇਸ ਤਰ੍ਹਾਂ ਹੀ ਹੁੰਦਾ ਹੈ ਤੇ ਹਰ ਵਾਰੀ ਮੈਨੂੰ ਇਹੋ ਯਕੀਨ ਹੁੰਦਾ ਹੈ ਕਿ ਤਸਵੀਰ ਅਜੇ ਮੇਰੀ ਕਲਪਨਾ ਵਿਚ ਹੀ ਹੈ।

ਮੈਨੂੰ ਇਹ ਗੱਲ ਚੰਗੀ ਨਹੀਂ ਲਗਦੀ ਕਿ ਅਧੂਰੇ ਕੰਮ ਬਾਰੇ ਆਪਣੇ ਦੋਸਤਾਂ ਨਾਲ ਵੀ ਜ਼ਿਕਰ ਕੀਤਾ ਜਾਵੇ। ਅਜਿਹਾ ਇਸ ਲਈ ਨਹੀਂ ਕਿ ਮੈਂ ਆਪਣੇ ਕੰਮ ਨੂੰ ਲੁਕਾ ਕੇ ਰੱਖਣਾ ਚਾਹੁੰਦਾ ਹਾਂ, ਸਗੋਂ ਇਸ ਲਈ ਕਿ, ਮੇਰੇ ਖਿਆਲ ਮੁਤਾਬਕ, ਜਿਹੜਾ ਬੱਚਾ ਅਜੇ ਪੰਘੂੜੇ ਵਿੱਚ ਹੀ ਹੋਵੇ ਉਸ ਬਾਰੇ ਇਹ ਕਹਿਣਾ ਮੁਸ਼ਕਲ ਹੁੰਦਾ ਹੈ ਕਿ ਵੱਡਾ ਹੋ ਕੇ ਉਹ ਕਿਹੋ ਜਿਹਾ ਬਣੇਗਾ। ਇਸੇ ਤਰ੍ਹਾਂ ਕਿਸੇ ਅਧੂਰੀ ਰਚਨਾ ਬਾਰੇ ਕੁੱਝ ਕਹਿਣਾ ਵੀ ਮੁਸ਼ਕਲ ਹੁੰਦਾ ਹੈ। ਪਰ ਇਸ ਵਾਰੀ ਮੈਂ ਆਪਣੇ ਇਸ ਅਸੂਲ ਦੀ ਉਲੰਘਣਾ ਕਰ ਰਿਹਾ ਹਾਂ। ਮੈਂ ਉਸ ਤਸਵੀਰ ਬਾਰੇ, ਜਿਹੜੀ ਅਜੇ ਬਣੀ ਨਹੀਂ ਹੈ, ਖੁਲ੍ਹ ਕੇ ਕਹਿਣਾ ਚਾਹੁੰਦਾ ਹਾਂ, ਸਗੋਂ ਇਸ ਬਾਰੇ ਆਪਣੇ ਵਿਚਾਰਾਂ ਨੂੰ ਲੋਕਾਂ ਨਾਲ਼ ਸਾਂਝੇ ਕਰਨਾ ਚਾਹੁੰਦਾ ਹਾਂ।

ਇਹ ਮੇਰਾ ਖ਼ਬਤ ਨਹੀਂ ਹੈ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮੇਰੇ ਇਕੱਲੇ ਦੇ ਵੱਸ ਦਾ ਰੋਗ ਨਹੀਂ ਹੈ। ਮੈਨੂੰ ਲਗਦਾ ਹੈ ਕਿ ਇਹ ਕਹਾਣੀ ਜਿਸ ਨੇ ਮੇਰੀ ਆਤਮਾ ਨੂੰ ਝੰਜੋੜ ਦਿੱਤਾ ਹੈ, ਜਿਹੜੀ ਮੈਨੂੰ ਬੁਰਸ਼ ਉਠਾਉਣ ਉੱਤੇ ਮਜ਼ਬੂਰ ਕਰ ਰਹੀ ਹੈ, ਏਨੀ ਵਿਸ਼ਾਲ ਤੇ ਵਿਲੱਖਣ ਹੈ ਕਿ ਮੈਂ ਇੱਕਲਾ ਇਸ ਨੂੰ ਸੰਭਾਲ ਨਹੀਂ ਸਕਦਾ। ਮੈਨੂੰ ਡਰ ਹੈ ਕਿ ਇਹ ਭਰਿਆ ਪਿਆਲਾ ਮੇਰੇ ਕੋਲੋਂ ਛਲਕ ਜਾਵੇਗਾ, ਮੈਂ ਇਸ ਨੂੰ ਮੰਜ਼ਿਲ ਉੱਤੇ ਪਹੁੰਚਾ ਨਹੀਂ ਸਕਾਂਗਾ। ਮੈਂ ਚਾਹੁੰਦਾ ਹਾਂ ਕਿ ਲੋਕ ਕੋਈ ਸਲਾਹ ਦੇ ਕੇ ਮੇਰੀ ਸਹਾਇਤਾ ਕਰਨ, ਮੈਨੂੰ ਕੋਈ ਰਾਹ ਵਿਖਾਉਣ, ਉਹ ਆਪਣੀ ਕਲਪਨਾ ਵਿਚ ਹੀ ਮੇਰੇ ਈਜ਼ਲ ਲਾਗੇ ਆ ਕੇ ਖਲੋ ਜਾਣ, ਅਤੇ ਮੇਰੇ ਵਾਂਗ ਹੀ ਇਨ੍ਹਾਂ ਵਲਵਲਿਆਂ ਨੂੰ ਹੰਢਾਉਣ।


Academy of the Punjab in North America: http://www.apnaorg.com

ਆਪਣੇ ਦਿਲਾਂ ਦੀ ਗਰਮਾ ਵਰਤਾਉਣ ਤੋਂ ਝਿਜਕੋ ਨਹੀਂ, ਮੇਰੇ ਕਰੀਬ ਆ ਜਾਓ, ਮੈਂ ਇਹ ਕਹਾਣੀ ਸੁਣਾਏ ਬਿਨਾਂ ਨਹੀਂ ਰਹਿ ਸਕਦਾ...

ਸਾਡਾ ਪਿੰਡ ਕੁਰਕੂਰੇਊ ਪਹਾੜਾਂ ਦੀ ਗੋਦ ਵਿਚ ਇਕ ਵਿਸ਼ਾਲ ਪਠਾਰ ਵਿਚ ਵਸਿਆ ਹੋਇਆ ਹੈ ਜਿਥੇ ਅਣਗਿਣਤ ਦੱਰਿਆਂ ਥਾਣੀਂ ਸ਼ੋਰ ਮਚਾਉਂਦੇ ਹੋਏ ਪਹਾੜੀ ਨਾਲ਼ੇ ਵਹਿੰਦੇ ਹਨ। ਪਿੰਡ ਤੋਂ ਹੇਠਾਂ ਵੱਲ ਪੀਲੀ ਵਾਦੀ—ਵਿਸ਼ਾਲ ਕਜ਼ਾਖ਼ ਸਤੇਪੀ—ਵਿਛੀ ਹੋਈ ਹੈ। ਇਸ ਦੀ ਹੱਦ ਕਾਲੇ ਪਹਾੜਾਂ ਦੀਆਂ ਟੀਸੀਆਂ, ਦੁਮੇਲ ਦੇ ਨਾਲ਼ ਨਾਲ਼ ਪੱਛਮ ਵੱਲ ਜਾਂਦੇ ਰੇਲ-ਮਾਰਗ ਦੀ ਕਾਲੀ ਲਕੀਰ ਨਾਲ਼ ਲਗਦੀ ਹੈ।

ਪਿੰਡ ਦੇ ਉੱਪਰ ਇਕ ਟਿੱਲੇ ਉੱਤੇ ਪੋਪਲਰ ਦੇ ਦੋ ਦਿਓਕੱਦ ਰੁੱਖ ਹਨ। ਜਦੋਂ ਤੋਂ ਮੈਂ ਹੋਸ਼ ਸੰਭਾਲੀ ਹੈ ਉਦੋਂ ਤੋਂ ਹੀ ਇਨ੍ਹਾਂ ਪੋਪਲਰਾਂ ਨੂੰ ਜਾਣਦਾ ਹਾਂ। ਸਾਡੇ ਕੁਰਕੂਰੇਊ ਵੱਲ ਜਿਸ ਪਾਸਿਓਂ ਮਰਜ਼ੀ ਆਓ, ਸਭ ਤੋਂ ਪਹਿਲਾਂ ਇਹ ਦੋ ਪੋਪਲਰ ਹੀ ਚਾਨਣ ਮੁਨਾਰਿਆਂ ਵਾਂਗ ਹਮੇਸ਼ਾ ਵਿਖਾਈ ਦਿੰਦੇ ਹਨ। ਮੈਂ ਏਨਾ ਵੀ ਨਹੀਂ ਜਾਣਦਾ ਕਿ ਇਸ ਦੀ ਵਿਆਖਿਆ ਕਿਵੇਂ ਕੀਤੀ ਜਾਵੇ— ਜਾਂ ਤਾਂ ਇਹ ਕਿ ਬਚਪਨ ਦੀਆਂ ਯਾਦਾਂ ਹਰ ਮਨੁੱਖ ਲਈ ਖਾਸ ਕਰਕੇ ਪਿਆਰੀਆਂ ਹੁੰਦੀਆਂ ਹਨ ਜਾਂ ਫਿਰ ਇਹ ਕਿ ਮੈਂ ਚਿੱਤਰਕਾਰ ਹਾਂ। ਪਰ ਹਰ ਵਾਰੀ ਗੱਡੀ ਤੋਂ ਉਤਰ ਕੇ ਸਤੇਪੀ ਪਾਰ ਕਰਨ ਮਗਰੋਂ ਜਦੋਂ ਪਿੰਡ ਲਾਗੇ ਪਹੁੰਚਦਾ ਹਾਂ ਤਾਂ ਮੇਰੀ ਨਜ਼ਰ ਸਭ ਤੋਂ ਪਹਿਲਾਂ ਇਨ੍ਹਾਂ ਪਿਆਰੇ ਪੋਪਲਰਾਂ ਨੂੰ ਦੂਰੋਂ ਹੀ ਢੂੰਡਣ ਲੱਗ ਪੈਂਦੀ ਹੈ।

ਇਹ ਭਾਵੇਂ ਕਿੰਨੇ ਵੀ ਉੱਚੇ ਕਿਉਂ ਨਾ ਹੋਣ ਏਨੀ ਦੂਰੀ ਤੋਂ ਇਨ੍ਹਾਂ ਨੂੰ ਵੇਖ ਸਕਣਾ ਸੰਭਵ ਨਹੀਂ ਹੈ, ਪਰ ਮੈਂ ਉਨ੍ਹਾਂ ਦੀ ਹੋਂਦ ਨੂੰ ਸਦਾ ਹੀ ਮਹਿਸੂਸ ਕਰ ਲੈਂਦਾ ਹਾਂ, ਉਹ ਮੈਨੂੰ ਹਮੇਸ਼ਾ ਵਿਖਾਈ ਦਿੰਦੇ ਹਨ।

ਮੈਨੂੰ ਕਈ ਵਾਰ ਦੂਰ-ਦੁਰੇਡੇ ਇਲਾਕਿਆਂ ਤੋਂ ਕੁਰਕੂਰੇਊ ਪਰਤਣਾ ਪੈਂਦਾ ਸੀ। ਹਰ ਵਾਰ ਮੈਂ ਡਾਢੇ ਹੇਰਵੇ ਦੀ ਭਾਵਨਾ ਨਾਲ ਸੋਚਦਾ : "ਕੀ ਮੈਂ ਛੇਤੀ ਹੀ ਉਨ੍ਹਾਂ ਜੌੜੇ ਪੋਪਲਰਾਂ ਨੂੰ ਵੇਖ ਸਕਾਂਗਾ? ਕਾਸ਼ ਮੈਂ ਛੇਤੀ ਛੇਤੀ ਪਿੰਡ ਪਹੁੰਚ ਜਾਵਾਂ, ਪੋਪਲਰਾਂ ਵਾਲੇ ਟਿੱਲੇ 'ਤੇ ਪਹੁੰਚ ਜਾਵਾਂ ਅਤੇ ਫਿਰ ਉਨ੍ਹਾਂ ਥੱਲੇ ਖਲੋ ਕੇ ਦੇਰ ਤੱਕ ਪੱਤਿਆਂ ਦੀ ਸਰਸਰ ਦਾ ਅਨੰਦਮਈ ਸੰਗੀਤ ਸੁਣਦਾ ਰਹਾਂ।"

ਸਾਡੇ ਪਿੰਡ ਵਿਚ ਕਈ ਤਰ੍ਹਾਂ ਦੇ ਦਰਖ਼ਤ ਹਨ ਪਰ ਇਹ ਪੋਪਲਰ ਵਿਲੱਖਣ ਹਨ—ਉਨ੍ਹਾਂ ਦੀ ਆਪਣੀ ਵਿਲੱਖਣ ਜ਼ਬਾਨ ਹੈ, ਤੇ ਸ਼ਾਇਦ ਇਨ੍ਹਾਂ ਦੀ ਆਪਣੀ ਵਿਲੱਖਣ ਗਾਉਂਦੀ ਹੋਈ ਆਤਮਾ ਵੀ ਹੈ। ਦਿਨ ਹੋਵੇ ਜਾਂ ਰਾਤ, ਜਦੋਂ ਵੀ ਇੱਥੇ ਆਉਂਦਾ ਹਾਂ ਤਾਂ ਉਹ ਝੂਲਦੇ ਵਿਖਾਈ ਦਿੰਦੇ ਹਨ, ਟਾਹਣੀਆਂ ਹੁਲਾਰੇ ਲੈਂਦੀਆਂ ਹਨ, ਪੱਤੇ ਸਰ ਸਰ ਕਰਦੇ ਹਨ, ਤਰ੍ਹਾਂ ਤਰ੍ਹਾਂ ਦੀਆਂ ਸੁਰਾਂ ਕੱਢਦੇ ਹਨ। ਕਦੀ ਇੰਜ ਲੱਗਦਾ ਹੈ ਜਿਵੇਂ ਸਮੁੰਦਰ ਦੀਆਂ ਸ਼ਾਂਤ ਲਹਿਰਾਂ ਸਾਹਿਲ ਦੀ ਰੇਤ ਨੂੰ ਪਲੋਸ ਰਹੀਆਂ ਹੋਣ,ਕਦੀ ਇੰਜ ਲੱਗਦਾ ਹੈ ਕਿ ਕੋਈ ਅਦਿਸ ਚੰਗਿਆੜੀ, ਕੋਈ ਗਰਮ, ਜੋਸ਼ੀਲੀ ਫੁਸਫੁਸਾਹਟ ਟਾਹਣੀਆਂ, ਪੱਤਿਆਂ ਉਤੇ ਦੌੜਦੀ ਜਾਂਦੀ ਹੈ, ਤੇ ਫਿਰ ਅਚਾਨਕ ਹੀ ਪਲ-ਕੁ ਖਾਮੋਸ਼ ਰਹਿਣ ਮਗਰੋਂ ਪੋਪਲਰ ਦੇ ਰੁੱਖ ਜ਼ੋਰ ਨਾਲ ਸਰ-ਸਰ ਕਰਦੇ ਡੂੰਘਾ ਹੌਕਾ ਭਰਦੇ ਹਨ, ਜਿਵੇਂ ਬਹੁਤ ਹੀ ਉਦਾਸ ਹੋ ਗਏ ਹੋਣ। ਤੇ ਜਦੋਂ ਗੜ੍ਹਕਦੇ ਗੱਜਦੇ ਬੱਦਲ ਛਾ ਜਾਂਦੇ ਹਨ, ਟਾਹਣੀਆਂ ਨੂੰ ਤੋੜਦਾ ਮਰੋੜਦਾ,


Academy of the Punjab in North America: http://www.apnaorg.com

ਪੱਤਿਆਂ ਨੂੰ ਤਰੁੰਡਦਾ-ਮਰੁੰਡਦਾ ਝੱਖੜ ਝੁਲਦਾ ਹੈ ਤਾਂ ਲਿਫ਼-ਲਿਫ਼ ਜਾਂਦੇ ਪੋਪਲਰ ਅੱਗ ਦੇ ਤੇਜ਼ ਭਾਬੜਾਂ ਵਾਂਗ ਗਰਜਦੇ ਹਨ, ਸ਼ੂਕਰਦੇ ਹਨ।

ਮਗਰੋਂ, ਕਈ ਸਾਲ ਬੀਤਣ ਮਗਰੋਂ ਮੈਨੂੰ ਇਨ੍ਹਾਂ ਦੋ ਪੋਪਲਰਾਂ ਦੇ ਰਾਜ਼ ਦਾ ਪਤਾ ਲੱਗਾ। ਉਹ ਉਸ ਟਿੱਲੇ ਉਤੇ ਉੱਗੇ ਹੋਏ ਹਨ ਜਿਸ ਨੂੰ ਹਰ ਦਿਸ਼ਾ ਵਲੋਂ ਆਉਂਦੀਆਂ ਹਵਾਵਾਂ ਦੇ ਥਪੇੜੇ ਵਜਦੇ ਰਹਿੰਦੇ ਹਨ। ਇਸ ਵਾਸਤੇ ਉਹ ਮਾੜੀ ਜਿਹੀ ਹਵਾ ਚਲਣ ਨਾਲ ਹੀ ਹਿੱਲਣ ਲੱਗ ਪੈਂਦੇ ਹਨ, ਇਨ੍ਹਾਂ ਦਾ ਪੱਤਾ ਪੱਤਾ ਹਲਕੀ ਜਿਹੀ ਪੌਣ ਦਾ ਹੁੰਗਾਰਾ ਭਰਦਾ ਹੈ।

ਪਰ ਇਸ ਸਿੱਧੀ ਸਾਦੀ ਹਕੀਕਤ ਦਾ ਭੇਦ ਖੁੱਲ੍ਹ ਜਾਣ ਨਾਲ ਮੈਂ ਨਿਰਾਸ ਨਹੀਂ ਹੋਇਆ, ਮੇਰਾ ਬਚਪਨ ਵਾਲਾ ਅਨੁਭਵ ਖ਼ਤਮ ਨਹੀਂ ਹੋਇਆ ਜਿਸ ਨੂੰ ਮੈਂ ਅੱਜ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ। ਤੇ ਅੱਜ ਤੱਕ ਮੈਨੂੰ ਟਿੱਲੇ ਉਤਲੇ ਇਹ ਦੋ ਪੋਪਲਰ ਵਿਲੱਖਣ ਤੇ ਸਜੀਵ ਲਗਦੇ ਹਨ। ਉਥੇ, ਉਨ੍ਹਾਂ ਦੇ ਲਾਗੇ ਹੀ ਮੇਰਾ ਬਚਪਨ ਰਹਿ ਗਿਆ ਹੈ, ਜਿਵੇਂ ਹਰੇ ਜਾਦੂਮਈ ਸ਼ੀਸ਼ੇ ਦਾ ਇੱਕ ਟੁਕੜਾ....

ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਤੋਂ ਪਹਿਲਾਂ, ਪੜ੍ਹਾਈ ਦੇ ਆਖ਼ਰੀ ਦਿਨ ਅਸੀਂ, ਮੁੰਡੇ ਪੰਛੀਆਂ ਦੇ ਆਲ੍ਹਣੇ ਢਾਹੁਣ ਲਈ ਇੱਥੇ ਦੌੜੇ ਆ ਜਾਂਦੇ ਹੁੰਦੇ ਸਾਂ। ਜਦੋਂ ਅਸੀਂ ਰੌਲਾ ਪਾਉਂਦੇ ਸੀਟੀਆਂ ਵਜਾਉਂਦੇ ਹੋਏ ਟਿੱਲੇ ਉਤੇ ਚੜ੍ਹ ਜਾਂਦੇ ਸਾਂ ਤਾਂ ਹਰ ਵਾਰੀ ਇਹ ਦਿਓਕੱਦ ਰੁੱਖ ਝੂੰਮਦੇ ਹੋਏ ਆਪਣੀ ਠੰਡੀ ਛਾਂ ਤੇ ਪਿਆਰ ਭਰੀ ਸਰਸਰਾਹਟ ਨਾਲ ਸਾਡਾ ਸਵਾਗਤ ਕਰਦੇ ਲਗਦੇ ਸਨ। ਪਰ ਅਸੀਂ, ਖ਼ਰੂਦੀ ਮੁੰਡੇ ਨੰਗੇ ਪੈਰੀਂ ਹੀ ਇਕ ਦੂਜੇ ਨੂੰ ਸਹਾਰਾ ਦਿੰਦੇ ਹੋਏ, ਟਾਹਣੀਆਂ ਤੇ ਮੁੱਢਾਂ ਨੂੰ ਫੜ ਫੜ ਕੇ ਉੱਤੇ ਚੜ੍ਹ ਜਾਂਦੇ ਸਾਂ ਤੇ ਪੰਛੀਆਂ ਦੀ ਦੁਨੀਆਂ ਵਿਚ ਹਲਚਲ ਮਚਾ ਦਿੰਦੇ ਸਾਂ। ਚੀਂ ਚੀਂ ਕਰਦੇ ਡਰੇ ਹੋਏ ਪੰਛੀਆਂ ਦੀਆਂ ਡਾਰਾਂ ਸਾਡੇ ਉੱਤੇ ਉੱਡ ਜਾਂਦੀਆਂ, ਪਰ ਅਸੀਂ ਇਸ ਦੀ ਕੋਈ ਪਰਵਾਹ ਨਾ ਕਰਦੇ। ਅਸੀਂ ਹੋਰ ਉੱਚੇ, ਹੋਰ ਉੱਚੇ ਚੜ੍ਹਦੇ ਜਾਂਦੇ—ਚਲੋ ਵੇਖਦੇ ਹਾਂ ਕੌਣ ਸਭ ਤੋਂ ਵੱਧ ਦਲੇਰ ਤੇ ਫੁਰਤੀਲਾ ਹੈ! ਅਤੇ ਇਕਦਮ ਏਨੀ ਉੱਚਾਈ ਉਤੇ, ਪੰਛੀਆਂ ਦੇ ਉੱਡਣ ਦੀ ਉੱਚਾਈ ਉਤੇ ਸਾਡੇ ਸਾਮ੍ਹਣੇ ਮਾਨੋ ਜਾਦੂ ਦੇ ਡੰਡੇ ਨਾਲ ਪਸਾਰਿਆਂ ਤੇ ਚਾਨਣ ਦੀ ਵਿਸ਼ਾਲ ਦੁਨੀਆਂ ਦਾ ਦ੍ਰਿਸ਼ ਆ ਜਾਂਦਾ ਹੈ।

ਧਰਤੀ ਦੀ ਇਹ ਮਹਿਮਾ ਵੇਖ ਕੇ ਅਸੀਂ ਅਸ਼-ਅਸ਼ ਕਰ ਉਠਦੇ, ਅਸੀਂ ਆਪਣੀਆਂ ਆਪਣੀਆਂ ਟਾਹਣੀਆਂ ਉੱਤੇ ਸਾਹ ਰੋਕੀ ਬੈਠੇ ਰਹਿੰਦੇ, ਪੰਛੀਆਂ ਤੇ ਉਨ੍ਹਾਂ ਦੇ ਆਲ੍ਹਣਿਆਂ ਨੂੰ ਭੁੱਲ ਜਾਂਦੇ। ਇਥੋਂ ਸਾਨੂੰ ਸਾਂਝੇ ਫ਼ਾਰਮ ਦਾ ਅਸਤਬਲ, ਜਿਸ ਨੂੰ ਅਸੀਂ ਦੁਨੀਆਂ ਦੀ ਸਭ ਤੋਂ ਵੱਡੀ ਇਮਾਰਤ ਸਮਝਦੇ ਸਾਂ, ਸਾਧਾਰਨ ਜਿਹੀ ਕੋਠੜੀ ਵਰਗਾ ਲਗਦਾ ਸੀ। ਪਿੰਡ ਦੇ ਪਿੱਛੇ ਵਿਸ਼ਾਲ ਅਛੋਹ ਸਤੇਪੀ ਧੁੰਦਲਕੇ ਵਿਚ ਗੁਆਚੀ ਹੋਈ ਲਗਦੀ ਸੀ। ਅਸੀਂ ਉਸ ਦੀਆਂ ਨੀਲੀਆਂ ਦੂਰੀਆਂ ਨੂੰ, ਜਿੱਥੋਂ ਤੱਕ ਵੀ ਸਾਡੀ ਨਜ਼ਰ ਜਾਂਦੀ, ਨੀਝ ਲਾ ਕੇ ਵੇਖਦੇ ਰਹਿੰਦੇ ਤੇ ਸਾਨੂੰ ਦੂਰ ਦੂਰ ਤਕ ਧਰਤੀ ਵਿਖਾਈ ਦਿੰਦੀ ਜਿਸ ਦੀ ਅਸੀਂ ਪਹਿਲਾਂ ਕਦੀ ਕਲਪਨਾ ਵੀ ਨਾ ਕੀਤੀ ਹੁੰਦੀ, ਸਾਨੂੰ ਦਰਿਆ ਵਿਖਾਈ ਦਿੰਦੇ, ਜਿਹੜੇ ਅਸੀਂ ਪਹਿਲਾਂ ਕਦੀ ਵੀ ਵੇਖੇ ਨਾ ਹੁੰਦੇ। ਦੂਰ ਵਹਿੰਦੇ ਦਰਿਆ ਚਾਂਦੀ ਦੀਆਂ ਪਤਲੀਆਂ ਤਾਰਾਂ


Academy of the Punjab in North America: http://www.apnaorg.com

ਵਰਗੇ ਲਗਦੇ। ਅਸੀਂ ਟਾਹਣੀਆਂ ਉਤੇ ਚੜ੍ਹ ਕੇ ਬੈਠੇ ਹੋਏ ਸੋਚਦੇ ਰਹਿੰਦੇ : ਕੀ ਇਹ ਹੀ ਧਰਤੀ ਦਾ ਸਿਰਾ ਹੈ ਜਾਂ ਇਸ ਤੋਂ ਅੱਗੇ ਵੀ ਇਸੇ ਤਰ੍ਹਾਂ ਦਾ ਅਕਾਸ਼ ਹੈ, ਇਸੇ ਤਰ੍ਹਾਂ ਦੇ ਬੱਦਲ ਹਨ, ਸਤੇਪੀਆਂ ਤੇ ਦਰਿਆ ਹਨ ? ਪੋਪਲਰ ਦੇ ਰੁੱਖਾਂ ਉੱਤੇ ਬੈਠੇ ਅਸੀਂ ਹਵਾਵਾਂ ਦੀਆਂ ਰਹੱਸਮਈ ਆਵਾਜ਼ਾਂ ਸੁਣਦੇ ਰਹਿੰਦੇ ਅਤੇ ਜਵਾਬ ਵਿਚ ਪੋਪਲਰਾਂ ਦੇ ਪੱਤੇ ਬੜੇ ਦੋਸਤਾਨਾ ਅੰਦਾਜ਼ ਵਿੱਚ ਸਰਗੋਸ਼ੀਆਂ ਕਰਦੇ। ਸਾਨੂੰ ਲਗਦਾ ਕਿ ਉਹ ਉਨ੍ਹਾਂ ਦਿਲ-ਖਿਚਵੇਂ, ਰਹੱਸਮਈ ਇਲਾਕਿਆਂ ਦੀ ਚਰਚਾ ਕਰ ਰਹੇ ਸਨ ਜਿਹੜੇ ਨੀਲੱਤਣ ਨਾਲ ਢੱਕੀਆਂ ਦੂਰੀਆਂ ਦੇ ਪਿਛੇ ਲੁਕੇ ਹੋਏ ਸਨ।

ਮੈਂ ਪੋਪਲਰਾਂ ਦੀ ਸ਼ਾਂ ਸ਼ਾਂ ਸੁਣਦਾ ਰਹਿੰਦਾ ਤੇ ਮੇਰਾ ਦਿਲ ਡਰ ਤੇ ਖ਼ੁਸ਼ੀ ਨਾਲ ਧੱਕ ਧੱਕ ਕਰਨ ਲੱਗ ਪੈਂਦਾ। ਤੇ ਇਸ ਅਨੰਤ ਸਰਸਰਾਹਟ ਨੂੰ ਸੁਣਦਿਆਂ ਮੈਂ ਉਨ੍ਹਾਂ ਅਣਡਿੱਠ ਦੂਰੀਆਂ ਦੇ ਸੁਪਨੇ ਲੈਂਦਾ ਰਹਿੰਦਾ। ਤੇ ਸ਼ਾਇਦ ਇੱਕ ਗੱਲ ਹੀ ਐਸੀ ਸੀ ਜਿਸ ਬਾਰੇ ਓਦੋਂ ਮੈਂ ਕੁੱਝ ਵੀ ਸੋਚਿਆ ਨਹੀਂ ਸੀ। ਉਹ ਇਹ ਸੀ ਕਿ ਇਹ ਦਰਖ਼ਤ ਕਿਸ ਨੇ ਲਾਏ ਸਨ। ਉਸ ਦੇ ਮਨ ਵਿਚ ਕੀ ਸੀ, ਉਸ ਜ਼ਬਾਨ ’ਤੇ ਉਦੋਂ ਕਿਹੜੇ ਲਫਜ਼ ਸਨ, ਜਦੋਂ ਉਸ ਨੇ ਇਨ੍ਹਾਂ ਨੂੰ ਲਾਇਆ ਸੀ, ਇਸ ਟਿਲੇ ਉੱਤੇ ਇਨ੍ਹਾਂ ਨੂੰ ਪਾਲਣ ਵਾਲੇ ਦੇ ਮਨ ਵਿਚ ਕੀ ਕੀ ਆਸਾਂ ਸਨ ?

ਸਾਡੇ ਪਿੰਡ ਦੇ ਲੋਕ ਇਸ ਟਿੱਲੇ ਨੂੰ, ਜਿਸ ਉੱਤੇ ਪੋਪਲਰ ਉੱਗੇ ਹੋਏ ਹਨ, ਕਿਸੇ ਕਾਰਨ “ਦੂਈਸ਼ੇਨ ਦਾ ਸਕੂਲ” ਆਖਿਆ ਕਰਦੇ ਸਨ। ਮੈਨੂੰ ਯਾਦ ਹੈ ਕਿ ਜੇ ਕਦੀ ਕਿਸੇ ਦਾ ਘੋੜਾ ਗੁਆਚ ਜਾਂਦਾ ਅਤੇ ਉਹ ਉਸ ਨੂੰ ਲੱਭਦਾ ਢੂੰਡਦਾ ਕਿਸੇ ਰਾਹੀ ਕੋਲੋਂ ਪੁੱਛਦਾ : “ਗੱਲ ਸੁਣੀਂ, ਤੂੰ ਕਿਤੇ ਮੇਰਾ ਘੋੜਾ ਤਾਂ ਨਹੀਂ ਵੇਖਿਆ ? ” ਤਾਂ ਉਸ ਨੂੰ ਅਕਸਰ ਇਹ ਜਵਾਬ ਮਿਲਦਾ :“ਔਥੇ, ਦੂਈਸ਼ੇਨ ਦੇ ਸਕੂਲ ਲਾਗੇ ਰਾਤੀਂ ਘੋੜਾ ਲੱਭ ਲਏਂ।” ਆਪਣੇ ਤੋਂ ਵੱਡਿਆਂ ਦੀ ਰੀਸੇ ਅਸੀਂ, ਮੁੰਡੇ ਵੀ ਬਿਨਾਂ ਸੋਚਿਆਂ-ਸਮਝਿਆਂ ਇਹੋ ਕਹਿੰਦੇ : “ਆਓ ਬੇਲੀਓ, ਦੂਈਸ਼ੇਨ ਦੇ ਸਕੂਲ ਚਲੀਏ, ਪੋਪਲਰ ਦੇ ਰੁੱਖਾਂ ’ਤੇ ਚੜ੍ਹ ਕੇ ਚਿੜੀਆਂ ਨੂੰ ਉਡਾਈਏ !”

ਲੋਕੀਂ ਦੱਸਿਆ ਕਰਦੇ ਸਨ ਕਿ ਕਿਸੇ ਜ਼ਮਾਨੇ ਵਿਚ ਇਸ ਟਿੱਲੇ ਉੱਤੇ ਇਕ ਸਕੂਲ ਹੋਇਆ ਕਰਦਾ ਸੀ। ਪਰ ਅਸੀਂ ਇਸ ਦੀ ਕੋਈ ਨਿਸ਼ਾਨੀ ਤੱਕ ਨਹੀਂ ਵੇਖੀ ਸੀ। ਬਚਪਨ ਵਿਚ ਮੈਂ ਇਸ ਦਾ ਕੋਈ ਖੰਡਰ ਲੱਭਣ ਦੀ ਬੜੀ ਕੋਸ਼ਿਸ਼ ਕਰਦਾ ਰਿਹਾ ਪਰ ਮੈਂ ਕੁੱਝ ਵੀ ਲੱਭ ਨਾ ਸਕਿਆ । ਫਿਰ ਮੈਨੂੰ ਇਹ ਗੱਲ ਬੜੀ ਅਜੀਬ ਜਿਹੀ ਲਗਦੀ ਸੀ ਕਿ ਹਰਿਆਲੀ-ਵਿਹੂਣੇ ਇਸ ਟਿੱਲੇ ਨੂੰ “ਦੂਈਸ਼ੇਨ ਦਾ ਸਕੂਲ” ਆਖਿਆ ਜਾਂਦਾ ਸੀ। ਮਗਰੋਂ ਮੈਂ ਬਜ਼ੁਰਗਾਂ ਕੋਲੋਂ ਪੁੱਛਿਆ ਕਿ ਦੂਈਸ਼ੇਨ ਕੌਣ ਸੀ। ਇਕ ਬਜ਼ੁਰਗ ਨੇ ਬਾਹਵਾਂ ਮਾਰਦਿਆਂ ਕਿਹਾ, “ਦੂਈਸ਼ੇਨ ਕੌਣ ਸੀ ! ਉਹੀ ਜਿਹੜਾ ਅਜੇ ਵੀ ਇਥੇ ਹੀ ਰਹਿੰਦੈ, ਲੰਡੀ ਭੇਡ ਵਾਲੇ ਕਬੀਲੇ ਵਿਚੋਂ ! ਇਹ ਬੜੀ ਪੁਰਾਣੀ ਗੱਲ ਆ ! ਉਦੋਂ ਦੂਈਸ਼ੇਨ ਕਮਸੋਮੋਲ ਦਾ ਮੈਂਬਰ ਹੁੰਦਾ ਸੀ। ਟਿੱਲੇ ਉਤੇ ਕਿਸੇ ਦੀ ਟੁੱਟੀ ਫੁੱਟੀ ਕੋਠੜੀ ਸੀ। ਦੂਈਸ਼ੇਨ ਨੇ ਉਥੇ ਇਕ ਸਕੂਲ ਖੋਲ੍ਹ ਲਿਆ ਸੀ, ਨਿਆਣਿਆਂ ਨੂੰ ਪੜ੍ਹਾਇਆ ਕਰਦਾ ਸੀ। ਉਹ ਵੀ ਕੋਈ ਸਕੂਲ ਸੀ, ਭਲਾ ? ਐਵੇਂ ਨਾਂ ਦਾ ਹੀ ਸਕੂਲ ਸੀ ! ਹੂੰਹ, ਕਿਹੋ ਜਿਹਾ ਜ਼ਮਾਨਾ ਸੀ ਉਹ ! ਓਦੋਂ ਜਿਹੜਾ ਕੋਈ ਵੀ


Academy of the Punjab in North America: http://www.apnaorg.com

ਘੋੜੇ ਦੀ ਸਵਾਰੀ ਕਰ ਲੈਂਦਾ, ਰਕਾਬ ਵਿਚ ਪੈਰ ਪਾ ਲੈਂਦਾ, ਉਹੀ ਆਪਣੇ ਆਪ ਨੂੰ ਚੌਧਰੀ ਸਮਝਣ ਲੱਗ ਪੈਂਦਾ। ਦੂਈਸ਼ੇਨ ਵੀ ਇਹੋ ਜਿਹਾਂ ਵਿਚੋਂ ਸੀ। ਜੋ ਮਨ ਵਿਚ ਆਉਂਦਾ, ਉਹੀ ਕਰਦਾ। ਹੁਣ ਤੇ ਉਸ ਕੋਠੜੀ ਦੀ ਕੋਈ ਇੱਟ ਵੀ ਨਹੀਂ ਰਹੀ! ਹਾਂ, ਉਹਦਾ ਨਾਂ ਅਜੇ ਵੀ ਦੂਈਸ਼ੇਨ ਹੀ ਵਜਦਾ ਏ..."

ਦੂਈਸ਼ੇਨ ਨੂੰ ਮੈਂ ਬੜਾ ਘਟ ਜਾਣਦਾ ਸਾਂ। ਮੈਨੂੰ ਚੇਤਾ ਹੈ ਕਿ ਉਹ ਅਧੇੜ ਉਮਰ ਦਾ, ਉੱਚਾ ਲੰਮਾ, ਬੇਡੌਲ ਜਿਹਾ ਆਦਮੀ ਸੀ, ਬਾਜ਼ ਵਰਗੇ ਲਮਕਦੇ ਭਰਵੱਟਿਆਂ ਵਾਲਾ। ਉਸ ਦਾ ਘਰ ਦਰਿਆ ਦੇ ਦੂਜੇ ਬੰਨੇ, ਦੂਸਰੇ ਬ੍ਰੀਗੇਡ ਦੀ ਗਲੀ ਵਿਚ ਸੀ। ਜਿਨ੍ਹੀਂ ਦਿਨੀਂ ਮੈਂ ਪਿੰਡ ਵਿਚ ਰਹਿੰਦਾ ਹੁੰਦਾ ਸਾਂ ਉਹ ਸਾਂਝੇ ਫ਼ਾਰਮ ਵਿਚ ਮੀਰ-ਆਬ* ਦਾ ਕੰਮ ਕਰਿਆ ਕਰਦਾ ਸੀ। ਉਹ ਹਰ ਵੇਲੇ ਖੇਤਾਂ ਵਿਚ ਹੀ ਰਹਿੰਦਾ ਸੀ। ਕਦੀ ਕਦੀ ਉਹ ਘੋੜੇ ਉਤੇ ਸਵਾਰ ਹੋ ਕੇ ਸਾਡੀ ਗਲੀ ਵਿਚੋਂ ਦੀ ਲੰਘਦਾ ਹੁੰਦਾ ਸੀ, ਘੋੜੇ ਦੀ ਕਾਠੀ ਨਾਲ ਕੇਟਮੇਨ** ਬੱਝਾ ਹੁੰਦਾ ਸੀ। ਘੋੜਾ ਵੀ ਆਪਣੇ ਮਾਲਕ ਵਾਂਗ ਹੱਡਲ ਤੇ ਪਤਲੀਆਂ ਲੱਤਾਂ ਵਾਲਾ ਸੀ। ਵਕਤ ਗੁਜ਼ਰਦਾ ਗਿਆ ਤੇ ਦੂਈਸ਼ੇਨ ਬੁੱਢਾ ਹੋ ਗਿਆ। ਲੋਕਾਂ ਦਾ ਕਹਿਣਾ ਹੈ ਕਿ ਬੁੱਢਾ ਹੋਣ ਉਤੇ ਉਹ ਡਾਕੀਏ ਦਾ ਕੰਮ ਕਰਨ ਲੱਗ ਪਿਆ ਸੀ। ਖੈਰ, ਇਹ ਤਾਂ ਐਵੇਂ ਗੱਲਾਂ ਵਿਚੋਂ ਗੱਲ ਨਿਕਲ ਆਈ। ਅਸਲ ਗੱਲ ਤਾਂ ਹੋਰ ਹੈ। ਉਨ੍ਹਾਂ ਦਿਨਾਂ ਵਿਚ, ਆਪਣੀ ਅਕਲ ਮੁਤਾਬਕ, ਮੈਂ ਸਮਝਦਾ ਸਾਂ ਕਿ ਕਮਸੋਮੋਲ ਦਾ ਮੈਂਬਰ ਕੰਮ ਕਰਨ ਵਿਚ ਤਗੜਾ ਹੁੰਦਾ ਸੀ, ਗੱਲਾਂ ਜੀਗਿਤਾਂ ਵਾਂਗ ਕਰਦਾ ਸੀ ਤੇ ਪਿੰਡ ਦਾ ਸਭ ਤੋਂ ਫੁਰਤੀਲਾ ਆਦਮੀ ਹੁੰਦਾ ਸੀ ਜਿਹੜਾ ਇਕੱਠਾਂ ਵਿਚ ਭਾਸ਼ਨ ਵੀ ਦੇ ਸਕਦਾ ਸੀ ਤੇ ਕੰਮਚੋਰਾਂ, ਲੁਟੇਰਿਆਂ ਬਾਰੇ ਅਖ਼ਬਾਰਾਂ ਵਿਚ ਲਿਖ ਵੀ ਸਕਦਾ ਸੀ। ਮੈਂ ਤਾਂ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦਾ ਸਾਂ ਕਿ ਇਹ ਦਾੜ੍ਹੀ ਵਾਲਾ, ਚੁਪ-ਰਹਿਣਾ ਆਦਮੀ ਕਦੀ ਕਮਸੋਮੋਲ ਦਾ ਮੈਂਬਰ ਰਿਹਾ ਸੀ। ਸਭ ਤੋਂ ਵਧ ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹ ਕਦੀ ਬੱਚਿਆਂ ਨੂੰ ਪੜ੍ਹਾਇਆ ਕਰਦਾ ਸੀ ਜਦ ਕਿ ਉਹ ਆਪ ਬਹੁਤ ਹੀ ਘੱਟ ਪੜ੍ਹਿਆ-ਲਿਖਿਆ ਸੀ। ਇਹ ਕਿਵੇਂ ਹੋ ਸਕਦਾ ਸੀ? ਇਹ ਗੱਲ ਮੇਰੇ ਦਿਮਾਗ ਵਿਚ ਬਿਲਕੁਲ ਨਹੀਂ ਬੈਠਦੀ ਸੀ। ਜੇ ਸੱਚੀ ਗੱਲ ਆਖਾਂ ਤਾਂ ਮੈਂ ਇਹ ਸਮਝਦਾ ਸਾਂ ਕਿ ਇਹ ਵੀ ਉਨ੍ਹਾਂ ਮਨਘੜਤ ਕਹਾਣੀਆਂ ਵਿਚੋਂ ਹੀ ਇਕ ਹੋਵੇਗੀ ਜਿਹੜੀਆਂ ਸਾਡੇ ਪਿੰਡ ਵਿਚ ਬੜੀਆਂ ਪ੍ਰਚਲਤ ਸਨ। ਪਰ ਅਸਲ ਗੱਲ ਇਸ ਤੋਂ ਬਿਲਕੁਲ ਉਲਟ ਨਿਕਲੀ...

ਪਿਛਲੀ ਪਤਝੜ ਰੁੱਤੇ ਮੈਨੂੰ ਪਿੰਡੋਂ ਇਕ ਤਾਰ ਆਈ ਸੀ। ਪਿੰਡ-ਵਾਸੀਆਂ ਨੇ ਮੈਨੂੰ ਇਕ ਨਵੇਂ ਸਕੂਲ ਦੇ ਉਦਘਾਟਨ ਸਮਾਰੋਹ ਵਿਚ ਹਿੱਸਾ ਲੈਣ ਵਾਸਤੇ ਸੱਦਿਆ ਸੀ। ਇਹ ਸਕੂਲ ਸਾਂਝੇ ਫ਼ਾਰਮ ਨੇ ਆਪਣੇ ਹੀ ਵਸੀਲਿਆਂ ਨਾਲ ਬਣਾਇਆ ਸੀ। ਮੈਂ ਜਾਣ ਦਾ ਫੈਸਲਾ ਕਰਨ ਵਿਚ ਢਿੱਲ ਨਾ ਕੀਤੀ। ਮੇਰੇ ਵਾਸਤੇ ਇਹ ਗੱਲ ਮੁਮਕਿਨ ਨਹੀਂ ਸੀ ਕਿ ਸਾਡੇ ਪਿੰਡ ਲਈ ਏਨੇ ਖੁਸ਼ੀਭਰੇ ਮੌਕੇ ਉੱਤੇ ਮੈਂ ਘਰ ਹੀ ਬੈਠਾ ਰਹਾਂ! ਏਨਾ ਹੀ ਨਹੀਂ, ਮੈਂ ਕੁਝ ਦਿਨ ਪਹਿਲਾਂ ਹੀ ਚਲੇ ਜਾਣ ਦਾ ਮਨ ਬਣਾ ਲਿਆ। ਮੈਂ ਸੋਚਿਆ ਕਿ ਉਥੇ ਘੁੰਮਾਂ-

* ਸਿੰਜਾਈ ਸਿਲਸਿਲੇ ਦਾ ਨਿਗਰਾਨ।

** ਕਹੀ ਵਰਗਾ ਖੇਤੀਬਾੜੀ ਦਾ ਸੰਦ।



Academy of the Punjab in North America: http://www.apnaorg.com

ਫਿਰਾਂਗਾ, ਕੁੱਝ ਵੇਖਾਂਗਾ, ਨਵੇਂ ਰੇਖਾ-ਚਿੱਤਰ ਬਣਾਵਾਂਗਾ। ਪਤਾ ਲੱਗਾ ਕਿ ਸੱਦੇ ਗਏ ਮਹਿਮਾਨਾਂ ਵਿਚ ਅਕਾਦਮੀਸ਼ਨ ਸੁਲੇਮਾਨੋਵਾ ਵੀ ਸੀ। ਮੈਨੂੰ ਦਸਿਆ ਗਿਆ ਕਿ ਉਹ ਇਕ-ਦੋ ਦਿਨ ਉਥੇ ਰਹੇਗੀ ਤੇ ਫਿਰ ਉਥੋਂ ਸਿਧੀ ਹੀ ਮਾਸਕੋ ਚਲੀ ਜਾਵੇਗੀ।

ਮੈਂ ਜਾਣਦਾ ਸਾਂ ਕਿ ਇਸ ਵਕਤ ਇਹ ਪ੍ਰਸਿੱਧ ਔਰਤ ਬਚਪਨ ਵਿਚ ਸਾਡੇ ਪਿੰਡ ਵਿਚੋਂ ਹੀ ਸ਼ਹਿਰ ਚਲੀ ਗਈ ਸੀ। ਸ਼ਹਿਰ ਵਿਚ ਰਹਿਣ ਕਰਕੇ ਮੈਂ ਉਸ ਨੂੰ ਮਿਲਿਆ ਹੋਇਆ ਸਾਂ। ਉਹ ਵੱਡੀ ਉਮਰ ਦੀ ਸੀ, ਉਸ ਦਾ ਸਰੀਰ ਭਰਵਾਂ ਸੀ ਤੇ ਕੱਸ ਕੇ ਗੁੰਦੇ ਹੋਏ ਵਾਲਾਂ ਵਿਚੋਂ ਧੌਲੇ ਚਮਕ ਰਹੇ ਸਨ। ਸਾਡੇ ਪਿੰਡ ਦੀ ਇਹ ਉੱਘੀ ਔਰਤ ਯੂਨੀਵਰਸਿਟੀ ਵਿਚ ਇਕ ਵਿਭਾਗ ਦੀ ਮੁਖੀ ਸੀ। ਉਹ ਫਲਸਫਾ ਪੜ੍ਹਾਇਆ ਕਰਦੀ ਸੀ, ਅਕਾਦਮੀ ਵਿਚ ਕੰਮ ਕਰਦੀ ਸੀ ਤੇ ਅਕਸਰ ਵਿਦੇਸ਼ਾਂ ਦੇ ਚੱਕਰ ਮਾਰਦੀ ਰਹਿੰਦੀ ਸੀ। ਮੁੱਕਦੀ ਗੱਲ ਇਹ ਕਿ ਉਹ ਬੜੀ ਰੁੱਝੀ ਰਹਿੰਦੀ ਸੀ, ਇਸ ਲਈ ਮੈਂ ਉਸ ਨਾਲ ਬਹੁਤੀ ਨੇੜਵੀਂ ਜਾਣ-ਪਛਾਣ ਨਾ ਕਰ ਸਕਿਆ। ਫਿਰ ਵੀ ਜਦੋਂ ਕਦੀ ਅਸੀਂ ਮਿਲਦੇ ਤਾਂ ਉਹ ਪਿੰਡ ਦਾ ਹਾਲ-ਚਾਲ ਪੁੱਛਦੀ ਅਤੇ ਮੇਰੀਆਂ ਤਸਵੀਰਾਂ ਬਾਰੇ ਵੀ ਇਕ ਦੋ ਗੱਲਾਂ ਜ਼ਰੂਰ ਹੀ ਕਹਿ ਦਿੰਦੀ। ਇੱਕ ਵਾਰ ਮੈਂ ਉਸ ਨੂੰ ਇਹ ਗੱਲ ਕਹਿਣ ਦਾ ਮਨ ਬਣਾਇਆ:

"ਅਲਤਿਨਾਈ ਸੁਲੇਮਾਨੋਵਨਾ, ਜੇ ਤੁਸੀਂ ਪਿੰਡ ਦਾ ਚੱਕਰ ਲਾ ਆਓ ਤਾਂ ਬੜਾ ਚੰਗਾ ਹੋਵੇ। ਪਿੰਡ ਵਾਲਿਆਂ ਨੂੰ ਮਿਲ ਗਿਲ ਆਓ। ਉਥੇ ਸਭ ਲੋਕ ਤੁਹਾਨੂੰ ਜਾਣਦੇ ਨੇ, ਉਹਨਾਂ ਨੂੰ ਤੁਹਾਡੇ ਉਤੇ ਬੜਾ ਮਾਣ ਏ। ਪਰ ਉਹ ਤੁਹਾਨੂੰ ਸੁਣੀਆਂ ਸੁਣਾਈਆਂ ਗੱਲਾਂ ਤੋਂ ਹੀ ਜਾਣਦੇ ਨੇ। ਉਹ ਕਹਿੰਦੇ ਨੇ ਕਿ ਸਾਡੀ ਮੰਨੀ-ਪ੍ਰਮੰਨੀ ਸਾਇੰਸਦਾਨ ਔਰਤ ਤਾਂ ਜਿਵੇਂ ਪਿੰਡ ਦਾ ਰਾਹ ਹੀ ਭੁੱਲ ਗਈ ਹੋਵੇ, ਉਹ ਸਾਥੋਂ ਦੂਰ ਰਹਿਣਾ ਚਾਹੁੰਦੀ ਏ।"

"ਹਾਂ, ਜਾਣਾ ਤਾਂ ਜ਼ਰੂਰ ਚਾਹੀਦੈ," ਉਦੋਂ ਅਲਤਿਨਾਈ ਸੁਲੇਮਾਨੋਵਨਾ ਨੇ ਉਦਾਸ ਮੁਸਕਾਨ ਸੁੱਟਦਿਆਂ ਆਖਿਆ ਸੀ। "ਮੈਂ ਆਪ ਚਿਰੋਕਣਾ ਕੁਰਕੂਰੇਊ ਜਾਣਾ ਚਾਹੁੰਦੀ ਸਾਂ। ਮੁੱਦਤਾਂ ਹੋ ਗਈਆਂ ਪਿੰਡ ਗਿਆਂ। ਇਹ ਠੀਕ ਏ ਕਿ ਮੇਰੇ ਸਕੇ-ਸੰਬੰਧੀ ਪਿੰਡ ਵਿਚ ਨਹੀਂ ਰਹੇ। ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਮੈਨੂੰ ਜ਼ਰੂਰ ਹੀ ਜਾਣਾ ਚਾਹੀਦੈ, ਆਪਣੀ ਮਾਤ-ਭੂਮੀ ਦੇ ਦਰਸ਼ਨ ਕਰਨ ਨੂੰ ਮੇਰਾ ਵੀ ਦਿਲ ਤੜਫ਼ਦਾ ਏ।"

...ਅਕਾਦਮੀਸ਼ਨ ਸੁਲੇਮਾਨੋਵਾ ਪਿੰਡ ਉਦੋਂ ਅਪੜੀ ਜਦੋਂ ਸਕੂਲ ਵਿਚ ਜਸ਼ਨੀ ਸਮਾਗਮ ਸ਼ੁਰੂ ਹੋਣ ਹੀ ਵਾਲਾ ਸੀ। ਸਹਿਕਾਰੀ ਕਿਸਾਨਾਂ ਨੇ ਬਾਰੀ ਥਾਣੀਂ ਹੀ ਉਸ ਦੀ ਕਾਰ ਆਉਂਦੀ ਵੇਖ ਲਈ ਸੀ। ਸਾਰੇ ਜਣੇ ਬਾਹਰ ਨਿਕਲ ਕੇ ਜਮ੍ਹਾਂ ਹੋ ਗਏ। ਜਾਣੇ ਤੇ ਅਣਜਾਣੇ, ਬੁੱਢੇ ਤੇ ਬੱਚੇ—ਸਭ ਹੀ ਉਸ ਨਾਲ ਹੱਥ ਮਿਲਾਉਣ ਲਈ ਉਤਾਵਲੇ ਸਨ। ਅਲਤਿਨਾਈ ਸਲੇਮਾਨੋਵਨਾ ਨੂੰ, ਸ਼ਾਇਦ, ਏਨੇ ਨਿੱਘੇ ਸਵਾਗਤ ਦੀ ਆਸ ਨਹੀਂ ਸੀ, ਅਤੇ ਮੈਨੂੰ ਲੱਗਾ ਕਿ ਉਹ ਕੁਝ ਘਬਰਾ ਰਹੀ ਸੀ। ਛਾਤੀ ਉਤੇ ਹੱਥ ਧਰ ਕੇ ਉਸ ਨੇ ਝੁਕ ਝੁਕ ਕੇ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ ਤੇ ਬੜੀ ਮੁਸ਼ਕਲ ਨਾਲ ਸਟੇਜ 'ਤੇ ਪ੍ਰਧਾਨਗੀ-ਮੰਡਲ ਤੱਕ ਪਹੁੰਚ ਸਕੀ।

ਅਲਤਿਨਾਈ ਸੁਲੇਮਾਨੋਵਨਾ ਦੀ ਜ਼ਿੰਦਗੀ ਵਿਚ ਕਈ ਐਸੇ ਮੌਕੇ ਆਏ ਹੋਣਗੇ ਜਦੋਂ ਉਸ ਨੇ ਛੋਟੇ-ਵੱਡੇ ਜਲਸਿਆਂ, ਸਮਾਰੋਹਾਂ ਵਿਚ ਹਿੱਸਾ ਲਿਆ ਹੋਵੇਗਾ ਅਤੇ ਉਸ ਦਾ


Academy of the Punjab in North America: http://www.apnaorg.com

ਆਦਰ ਸਤਿਕਾਰ ਕੀਤਾ ਗਿਆ ਹੋਵੇਗਾ, ਪਰੰਤੂ ਇੱਥੇ, ਮਾਮੂਲੀ ਜਿਹੇ ਪੇਂਡੂ ਸਕੂਲ ਵਿਚ, ਆਪਣੇ ਪਿੰਡ-ਵਾਸੀਆਂ ਵੱਲੋਂ ਮਿਲੇ ਏਨੇ ਨਿੱਘ ਕਾਰਨ ਉਹ ਬੜੀ ਭਾਵਕ ਹੋ ਗਈ ਸੀ, ਉਸ ਦਾ ਦਿਲ ਟੁੰਬਿਆ ਗਿਆ ਸੀ ਤੇ ਉਹ ਆਪਣੀਆਂ ਅੱਖਾਂ ਵਿਚੋਂ ਬਦੋਬਦੀ ਵਹਿ ਰਹੇ ਅਥਰੂਆਂ ਨੂੰ ਰੋਕਣ, ਛਿਪਾਉਣ ਦੇ ਵਿਅਰਥ ਯਤਨ ਕਰ ਰਹੀ ਸੀ।

ਜਲਸੇ ਦੀ ਸਮਾਪਤੀ ਮਗਰੋਂ ਬਾਲ-ਪਾਇਨੀਅਰਾਂ ਨੇ ਆਪਣੇ ਪਿਆਰੇ ਮਹਿਮਾਨ ਦੇ ਗਲ ਵਿਚ ਲਾਲ ਪਾਇਨੀਅਰ ਰੁਮਾਲ ਬੰਨ੍ਹਿਆ, ਉਸ ਨੂੰ ਫੁੱਲ ਭੇਂਟ ਕੀਤੇ ਅਤੇ ਨਵੇਂ ਸਕੂਲ ਦੀ ਅਭਿਨੰਦਨ-ਪੋਥੀ ਉਸ ਦੇ ਨਾਂ 'ਤੇ ਖੋਲ੍ਹੀ। ਇਸ ਮਗਰੋਂ ਸਕੂਲ ਦੀ ਸ਼ੌਕੀਆ ਕਲਾ-ਮੰਡਲੀ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਜੋ ਬੜਾ ਦਿਲਚਸਪ ਤੇ ਸਜੀਵ ਸੀ। ਇਸ ਦੇ ਬਾਅਦ ਸਕੂਲ ਦੇ ਡਾਇਰੈਕਟਰ ਨੇ ਮਹਿਮਾਨਾਂ, ਅਧਿਆਪਕਾਂ ਤੇ ਸਾਂਝੇ ਫਾਰਮ ਦੇ ਉੱਦਮੀ ਕਾਮਿਆਂ—ਸਭਨਾਂ ਨੂੰ ਆਪਣੇ ਘਰ ਆਉਣ ਦਾ ਸੱਦਾ ਦਿੱਤਾ।

ਅਤੇ ਉਥੇ ਵੀ ਅਲਤਿਨਾਈ ਸੁਲੇਮਾਨੋਵਨਾ ਦੇ ਆਗਮਨ ਉਤੇ ਲੋਕ ਖੁਸ਼ੀ ਨਾਲ ਫੁਲੇ ਨਹੀਂ ਸਮਾ ਰਹੇ ਸਨ। ਉਸ ਨੂੰ ਕਾਲੀਨਾਂ ਨਾਲ਼ ਸਜਾਈ ਗਈ ਸਭ ਤੋਂ ਸਨਮਾਨ-ਪੂਰਨ ਜਗ੍ਹਾ 'ਤੇ ਬਿਠਾਇਆ ਗਿਆ। ਹਰ ਕੋਈ ਉਸ ਲਈ ਆਪਣਾ ਆਦਰ-ਭਾਵ ਪ੍ਰਗਟ ਕਰਨਾ ਚਾਹੁੰਦਾ ਸੀ। ਜਿਹਾ ਕਿ ਅਜਿਹੇ ਮੌਕਿਆਂ ਉਤੇ ਅਕਸਰ ਹੁੰਦਾ ਹੈ, ਬੜੀ ਘੜਮੱਸ ਮੱਚੀ ਹੋਈ ਸੀ, ਜੋਸ਼ ਵਿਚ ਆਏ ਹੋਏ ਲੋਕ ਗੱਲਾਂ ਕਰ ਰਹੇ ਸਨ, ਸਿਹਤ ਦੇ ਜਾਮ ਪੀਤੇ ਜਾ ਰਹੇ ਸਨ। ਉਸੇ ਵੇਲੇ ਪਿੰਡ ਦਾ ਇਕ ਮੁੰਡਾ ਆਇਆ ਅਤੇ ਤਾਰਾਂ ਦੀ ਇਕ ਦੱਥੀ ਘਰ ਦੇ ਮਾਲਕ ਨੂੰ ਫੜਾ ਦਿੱਤੀ। ਲੋਕਾਂ ਨੇ ਤਾਰਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ—ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੇ ਆਪਣੇ ਪਿੰਡ-ਵਾਸੀਆਂ ਨੂੰ ਨਵਾਂ ਸਕੂਲ ਖੁਲ੍ਹਣ ਉਤੇ ਵਧਾਈਆਂ ਦੇ ਸੁਨੇਹੇ ਭੇਜੇ ਸਨ।

"ਗੱਲ ਸੁਣ, ਇਹ ਤਾਰਾਂ ਬੁੱਢਾ ਦੂਈਸ਼ੇਨ ਲੈ ਕੇ ਆਇਐ ? " ਡਾਇਰੈਕਟਰ ਨੇ ਪੁੱਛਿਆ।

"ਹਾਂ ਜੀ," ਮੁੰਡੇ ਨੇ ਜਵਾਬ ਦਿੱਤਾ। "ਉਹਦਾ ਕਹਿਣੈ ਕਿ ਉਹ ਸਾਰਾ ਰਾਹ ਛਾਂਟੇ ਮਾਰ ਮਾਰ ਘੋੜੇ ਨੂੰ ਸਰਪਟ ਦੌੜਾਉਂਦਾ ਆਇਐ। ਉਹ ਚਾਹੁੰਦਾ ਸੀ ਕਿ ਜਲਸਾ ਮੁੱਕਣ ਤੋਂ ਪਹਿਲਾਂ ਪਹਿਲਾਂ ਤਾਰਾਂ ਲੋਕਾਂ ਦੇ ਸਾਮ੍ਹਣੇ ਪੜ੍ਹ ਕੇ ਸੁਣਾਈਆਂ ਜਾਣ। ਪਰ ਅਕਸਾਕਾਲ* ਨੂੰ ਥੋੜ੍ਹੀ ਜਿੰਨੀ ਦੇਰ ਹੋ ਗਈ ਏ ਤੇ ਇਸ ਗੱਲੋਂ ਉਹ ਬੜਾ ਦੁਖੀ ਏ।"

"ਪਰ ਉਹ ਬਾਹਰ ਕਿਉਂ ਖਲੋਤੈ, ਉਹਨੂੰ ਅੰਦਰ ਲੈ ਆ!"

ਮੁੰਡਾ ਦੂਈਸ਼ੇਨ ਨੂੰ ਸੱਦਣ ਚਲਾ ਗਿਆ। ਮੇਰੇ ਲਾਗੇ ਬੈਠੀ ਹੋਈ ਅਲਤਿਨਾਈ ਸੁਲੇਮਾਨੋਵਨਾ ਕਿਸੇ ਕਾਰਨ ਬੇਚੈਨ ਹੋ ਉੱਠੀ ਅਤੇ ਕੁੱਝ ਅਜੀਬ ਜਿਹੇ ਤਰੀਕੇ ਨਾਲ ਉਸ ਨੂੰ ਜਿਵੇਂ ਅਚਾਨਕ ਹੀ ਕੋਈ ਗੱਲ ਯਾਦ ਆ ਗਈ ਹੋਵੇ, ਮੇਰੇ ਕੋਲੋਂ ਪੁੱਛਣ ਲੱਗੀ ਕਿ ਇਹ ਦੂਈਸ਼ੇਨ ਕੌਣ ਸੀ ਜਿਸ ਦੀਆਂ ਗੱਲਾਂ ਹੋ ਰਹੀਆਂ ਸਨ।

"ਇਹ ਸਾਂਝੇ ਫਾਰਮ ਦਾ ਡਾਕੀਆ ਏ, ਅਲਤਿਨਾਈ ਸੁਲੇਮਾਨੋਵਨਾ। ਤੁਸੀਂ ਇਸ ਬੁੱਢੇ ਦੂਈਸ਼ੇਨ ਨੂੰ ਜਾਣਦੇ ਹੋ ? "

---

*** ਅਕਸਾਕਾਲ—** ਆਦਰਯੋਗ ਬਜ਼ੁਰਗ।



Academy of the Punjab in North America: http://www.apnaorg.com

ਉਸ ਨੇ ਅਨਿਸ਼ਚਤ ਲਹਿਜੇ ਨਾਲ ਸਿਰ ਹਿਲਾਇਆ, ਗਲੀਚੇ ਉੱਤੋਂ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਐਨ ਉਸੇ ਵੇਲੇ ਬਾਰੀ ਲਾਗੇ ਘੋੜੇ ਦੇ ਸੁੰਮਾਂ ਦੀ ਟਾਪ ਸੁਣਾਈ ਦਿੱਤੀ, ਤੇ ਮੁੰਡੇ ਨੇ ਵਾਪਸ ਆ ਕੇ ਮੇਜ਼ਬਾਨ ਨੂੰ ਦੱਸਿਆ:

"ਮੈਂ ਉਹਨੂੰ ਅੰਦਰ ਆਉਣ ਲਈ ਆਖਿਆ, ਪਰ ਉਹ ਨਹੀਂ ਮੰਨਿਆ। ਉਹਨੇ ਅਜੇ ਹੋਰ ਚਿੱਠੀਆਂ ਵੀ ਵੰਡਣੀਆਂ ਨੇ।"

"ਚਲੋ ਵੰਡਣ ਦਿਓ, ਰੋਕਣ ਦਾ ਕੀ ਲਾਭ। ਮਗਰੋਂ ਆਪਣੇ ਬੁੱਢੇ ਬੇਲੀਆਂ ਨਾਲ ਜਾ ਬੈਠੇਗਾ।" ਕਿਸੇ ਨੇ ਬੜ ਬੜ ਕੀਤੀ।

"ਵੇਖੋ ਭਈ, ਤੁਹਾਨੂੰ ਦੂਈਸ਼ੇਨ ਦਾ ਕੋਈ ਪਤਾ ਨਹੀਂ। ਕਾਨੂੰਨ ਦਾ ਬੜਾ ਪਾਬੰਦ ਏ। ਜਦ ਤਕ ਆਪਣਾ ਕੰਮ ਮੁਕਾ ਨਹੀਂ ਲੈਂਦਾ ਹੋਰ ਕਿਸੇ ਚੀਜ਼ ਵੱਲ ਧਿਆਨ ਨਹੀਂ ਦੇਂਦਾ।"

"ਹਾਂ, ਉਹ ਸਚਮੁੱਚ ਹੀ ਅਜੀਬ ਆਦਮੀ ਏ। ਜੰਗ ਮਗਰੋਂ ਹਸਪਤਾਲ ਵਿਚੋਂ ਛੁੱਟੀ ਮਿਲੀ। ਇਹ ਗੱਲ ਯੂਕਰੇਨ ਵਿਚ ਵਾਪਰੀ ਸੀ ਤੇ ਉਹ ਉਥੇ ਹੀ ਰਹਿਣ ਲੱਗ ਪਿਆ। ਬੱਸ ਪੰਜ-ਕੁ ਸਾਲ ਹੋਏ ਨੇ ਇਥੇ ਵਾਪਸ ਆਏ ਨੂੰ। ਕਹਿੰਦੇ ਨੇ ਕਿ ਆਪਣੀ ਜਨਮ-ਭੌਂ ਵਿਚ ਸੁਵਾਸ ਤਿਆਗਣੇ ਚਾਹੁੰਦੈ। ਸਾਰੀ ਉਮਰ ਕੱਲਾ ਕਾਰਾ ਹੀ ਰਿਹੈ ਤੇ ਹੁਣ ਵੀ ਕੱਲਾ ਹੀ ਏ..."

"ਪਰ ਫਿਰ ਵੀ ਚੰਗਾ ਹੀ ਸੀ ਜੇ ਹੁਣ ਆ ਜਾਂਦਾ... ਚਲੋ, ਏਵੇਂ ਹੀ ਠੀਕ ਏ..." ਮੇਜ਼ਬਾਨ ਨੇ ਹੱਥ ਮਾਰਿਆ।

ਪਿੰਡ ਦੇ ਇਕ ਪਤਵੰਤੇ ਸੱਜਣ ਨੇ, ਜਿਹੜਾ ਗਲੀਚੇ ਉਤੇ ਦਸਤਰਖ਼ਾਨ ਦੇ ਸਿਰੇ ਉਤੇ ਬੈਠਾ ਸੀ, ਆਪਣਾ ਜਾਮ ਉਠਾਇਆ ਤੇ ਆਖਿਆ : "ਸਾਥੀਓ, ਤੁਹਾਡੇ ਵਿਚੋਂ ਕਿਸੇ ਨੂੰ ਯਾਦ ਹੋਵੇਗਾ ਕਿ ਅਸੀਂ ਦੂਈਸ਼ੇਨ ਦੇ ਸਕੂਲ ਵਿਚ ਪੜ੍ਹਦੇ ਹੁੰਦੇ ਸਾਂ। ਪਰ ਉਹਨੂੰ ਆਪ ਨੂੰ ਤਾਂ ਸ਼ਾਇਦ ਪੂਰੀ ਅੱਖਰ-ਮਾਲ਼ਾ ਵੀ ਨਹੀਂ ਆਉਂਦੀ ਸੀ।" ਇਹ ਕਹਿੰਦੀਆਂ ਬੁਲਾਰੇ ਨੇ ਅੱਖਾਂ ਬੰਦ ਕਰ ਕੇ ਸਿਰ ਹਿਲਾਇਆ। ਉਸ ਦੇ ਚਿਹਰੇ ਉਤੇ ਹੈਰਾਨੀ ਤੇ ਵਿਅੰਗ ਦੀ ਝਲਕ ਸੀ।

"ਗੱਲ ਠੀਕ ਏ, ਸਚਮੁਚ ਏਵੇਂ ਹੀ ਸੀ।" ਕੁੱਝ ਲੋਕ ਇਕੱਠੇ ਹੀ ਬੋਲ ਪਏ।

ਸਾਰੇ ਲੋਕ ਹੱਸਣ ਲੱਗ ਪਏ।

"ਆਖਣ ਵਾਲੀ ਗੱਲ ਹੀ ਕਿਹੜੀ ਏ! ਤੇ ਓਦੋਂ ਦੂਈਸ਼ੇਨ ਕਿਹੜੀਆਂ ਕਿਹੜੀਆਂ ਸਕੀਮਾਂ ਲੜਾਉਂਦਾ ਹੁੰਦਾ ਸੀ! ਪਰ ਅਸੀਂ ਤਾਂ ਸਚਮੁੱਚ ਹੀ ਉਸ ਨੂੰ ਆਪਣਾ ਅਧਿਆਪਕ ਸਮਝਦੇ ਰਹੇ ਸਾਂ।"

ਜਦ ਹਾਸਾ-ਮਖ਼ੌਲ ਕੁਝ ਰੁਕਿਆ ਤਾਂ ਉਸ ਸੱਜਣ ਨੇ, ਜਿਸ ਨੇ ਆਪਣਾ ਜਾਮ ਉਠਾਈ ਰਖਿਆ ਸੀ, ਆਪਣੀ ਗੱਲ ਜਾਰੀ ਰਖਦਿਆਂ ਕਿਹਾ :

"ਪਰ ਹੁਣ ਲੋਕ, ਸਾਡੇ ਵੇਖਦਿਆਂ ਵੇਖਦਿਆਂ ਹੀ ਕਿਤੇ ਦੇ ਕਿਤੇ ਪਹੁੰਚ ਗਏ ਨੇ। ਅਕਾਦਮੀਸ਼ਨ ਅਲਤਿਨਾਈ ਨੂੰ ਸਾਰਾ ਮੁਲਕ ਜਾਣਦੈ। ਅਸੀਂ ਲਗਭਗ ਸਾਰਿਆਂ ਨੇ ਹੀ ਦਰਮਿਆਨੀ ਤਾਲੀਮ ਹਾਸਲ ਕੀਤੀ ਏ, ਕਈਆਂ ਨੇ ਤਾਂ ਇਸ ਤੋਂ ਵੀ ਉੱਚੀ ਤਾਲੀਮ ਪ੍ਰਾਪਤ ਕੀਤੀ ਏ। ਹੁਣ ਅਸੀਂ ਆਪਣੇ ਪਿੰਡ ਵੀ ਮਿਡਲ ਸਕੂਲ ਖੋਲ੍ਹ ਦਿਤੈ। ਇਹ ਗੱਲ


Academy of the Punjab in North America: http://www.apnaorg.com

ਹੀ ਦਰਸਾਉਂਦੀ ਏ ਕਿ ਜ਼ਿੰਦਗੀ ਕਿੰਨੀ ਬਦਲ ਗਈ ਏ। ਸੋ ਆਓ, ਮੇਰੇ ਪਿੰਡ-ਵਾਸਿਓ, ਕੁਰਕੂਰੇਊ ਦੇ ਸਪੂਤਾਂ ਤੇ ਸਪੁਤਰੀਆਂ ਲਈ ਜਾਮ ਪੀਂਦੇ ਹਾਂ ਤਾਂ ਜੋ ਉਹ ਆਪਣੇ ਜ਼ਮਾਨੇ ਦੇ ਸਭ ਤੋਂ ਤਰੱਕੀਪਸੰਦ ਲੋਕ ਬਣਨ!"

ਫਿਰ ਸਾਰੇ ਜਣੇ ਵਾਹ ਵਾਹ ਕਰ ਉੱਠੇ ਤੇ ਉਨ੍ਹਾਂ ਨੇ ਮਿਲ ਕੇ ਜਾਮ ਦੀ ਹਾਮੀ ਭਰੀ। ਪਰ ਅਲਤਿਨਾਈ ਸੁਲੇਮਾਨੋਵਨਾ ਦੇ ਚਿਹਰੇ ਉਤੇ ਲਾਲੀ ਦੌੜ ਗਈ, ਉਹ ਕਿਸੇ ਕਾਰਨ ਪਰੇਸ਼ਾਨ ਹੋ ਗਈ ਸੀ। ਉਸ ਨੇ ਜਾਮ ਨੂੰ ਆਪਣੇ ਬੁਲ੍ਹਾਂ ਨਾਲ ਬੱਸ ਛੁਹਾਇਆ ਹੀ ਸੀ। ਪਰ ਜਸ਼ਨ ਦੀ ਖੁਸ਼ੀ ਤੇ ਗੱਲਾਂਬਾਤਾਂ ਦੇ ਰੌਲੇ ਵਿਚ ਲੋਕਾਂ ਨੇ ਉਸ ਦੇ ਮਨ ਦੀ ਹਾਲਤ ਵੱਲ ਧਿਆਨ ਨਾ ਦਿੱਤਾ।

ਅਲਤਿਨਾਈ ਨੇ ਕਈ ਵਾਰੀ ਆਪਣੀ ਗੁੱਟ-ਘੜੀ ਵੱਲ ਵੇਖਿਆ। ਤੇ ਮਗਰੋਂ, ਜਦੋਂ ਲੋਕ ਬਾਹਰ ਨਿਕਲ ਗਏ ਸਨ, ਮੈਂ ਡਿੱਠਾ ਕਿ ਉਹ ਸਾਰਿਆਂ ਤੋਂ ਦੂਰ ਹਟਵੀਂ ਹੋ ਕੇ ਨਹਿਰ ਲਾਗੇ ਖਲੋਤੀ ਉਸ ਟਿੱਲੇ ਵੱਲ ਟਿਕਟਿਕੀ ਲਾ ਕੇ ਵੇਖ ਰਹੀ ਸੀ ਜਿਥੇ ਪਤਝੜ ਕਾਰਨ ਲਾਲ ਹੋਏ ਪੱਤਿਆਂ ਵਾਲ਼ੇ ਪੋਪਲਰ ਹਵਾ ਵਿਚ ਝੂਮ ਰਹੇ ਸਨ। ਦੂਰ ਧੁੰਦਲਕੇ ਵਿਚ ਡੁੱਬੀ ਸਤੇਪੀ ਦੀ ਬੈਂਗਨੀ ਸੀਮਾਰੇਖਾ ਉਤੇ ਸੂਰਜ ਡੁੱਬ ਰਿਹਾ ਸੀ। ਉਸ ਦੀ ਨਿੰਮ੍ਹੀ ਹੋ ਰਹੀ ਰੌਸ਼ਨੀ ਪੋਪਲਰਾਂ ਦੀਆਂ ਟੀਸੀਆਂ ਉਤੇ ਪੈ ਰਹੀ ਸੀ ਜਿਸ ਦੀ ਨਿਰਜੀਵ ਜਿਹੀ ਲਾਲੀ ਉਦਾਸੀ ਦਾ ਮਾਹੌਲ ਪੈਦਾ ਕਰ ਰਹੀ ਸੀ।

ਮੈਂ ਅਲਤਿਨਾਈ ਸੁਲੇਮਾਨੋਵਨਾ ਦੇ ਲਾਗੇ ਗਿਆ।

"ਹੁਣ ਤਾਂ ਇਨ੍ਹਾਂ ਦੇ ਪੱਤੇ ਝੜਦੇ ਜਾਂਦੇ ਨੇ, ਪਰ ਜੇ ਕਦੀ ਬਹਾਰ ਵਿਚ ਇਥੇ ਆਓ ਤੇ ਇਨ੍ਹਾਂ ਪੋਪਲਰਾਂ ਨੂੰ ਜੋਬਨ ਤੇ ਆਏ ਹੋਏ ਵੇਖੋ," ਮੈਂ ਉਸ ਨੂੰ ਆਖਿਆ।

"ਮੈਂ ਵੀ ਇਹੋ ਸੋਚ ਰਹੀ ਹਾਂ," ਅਲਤਿਨਾਈ ਸੁਲੇਮਾਨੋਵਨਾ ਨੇ ਡੂੰਘਾ ਹੌਕਾ ਲਿਆ, ਪਲ-ਕੁ ਚੁੱਪ ਰਹੀ ਤੇ ਫਿਰ ਇਸ ਤਰ੍ਹਾਂ ਬੋਲੀ ਜਿਵੇਂ ਆਪਣੇ ਆਪ ਨਾਲ ਹੀ ਗੱਲਾਂ ਕਰ ਰਹੀ ਹੋਵੇ, "ਹਾਂ, ਹਰ ਜੀਊਂਦੀ ਸ਼ੈ ਦੀ ਆਪਣੀ ਬਹਾਰ ਤੇ ਆਪਣੀ ਹੀ ਪਤਝੜ ਹੁੰਦੀ ਏ।"

ਉਸ ਦੇ ਕੁਮਲਾ ਰਹੇ ਚਿਹਰੇ ਉਤੇ ਉਦਾਸੀ ਤੇ ਡੂੰਘੀਆਂ ਸੋਚਾਂ ਦਾ ਪਰਛਾਵਾਂ ਛਾ ਗਿਆ। ਉਸ ਦੀਆਂ ਅੱਖਾਂ ਦੁਆਲੇ ਛੋਟੀਆਂ ਛੋਟੀਆਂ ਝੁਰੜੀਆਂ ਦਾ ਜਾਲ ਵਿਛਿਆ ਹੋਇਆ ਸੀ। ਉਹ ਔਰਤਾਂ ਵਾਲ਼ੀ ਡੂੰਘੀ ਉਦਾਸੀ ਨਾਲ਼ ਪੋਪਲਰਾਂ ਵੱਲ ਵੇਖੀ ਜਾ ਰਹੀ ਸੀ। ਅਚਾਨਕ ਮੈਨੂੰ ਇੰਞ ਮਹਿਸੂਸ ਹੋਇਆ ਜਿਵੇਂ ਮੇਰੇ ਸਾਹਮਣੇ ਅਕਾਦਮੀਸ਼ਨ ਸੁਲੇਮਾਨੋਵਨਾ ਨਹੀਂ ਸਗੋਂ ਕੋਈ ਸਾਧਾਰਨ ਕਿਰਗੀਜ਼ ਔਰਤ ਖੜੀ ਸੀ ਜਿਹੜੀ ਆਪਣੀ ਖੁਸ਼ੀ ਵਿਚ ਵੀ ਤੇ ਗ਼ਮ ਵਿਚ ਵੀ ਸਾਦਗੀ ਤੇ ਭੋਲੇਪਨ ਦਾ ਮੁਜਸਮਾ ਬਣੀ ਰਹਿੰਦੀ ਹੈ। ਲਗਦਾ ਸੀ ਕਿ ਇਸ ਵਿਦਵਾਨ ਔਰਤ ਨੂੰ ਇਸ ਵੇਲੇ ਆਪਣੀ ਜਵਾਨੀ ਦੀ ਯਾਦ ਆ ਰਹੀ ਸੀ, ਜਿਹੜੀ, ਜਿਵੇਂ ਕਿ ਸਾਡੇ ਗੀਤਾਂ ਵਿਚ ਗਾਇਆ ਜਾਂਦਾ ਹੈ, ਪਹਾੜ ਦੀ ਉੱਚੀ ਤੋਂ ਉੱਚੀ ਟੀਸੀ ਉਤੇ ਚੜ੍ਹ ਕੇ ਪੁਕਾਰਨ ਨਾਲ਼ ਵੀ ਵਾਪਸ ਨਹੀਂ ਆਉਂਦੀ। ਲਗਦਾ ਸੀ ਕਿ ਉਹ ਪੋਪਲਰਾਂ ਨੂੰ ਵੇਖਦੀ ਹੋਈ ਕੁਝ ਕਹਿਣਾ ਚਾਹੁੰਦੀ ਸੀ, ਪਰ ਮਗਰੋਂ ਉਸ ਨੇ ਆਪਣਾ ਵਿਚਾਰ, ਸ਼ਾਇਦ, ਬਦਲ ਲਿਆ ਸੀ। ਉਸ ਨੇ ਇਕ ਝਟਕੇ ਨਾਲ ਐਨਕਾਂ


Academy of the Punjab in North America: http://www.apnaorg.com

ਚੜ੍ਹਾ ਲਈਆਂ ਜਿਹੜੀਆਂ ਉਸ ਨੇ ਹੱਥਾਂ ਵਿਚ ਫੜੀਆਂ ਹੋਈਆਂ ਸਨ।

"ਮਾਸਕੋ ਵੱਲ ਜਾਣ ਵਾਲੀ ਗੱਡੀ ਸ਼ਾਇਦ ਗਿਆਰਾਂ ਵਜੇ ਇਥੋਂ ਦੀ ਲੰਘਦੀ ਏ ? "

"ਹਾਂ, ਰਾਤ ਦੇ ਗਿਆਰਾਂ ਵਜੇ।"

"ਇਸ ਦਾ ਮਤਲਬ ਏ ਕਿ ਮੈਨੂੰ ਤਿਆਰੀ ਕਰਨੀ ਚਾਹੀਦੀ ਏ।"

"ਏਨੀ ਛੇਤੀ ਕਿਉਂ ? ਅਲਤਿਨਾਈ ਸੁਲੇਮਾਨੋਵਨਾ, ਤੁਸੀਂ ਤਾਂ ਇਥੇ ਕੁਝ ਦਿਨ ਠਹਿਰਨ ਦਾ ਵਾਅਦਾ ਕੀਤਾ ਸੀ। ਲੋਕਾਂ ਨੇ ਤੁਹਾਨੂੰ ਜਾਣ ਨਹੀਂ ਦੇਣਾ।"

"ਦਰਅਸਲ, ਮੈਨੂੰ ਬਹੁਤ ਜ਼ਰੂਰੀ ਕੰਮ ਏ। ਮੈਨੂੰ ਹੁਣੇ ਜਾਣਾ ਚਾਹੀਦੈ।"

ਪਿੰਡ-ਵਾਸੀਆਂ ਨੇ ਉਸ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ, ਗੁੱਸਾ-ਗਿਲਾ ਵੀ ਕੀਤਾ, ਪਰ ਅਲਤਿਨਾਈ ਸੁਲੇਮਾਨੋਵਨਾ ਨੇ ਇਕ ਨਾ ਮੰਨੀ।

ਉਧਰ ਸੰਧਿਆ-ਵੇਲਾ ਹੋ ਗਿਆ ਸੀ। ਨਿਰਾਸ਼ ਹੋਏ ਪਿੰਡ-ਵਾਸੀਆਂ ਨੇ ਉਸ ਨੂੰ ਕਾਰ ਵਿਚ ਬਿਠਾਇਆ, ਪਰ ਉਸ ਕੋਲੋਂ ਇਹ ਵਾਅਦਾ ਕਰਾ ਲਿਆ ਕਿ ਅਗਲੀ ਵਾਰ ਉਹ ਘੱਟੋ ਘੱਟ ਇਕ ਹਫਤਾ ਉਥੇ ਰਹੇਗੀ। ਮੈਂ ਅਲਤਿਨਾਈ ਸੁਲੇਮਾਨੋਵਨਾ ਨੂੰ ਸਟੇਸ਼ਨ ਤੱਕ ਛੱਡਣ ਗਿਆ।

ਅਲਤਿਨਾਈ ਸੁਲੇਮਾਨੋਵਨਾ ਨੇ ਅਚਾਨਕ ਹੀ ਏਨੀ ਛੇਤੀ ਵਾਪਸ ਚਲੇ ਜਾਣ ਦਾ ਫੈਸਲਾ ਕਿਉਂ ਕਰ ਲਿਆ ਸੀ ? ਆਪਣੇ ਪਿੰਡ-ਵਾਸੀਆਂ ਨੂੰ ਨਾਰਾਜ਼ ਕਰਨਾ, ਤੇ ਫਿਰ ਇਹੋ ਜਿਹੇ ਮੌਕੇ ਉਤੇ, ਮੈਨੂੰ ਬਿਲਕੁਲ ਬੇਸਮਝੀ ਵਾਲੀ ਗੱਲ ਲੱਗੀ। ਰਾਹ ਵਿਚ ਮੈਂ ਉਸ ਕੋਲੋਂ ਇਸ ਬਾਬਤ ਪੁੱਛਣ ਪੁੱਛਣ ਕਰਦਾ ਰਿਹਾ ਪਰ ਪੁੱਛਣ ਦੀ ਹਿੰਮਤ ਨਾ ਹੋਈ। ਇਸ ਗੱਲ ਦੇ ਡਰੋਂ ਨਹੀਂ ਕਿ ਇਹ ਬੇਅਦਬੀ ਵਾਲੀ ਗੱਲ ਹੋ ਸਕਦੀ ਸੀ, ਸਗੋਂ, ਮੇਰੀ ਸਮਝ ਮੁਤਾਬਕ, ਇਸ ਕਰਕੇ ਕਿ ਉਸ ਨੇ ਆਪਣੇ ਦਿਲ ਦੀ ਗੱਲ ਕਿਸੇ ਨੂੰ ਸੁਣਾਉਣੀ ਨਹੀਂ ਸੀ। ਸਾਰਾ ਰਾਹ ਉਸ ਨੇ ਇਕ ਵੀ ਗੱਲ ਨਾ ਕੀਤੀ ਤੇ ਕਿਸੇ ਗਹਿਰੀ ਸੋਚ ਵਿਚ ਡੁੱਬੀ ਰਹੀ।

ਸਟੇਸ਼ਨ ਉਤੇ ਮੈਂ ਆਖ਼ਿਰ ਉਸ ਨੂੰ ਪੁੱਛ ਹੀ ਲਿਆ :

"ਅਲਤਿਨਾਈ ਸੁਲੇਮਾਨੋਵਨਾ, ਤੁਸੀਂ ਕਿਸੇ ਗੱਲੋਂ ਉਦਾਸ ਲਗਦੇ ਹੋ, ਤੁਸੀਂ ਸਾਡੇ ਨਾਲ਼ ਨਾਰਾਜ਼ ਤਾਂ ਨਹੀਂ ਹੋ ਗਏ ? "

"ਨਹੀਂ, ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਹੋ! ਤੁਸੀਂ ਇਸ ਤਰ੍ਹਾਂ ਬਿਲਕੁਲ ਨਾ ਸੋਚੋ! ਮੈਂ ਭਲਾ ਕਿਉਂ ਨਾਰਾਜ਼ ਹੋਣਾ ਹੋਇਆ ? ਮੈਂ ਤਾਂ ਬੱਸ ਆਪਣੇ ਨਾਲ਼ ਹੀ ਨਾਰਾਜ਼ ਹੋ ਸਕਦੀ ਹਾਂ। ਹਾਂ, ਆਪਣੇ ਆਪ ਨਾਲ਼ ਨਾਰਾਜ਼ ਹੋਇਆ ਜਾ ਸਕਦੈ!"

ਅਲਤਿਨਾਈ ਸੁਲੇਮਾਨੋਵਨਾ ਦਿਲ ਦੀ ਘੁੰਡੀ ਖੋਲ੍ਹੇ ਬਿਨਾਂ ਹੀ ਚਲੀ ਗਈ। ਮੈਂ ਸ਼ਹਿਰ ਮੁੜ ਗਿਆ ਤੇ ਕੁਝ-ਕੁ ਦਿਨ ਬਾਅਦ ਅਚਾਨਕ ਉਸ ਦੀ ਚਿੱਠੀ ਮਿਲੀ। ਉਸ ਨੇ ਲਿਖਿਆ ਸੀ ਕਿ ਉਸ ਨੂੰ ਆਸੋਂ ਕਿਤੇ ਵੱਧ ਸਮਾਂ ਮਾਸਕੋ ਵਿਚ ਠਹਿਰਨਾ ਪਿਆ ਸੀ। ਅਲਤਿਨਾਈ ਸੁਲੇਮਾਨੋਵਨਾ ਨੇ ਲਿਖਿਆ ਸੀ :

"ਮੇਰੇ ਕੋਲ ਕਈ ਜ਼ਰੂਰੀ ਤੇ ਫ਼ੌਰੀ ਕੰਮ ਕਰਨ ਵਾਲ਼ੇ ਪਏ ਹਨ, ਫਿਰ ਵੀ ਮੈਂ ਇਨ੍ਹਾਂ ਨੂੰ ਛੱਡ ਕੇ ਤੁਹਾਨੂੰ ਇਹ ਚਿੱਠੀ ਲਿਖਣ ਦਾ ਫੈਸਲਾ ਕੀਤਾ ਹੈ... ਮੈਂ ਤੁਹਾਨੂੰ ਤਾਕੀਦ ਕਰਦੀ


Academy of the Punjab in North America: http://www.apnaorg.com

ਹਾਂ ਕਿ ਜੋ ਕੁੱਝ ਵੀ ਮੈਂ ਇਸ ਚਿੱਠੀ ਵਿਚ ਲਿਖ ਰਹੀ ਹਾਂ, ਜੇ ਤੁਹਾਨੂੰ ਦਿਲਚਸਪ ਲੱਗੇ ਤਾਂ ਇਸ ਨੂੰ ਲੋਕਾਂ ਤੱਕ ਪਹੁੰਚਾਣ ਦੇ ਢੰਗਾਂ ਬਾਰੇ ਸੋਚਣ ਦੀ ਖੇਚਲ਼ ਕਰਨਾ। ਮੇਰਾ ਖਿਆਲ ਹੈ ਕਿ ਇਸ ਦੀ ਸਾਡੇ ਪਿੰਡ-ਵਾਸੀਆਂ ਨੂੰ ਹੀ ਨਹੀਂ ਸਗੋਂ ਸਾਰੇ ਲੋਕਾਂ ਨੂੰ, ਖ਼ਾਸ ਕਰਕੇ, ਨੌਜਵਾਨਾਂ ਨੂੰ ਵੀ ਜ਼ਰੂਰਤ ਹੈ। ਮੈਂ ਬਹੁਤ ਸੋਚ ਵਿਚਾਰ ਕਰਨ ਮਗਰੋਂ ਇਸ ਸਿੱਟੇ ਉੱਤੇ ਪਹੁੰਚੀ ਹਾਂ। ਇਹ ਲੋਕਾਂ ਸਾਹਮਣੇ ਮੇਰਾ ਇਕਬਾਲ ਹੈ। ਮੈਨੂੰ ਆਪਣਾ ਫਰਜ਼ ਪੂਰਾ ਕਰਨਾ ਚਾਹੀਦਾ ਹੈ। ਜਿੰਨੇ ਜ਼ਿਆਦਾ ਲੋਕ ਇਸ ਬਾਰੇ ਜਾਣ ਲੈਣਗੇ ਉਨਾ ਹੀ ਘੱਟ ਮੇਰੀ ਆਤਮਾ ਨੂੰ ਕਸ਼ਟ ਹੋਵੇਗਾ। ਮੈਨੂੰ ਕਸੂਤੀ ਹਾਲਤ ਵਿਚ ਪਾਉਣ ਤੋਂ ਡਰੋਂ ਨਹੀਂ। ਕੁੱਝ ਵੀ ਲੁਕਾ ਕੇ ਨਾ ਰੱਖਣਾ...”

ਕਈ ਦਿਨਾਂ ਤੱਕ ਮੈਂ ਇਸ ਚਿੱਠੀ ਹੇਠ ਰਿਹਾ। ਮੈਂ ਸੋਚਿਆ ਕਿ ਸਭ ਤੋਂ ਚੰਗੀ ਗੱਲ ਇਹ ਹੀ ਹੋਵੇਗੀ ਕਿ ਇਸ ਕਹਾਣੀ ਨੂੰ ਖ਼ੁਦ ਅਲਤਿਨਾਈ ਸੁਲੇਮਾਨੋਵਨਾ ਦੇ ਸ਼ਬਦਾਂ ਵਿਚ ਹੀ ਪੇਸ਼ ਕੀਤਾ ਜਾਵੇ।

* * *

ਇਹ ਘਟਨਾ 1924 ਵਿੱਚ ਵਾਪਰੀ ਸੀ। ਹਾਂ, ਉਸੇ ਸਾਲ...

ਉਸ ਥਾਂ, ਜਿੱਥੇ ਇਸ ਵੇਲੇ ਸਾਡਾ ਸਾਂਝਾ ਫਾਰਮ ਹੈ। ਉਨ੍ਹਾਂ ਦਿਨਾਂ ਵਿੱਚ ਗਰੀਬਾਂ-ਜਾਤਾਕਚੀਆਂ-ਦਾ ਰਹਿਣ-ਬਸੇਰਾ ਹੁੰਦਾ ਸੀ। ਉਦੋਂ ਮੇਰੀ ਉਮਰ ਕੋਈ ਚੌਦਾਂ-ਕੁ ਸਾਲ ਦੀ ਸੀ। ਮੈਂ ਆਪਣੇ ਸਵਰਗਵਾਸੀ ਪਿਤਾ ਦੇ ਚਚੇਰੇ ਭਰਾ ਕੋਲ਼ ਰਹਿੰਦੀ ਸਾਂ। ਮੇਰੇ ਉੱਤੇ ਮਾਂ ਦਾ ਛਤਰ ਛਾਇਆ ਵੀ ਨਹੀਂ ਰਿਹਾ ਸੀ।

ਪਤਝੜ ਦੀ ਰੁੱਤ ਸੀ। ਸਾਡੇ ਪਿੰਡ ਦੇ ਸਾਰੇ ਅਮੀਰ ਲੋਕ ਪਹਾੜਾਂ ਵਿੱਚ ਤੰਬੂ ਵਗੈਰਾ ਗੱਡਣ ਚਲੇ ਗਏ ਸਨ। ਉਦੋਂ ਸਾਡੇ ਪਿੰਡ ਫੌਜੀਆਂ ਵਾਲ਼ ਾ ਲੰਮਾ ਕੋਟ ਪਾਈ ਇੱਕ ਓਪਰਾ ਜਿਹਾ ਜਵਾਨ ਆਇਆ ਸੀ। ਮੈਨੂੰ ਉਸ ਦੇ ਫੌਜੀ ਕੋਟ ਦਾ ਹੀ ਚੇਤਾ ਰਹਿ ਗਿਆ ਹੈ ਕਿਉਂਕਿ ਉਹ, ਪਤਾ ਨਹੀਂ ਕਿਉਂ, ਕਾਲੀ ਉੱਨ ਦਾ ਬਣਿਆਂ ਹੋਇਆ ਸੀ। ਸਾਡੇ ਪਿੰਡ ਵਿੱਚ, ਜਿਹੜਾ ਸ਼ਾਹਰਾਹ ਤੋਂ ਦੂਰ ਸੀ ਤੇ ਪਹਾੜਾਂ ਦੀ ਗੋਦ ਵਿੱਚ ਵਸਿਆ ਹੋਇਆ ਸੀ, ਸਰਕਾਰੀ ਕੋਟ ਪਹਿਨ ਕੇ ਕਿਸੇ ਆਦਮੀ ਦਾ ਆਉਣਾ ਇੱਕ ਬੜੀ ਵੱਡੀ ਘਟਨਾ ਸੀ।

ਪਹਿਲਾਂ ਤਾਂ ਇਹ ਗੱਲ ਧੁਮਾਈ ਗਈ ਕਿ ਉਹ ਫੌਜ ਵਿੱਚ ਕਮਾਂਡਰ ਰਿਹਾ ਸੀ, ਇਸ ਲਈ ਪਿੰਡ ਵਿੱਚ ਵੀ ਮੁਖੀ ਬਣੇਗਾ। ਮਗਰੋਂ ਪਤਾ ਲੱਗਾ ਕਿ ਉਹ ਕੋਈ ਕਮਾਂਡਰ ਨਹੀਂ ਸੀ ਸਗੋਂ ਉਸੇ ਤਾਸ਼ਤਨਬੇਗ ਦਾ ਮੁੰਡਾ ਸੀ ਜਿਹੜਾ ਕਈ ਸਾਲ ਪਹਿਲਾਂ ਕਾਲ ਪੈਣ ਦੇ ਦਿਨਾਂ ਵਿੱਚ ਹੀ ਰੇਲਵੇ ਦੇ ਮਹਿਕਮੇ ਵਿੱਚ ਨੌਕਰੀ ਕਰਨ ਪਿੰਡੋਂ ਚਲਾ ਗਿਆ ਸੀ ਤੇ ਜਿਸ ਦੀ ਫਿਰ ਕੋਈ ਉੱਘ ਸੁੱਘ ਨਹੀਂ ਮਿਲੀ ਸੀ। ਪਰ ਉਸ ਦੇ ਪੁੱਤਰ, ਦੂਈਸ਼ੇਨ ਨੂੰ ਪਿੰਡ ਵਿੱਚ ਸ਼ਾਇਦ ਸਕੂਲ ਖੋਲ੍ਹਣ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਭੇਜਿਆ ਗਿਆ ਸੀ।

ਉਨ੍ਹੀ ਦਿਨੀ “ਸਕੂਲ” ਤੇ “ਪੜ੍ਹਾਈ” ਵਰਗੇ ਸ਼ਬਦ ਬਿਲਕੁਲ ਨਵੇਂ ਸਨ ਤੇ ਲੋਕਾਂ


Academy of the Punjab in North America: http://www.apnaorg.com

ਦੀ ਸਮਝ ਤੋਂ ਬਾਹਰੇ ਸਨ। ਕੋਈ ਇਨ੍ਹਾਂ ਅਫ਼ਵਾਹਾਂ ਉੱਤੇ ਯਕੀਨ ਕਰ ਲੈਂਦਾ, ਕੋਈ ਇਨ੍ਹਾਂ ਨੂੰ ਜਨਾਨੀਆਂ ਦੀਆਂ ਵਿਹਲੀਆਂ ਗੱਲਾਂ ਦਸਦਾ, ਤੇ ਇਹ ਵੀ ਸੰਭਵ ਸੀ ਕਿ ਲੋਕ ਸਕੂਲ ਬਾਰੇ ਭੁੱਲ ਭੁਲਾ ਹੀ ਜਾਂਦੇ ਜੇ ਇੱਕ ਦਿਨ ਅਚਾਨਕ ਲੋਕਾਂ ਦੀ ਇਕੱਤਰਤਾ ਨਾ ਬੁਲਾਈ ਗਈ ਹੁੰਦੀ। ਮੇਰਾ ਚਾਚਾ ਦੇਰ ਤੱਕ ਬੜ ਬੜ ਕਰਦਾ ਰਿਹਾ: "ਇਹ 'ਕੱਠ ਭਲਾ ਕੀ ਹੋਇਆ, ਨਿਕੰਮੇ ਕੰਮਾਂ ਨਾਲ ਲੋਕਾਂ ਦਾ ਵਕਤ ਬਰਬਾਦ ਕਰਦੇ ਰਹਿੰਦੇ ਨੇ।" ਪਰ ਫਿਰ ਉਸ ਨੇ ਘੋੜੇ 'ਤੇ ਕਾਠੀ ਪਾਈ, ਤੇ ਹਰ ਸਵੈ-ਅਭਿਮਾਨੀ ਮਰਦ ਵਾਂਗ ਘੋੜੇ 'ਤੇ ਚੜ੍ਹ ਕੇ ਇਕੱਠ 'ਚ ਚਲਾ ਗਿਆ। ਮੈਂ ਵੀ ਗੁਆਂਢ ਦੇ ਮੁੰਡਿਆਂ ਕੁੜੀਆਂ ਨਾਲ਼ ਉੱਥੇ ਚਲੀ ਗਈ।

ਜਦੋਂ ਅਸੀਂ ਹਫਦੇ ਹੋਏ ਟਿੱਲੇ ਲਾਗੇ ਪਹੁੰਚੇ, ਜਿੱਥੇ ਆਮ ਤੌਰ 'ਤੇ ਇਕੱਠ ਹੋਇਆ ਕਰਦੇ ਸਨ, ਤਾਂ ਉੱਥੇ ਘੋੜਿਆਂ ਉੱਤੇ ਚੜ੍ਹ ਕੇ ਬੈਠੇ ਤੇ ਭੁੰਜੇ ਖਲੋਤੇ ਲੋਕਾਂ ਸਾਮਹਣੇ ਕਾਲ਼ੇ ਫੌਜੀ ਕੋਟ ਤੇ ਪੀਲ਼ੇ ਵਿਸਾਰ ਚਿਹਰੇ ਵਾਲ਼ਾ ਉਹੀ ਜਵਾਨ ਬੋਲ ਰਿਹਾ ਸੀ। ਸਾਨੂੰ ਉਸ ਦੀਆਂ ਗੱਲਾਂ ਸੁਣਾਈ ਨਹੀਂ ਦੇ ਰਹੀਆਂ ਸਨ। ਅਸੀਂ ਹੋਰ ਨੇੜੇ ਜਾਣ ਹੀ ਵਾਲੇ ਸਾਂ ਕਿ ਉਸ ਵੇਲੇ ਲੀਰੋ ਲੀਰ ਹੋਇਆ ਫਰ-ਕੋਟ ਪਹਿਨੀ ਇੱਕ ਬੁੱਢਾ ਜਿਵੇਂ ਅਚਾਨਕ ਸੁੱਤਾ ਉੱਠਿਆ ਹੋਵੇ, ਉਸ ਨੂੰ ਟੋਕ ਕੇ ਆਖਣ ਲੱਗਾ:

"ਗੱਲ ਸੁਣ, ਪੁੱਤਰਾ, " ਉਸ ਨੇ ਥਥਲਾਉਂਦਿਆਂ ਕਾਹਲੀ ਕਾਹਲੀ ਬੋਲਣਾ ਸ਼ੁਰੂ ਕੀਤਾ,"ਪਹਿਲਾਂ ਤਾਂ ਮੁੱਲੇ ਨਿਆਣਿਆਂ ਨੂੰ ਪੜ੍ਹਾਇਆ ਕਰਦੇ ਸਨ। ਅਸੀਂ ਤੇਰੇ ਪਿਉ ਨੂੰ ਜਾਣਦੇ ਹਾਂ, ਉਹ ਵੀ ਸਾਡੇ ਵਾਂਗ ਗਰੀਬੀ ਵਿੱਚ ਮੰਦੇ ਹਾਲ ਰਹਿੰਦਾ ਸੀ। ਹੁਣ ਤੂੰ ਮਿਹਰਬਾਨੀ ਕਰਕੇ ਇਹ ਦੱਸ ਕਿ ਤੂੰ ਮੁੱਲਾ ਕਦੋਂ ਬਣ ਗਿਆ?

ਮੈਂ ਮੁੱਲਾ ਨਹੀਂ, ਅਕਸਾਕਾਲ ਜੀ। ਮੈਂ ਤਾ ਕੋਮਸੋਮੋਲ ਦਾ ਮੈਂਬਰ ਹਾਂ। ਹੁਣ ਬੱਚਿਆਂ ਨੂੰ ਮੁੱਲੇ ਨਹੀਂ ਪੜ੍ਹਾਇਆ ਕਰਨਗੇ। ਮੈਂ ਫੌਜ ਵਿੱਚ ਪੜ੍ਹਨਾ ਸਿੱਖਿਆ ਸੀ ਤੇ ਪਹਿਲਾਂ ਵੀ ਮੈਂ ਥੋੜ੍ਹੀ ਬਹੁਤੀ ਪੜ੍ਹਾਈ ਕੀਤੀ ਸੀ। ਸੋ, ਮੈਂ ਇਸ ਤਰਾਂ ਦਾ ਮੁੱਲਾ ਹਾਂ।"

"ਹੱਛਾ, ਇਹ ਗੱਲ ਆ...."

"ਸ਼ਾਵਾ ਜਵਾਨਾ!" ਸ਼ਲਾਘਾ ਦੀਆਂ ਅਵਾਜਾਂ ਆਈਆਂ।

"ਸੋ ਕੋਮਸੋਮੋਲ ਨੇ ਤੁਹਾਡੇ ਬੱਚਿਆਂ ਨੂੰ ਪੜ੍ਹਾਉਣ ਲਈ ਮੈਨੂੰ ਇੱਥੇ ਭੇਜਿਐ। ਇਸ ਦੇ ਵਾਸਤੇ ਸਾਨੂੰ ਕਿਸੇ ਮਕਾਨ ਦੀ ਲੋੜ ਏ। ਮੇਰਾ ਖਿਆਲ ਏ ਕਿ ਤੁਹਾਡੀ ਮਦਦ ਨਾਲ ਇਸ ਟਿੱਲੇ ਵਾਲੇ ਵਿਰਾਨ ਅਸਤਬਲ ਵਿੱਚ ਜਮਾਤਾਂ ਲਾਈਆਂ ਜਾ ਸਕਦੀਆਂ ਹਨ। ਇਸ ਬਾਰੇ ਤੁਹਾਡਾ ਕੀ ਵਿਚਾਰ ਏ, ਪਿੰਡ ਵਾਸੀਓ?"

ਲੋਕ ਸ਼ਸ਼ੋਪੰਜ ਵਿੱਚ ਪੈ ਗਏ, ਜਿਵੇਂ ਉਹ ਮਨ ਹੀ ਮਨ ਅੰਦਾਜਾ ਲਾ ਰਹੇ ਹੋਣ ਕਿ ਇਸ ਆਦਮੀ ਦਾ ਮਕਸਦ ਕੀ ਹੋ ਸਕਦਾ ਹੈ। ਝਗੜਾਲੂ ਸਾਤਿਮਕੂਲ ਨੇ ਇਸ ਚੁੱਪ ਨੂੰ ਤੋੜਿਆ। ਉਸ ਦੇ ਅੜਬਪੁਣੇ ਕਾਰਨ ਲੋਕਾਂ ਨੇ ਇਸ ਦੀ ਅੱਲ "ਝਗੜਾਲੂ" ਪਾ ਦਿੱਤੀ ਸੀ। ਉਹ ਬੜੇ ਚਿਰ ਤੋਂ ਕਾਠੀ ਨਾਲ ਅਰਕ ਦੀ ਢੋਅ ਲਾ ਕੇ ਗੱਲਾਂ ਸੁਣੀ ਜਾ ਰਿਹਾ ਸੀ ਤੇ ਕਦੀ ਕਦੀ ਦੰਦਾਂ ਥਾਣੀ ਥੁੱਕ ਦਿੰਦਾ ਸੀ।

"ਖੜ੍ਹੋਈਂ ਛੋਕਰਿਆ, " ਸਾਤਿਮਕੂਲ ਨੇ ਅੱਖਾਂ ਸੰਗੋੜਦੇ ਹੋਏ ਨੇ ਆਖਿਆ ਜਿਵੇਂ


Academy of the Punjab in North America: http://www.apnaorg.com

ਨਿਸ਼ਾਨਾ ਬੰਨ੍ਹ ਰਿਹਾ ਹੋਵੇ, “ਤੂੰ ਪਹਿਲਾਂ ਇਹ ਦੱਸ ਬਈ ਅਸੀਂ ਇਸ ਸਕੂਲ ਨੂੰ ਕਿਉਂ ਸਿਰ ਮਾਰਨੈ ? ”

“ਸਿਰ ਕਿਉਂ ਮਾਰਨੈ ?” ਦੂਈਸ਼ੇਨ ਬੌਂਦਲ ਗਿਆ।

“ਠੀਕ ਹੀ ਤਾਂ ਹੈ ?” ਭੀੜ ਵਿੱਚੋਂ ਕਿਸੇ ਨੇ ਆਖਿਆ।

ਲੋਕਾਂ ਵਿੱਚ ਹਿਲਜੁਲ ਜਿਹੀ ਹੋਈ, ਤੇ ਇਕਦਮ ਰੌਲ਼ਾ ਪੈਣ ਲੱਗ ਪਿਆ।

“ਅਸੀਂ ਕਿਸਾਨ ਲੋਕ ਹਾਂ, ਮੁਦਤਾਂ ਤੋਂ ਮਿਹਨਤ ਮੁਸ਼ੱਕਤ ਕਰਕੇ ਜਿੰਦਗੀ ਬਸਰ ਕਰਦੇ ਹਾਂ, ਸਾਡੀ ਕੇਟਮੇਨ ਹੀ ਸਾਨੂੰ ਰੋਟੀ ਦਿੰਦੀ ਏ ਤੇ ਸਾਡੀ ਔਲਾਦ ਵੀ ਇਸੇ ਤਰਾਂ ਗੁਜਾਰਾ ਕਰੇਗੀ, ਪੜ੍ਹਾਈ ਦਾ ਉਹਨਾਂ ਅਚਾਰ ਨਹੀਂ ਪਾਉਣੈ। ਪੜ੍ਹਾਈ ਅਫ਼ਸਰ ਲੋਕਾਂ ਨੂੰ ਚਾਹੀਦੀ ਆ। ਅਸੀਂ ਸਿੱਧੇ ਸਾਦੇ ਲੋਕ ਹਾਂ। ਤੂੰ ਸਾਨੂੰ ਪੁੱਠੀਆਂ ਗੱਲਾਂ ਨਾ ਸਿਖਾ!”

ਰੌਲਾ-ਰੱਪਾ ਕੁੱਝ ਘਟ ਗਿਆ।

“ਤੁਸੀਂ, ਵਾਕਿਆ ਈ, ਆਪਣੇ ਬੱਚਿਆਂ ਨੂੰ ਪੜ੍ਹਾਉਣ ਦੇ ਖਿਲਾਫ਼ ਜੇ ? ” ਹੱਕਾ-ਬੱਕਾ ਦੂਈਸੇਨ ਲੋਕਾਂ ਦੇ ਮੂੰਹਾਂ ਵੱਲ ਵੇਖੀ ਜਾ ਰਿਹਾ ਸੀ। ਉਸ ਨੂੰ ਇਸ ਦੀ ਸਮਝ ਨਹੀਂ ਆ ਰਹੀ ਸੀ।

“ਓਇ, ਜੇ ਅਸੀਂ ਬਰ-ਖਲਾਫ਼ ਹਾਂ ਤਾਂ ਤੂੰ ਸਾਡੇ ਨਾਲ਼ ਜਬਰਦਸਤੀ ਕਰੇਂਗਾ ? ਉਹ ਵੇਲੇ ਲੱਦ ਗਏ ਨੇ। ਹੁਣ ਅਸੀਂ ਅਜ਼ਾਦ ਲੋਕ ਆਂ, ਜਿੱਦਾਂ ਚਾਹੀਏ ਓਦਾ ਹੀ ਰਹਾਂਗੇ। ”

ਦੂਈਸ਼ੇਨ ਦੇ ਚਿਹਰੇ ਦਾ ਰੰਗ ਫੱਕ ਹੋ ਗਿਆ। ਕੰਬਦੀਆਂ ਉਂਗਲਾਂ ਨਾਲ ਆਪਣੇ ਫੌਜੀ ਕੋਟ ਦੀਆਂ ਹੁੱਕਾ ਤੋੜ ਤੋੜ ਸੁਟਦਿਆਂ ਉਸ ਦਾ ਹੱਥ ਜੇਬ ਵਿੱਚ ਗਿਆ, ਚੌਹਰੀ ਤਹਿ ਵਾਲਾ ਇੱਕ ਕਾਗਜ ਕੱਢਿਆ, ਉਸ ਨੂੰ ਖੋਹਲਿਆ ਅਤੇ ਉੱਚਾ ਕਰਕੇ ਹਿਲਾਉਂਦਿਆਂ ਆਖਿਆ—

“ਮਤਲਬ ਇਹ ਹੋਇਆ ਕਿ ਤੁਸੀਂ ਇਸ ਫਰਮਾਨ ਦੇ ਖਿਲਾਫ਼ ਹੋ ਜਿਸ ਵਿੱਚ ਲਿਖਿਆ ਹੋਇਆ ਹੈ ਕਿ ਬੱਚਿਆਂ ਦੀ ਪੜ੍ਹਾਈ ਲਾਜਮੀ ਏ ? ਇਸ ਉੱਤੇ ਸੋਵੀਅਤ ਸਰਕਾਰ ਦੀ ਮੋਹਰ ਲੱਗੀ ਹੋਈ ਏ। ਤੁਹਾਨੂੰ ਜਮੀਨ ਕਿਸ ਨੇ ਦਿੱਤੀ ਏ ? ਪਾਣੀ ਕਿਸ ਨੇ ਦਿੱਤੈ ? ਅਜ਼ਾਦੀ ਕਿਸ ਨੇ ਦਿੱਤੀ ਏ ? ਕੌਣ ਸੋਵੀਅਤ ਕਨੂੰਨਾਂ ਦੇ ਖਿਲਾਫ ਏ ? ਕੌਣ ? ਜਵਾਬ ਦਿਓ!”

ਉਸ ਨੇ “ਜਵਾਬ ਦਿਓ” ਏਨੀ ਜ਼ੋਰਦਾਰ, ਏਨੀ ਗੂੰਜਦੀ ਤੇ ਕ੍ਰੋਧਭਰੀ ਅਵਾਜ ਵਿੱਚ ਕਿਹਾ ਕਿ ਇਸ ਸ਼ਬਦ ਨੇ ਗੋਲੀ ਦੀ ਅਵਾਜ਼ ਵਾਂਗ ਪਤਝੜ ਦੀ ਖਾਮੋਸ਼ੀ ਨੂੰ ਭੰਗ ਕਰ ਦਿੱਤਾ ਅਤੇ ਗੋਲੀ ਦੀ ਅਵਾਜ ਵਾਂਗ ਹੀ ਪਹਾੜਾਂ ਵਿੱਚੋਂ ਇਸ ਦੀ ਹਲਕੀ ਜਿਹੀ ਗੂੰਜ ਆਈ। ਕਿਸੇ ਦੇ ਵੀ ਮੂਹੋਂ ਕੋਈ ਗੱਲ ਨਾ ਨਿੱਕਲੀ। ਲੋਕੀਂ ਉੱਧੀਂ ਪਾ ਕੇ ਚੁੱਪ ਕੀਤੇ ਰਹੇ।

“ਅਸੀਂ ਗਰੀਬ ਕਿਸਾਨ ਹਾਂ, “ ਹੁਣ ਦੂਈਸ਼ੇਨ ਦੀ ਅਵਾਜ ਨੀਵੀਂ ਸੀ, ਸਾਨੂੰ ਹਮੇਸ਼ਾ ਲਤਾੜਿਆ ਜਾਂਦਾ ਰਿਹੈ, ਸਾਨੂੰ ਹਨੇਰੇ ਵਿੱਚ ਰੱਖਿਆ ਜਾਂਦਾ ਰਿਹੈ। ਹੁਣ ਸੋਵੀਅਤ ਸਰਕਾਰ ਚਾਹੁੰਦੀ ਏ ਕਿ ਅਸੀਂ ਚਾਨਣ ਵਿੱਚ ਆਈਏ, ਪੜ੍ਹੀਏ ਲਿਖੀਏ! ਤੇ ਇਹਦੇ ਵਾਸਤੇ ਬੱਚਿਆਂ ਨੂੰ ਪੜ੍ਹਾਇਆ ਜਾਣਾ ਚਾਹੀਦੈ.....”

ਦੂਈਸ਼ੇਨ ਜਵਾਬ ਮਿਲਣ ਦੀ ਉਡੀਕ ਵਿੱਚ ਚੁੱਪ ਹੋ ਗਿਆ ਤੇ ਫਿਰ ਲੀਰੋ ਲੀਰ ਫਰ


Academy of the Punjab in North America: http://www.apnaorg.com

ਕੋਟ ਵਾਲ਼ੇ ਆਦਮੀ ਨੇ, ਜਿਸ ਨੇ ਪੁੱਛਿਆ ਸੀ ਕਿ ਉਹ ਕਦੋਂ ਦਾ ਮੁੱਲਾ ਬਣ ਗਿਆ ਸੀ, ਸੁਲਹ ਦੇ ਅੰਦਾਜ ਵਿੱਚ ਬੁੜ ਬੁੜ ਕੀਤਾ:

"ਚੰਗਾ ਫਿਰ ਜੇ ਚਾਹੁੰਦੈ ਤਾਂ ਪੜ੍ਹਾ ਲੈ। ਸਾਨੂੰ ਕੀ ਫਰਕ ਪੈਂਦੈ...ਅਸੀਂ ਕਨੂੰਨਾਂ ਦੇ ਬਰਖਿਲਾਫ ਨਹੀਂ।"

"ਪਰ ਮੇਰੀ ਅਰਜ ਏ, ਮੇਰੀ ਮਦਦ ਕਰੋ। ਸਾਨੂੰ ਟਿੱਲੇ ਉੱਤੇ ਬਾਈ* ਦੇ ਇਸ ਅਸਤਬਲ ਦੀ ਮੁਰੰਮਤ ਕਰਨੀ ਪੈਣੀ ਏ। ਦਰਿਆ ਉੱਤੇ ਪੁਲ਼ ਬਣਾਉਣਾ ਚਾਹੀਦੈ, ਸਕੂਲ ਲਈ ਬਾਲਣ ਦੀ ਵੀ ਲੋੜ ਏ..."

"ਖਲੋਈ, ਜੀਗਿਤਾ, ਤੂੰ ਕੁੱਝ ਬਹੁਤਾ ਹੀ ਕਾਹਲਾ ਏ!" ਅੜ੍ਬ ਸਾਤਿਮਕੂਲ ਨੇ ਦੂਈਸੇਨ ਨੂੰ ਟੋਕਿਆ।

ਉਸ ਨੇ ਦੰਦਾਂ ਥਾਣੀ ਥੁੱਕਿਆ ਤੇ ਫਿਰ ਅੱਖਾਂ ਇਸ ਤਰਾਂ ਸੰਗੋੜ ਲਈਆਂ ਜਿਵੇਂ ਨਿਸ਼ਾਨਾ ਬੰਨ੍ਹ ਰਿਹਾ ਹੋਵੇ।

"ਤੂੰ ਸਾਰੇ ਪਿੰਡ ਵਿੱਚ ਰੌਲਾ ਪਈ ਜਾਂਦੈ-ਸਕੂਲ ਖੋਲ੍ਹਾਂਗਾ, ਸਕੂਲ ਖੋਲ੍ਹਾਂਗਾ। " ਤੂੰ ਰਤਾ ਆਪਣੇ ਵੱਲ ਤਾਂ ਵੇਖ, ਤੇਰੇ ਤਨ 'ਤੇ ਨਾਂ ਤਾਂ ਕੋਈ ਫਰ ਕੋਟ ਆ, ਨਾ ਹੀ ਤੇਰੇ ਹੇਠਾਂ ਘੋੜੇ, ਨਾ ਹੀ ਚੱਪਾ ਭੋਂ ਏ, ਜਿਸ ਵਿੱਚ ਤੂੰ ਵਾਹੀ ਕਰ ਸਕੇਂ, ਨਾ ਹੀ ਕੋਈ ਡੰਗਰ ਢੋਰ ਏ! ਤੂੰ ਇਹ ਤਾਂ ਦੱਸ ਵੀਰ, ਮੇਰਿਆ, ਬਈ ਤੇਰਾ ਗੁਜਾਰਾ ਕਿੱਦਾਂ ਹੋਊ? ਘੋੜੇ ਚਾਰਿਆ ਕਰੇਂਗਾ, ਫਿਰ? ਪਰ ਸਾਡੇ ਕੋਲ਼ ਤਾਂ ਘੋੜੇ ਵੀ ਹੈ ਨਹੀਂ। ਜਿਨ੍ਹਾਂ ਕੋਲ਼ ਘੋੜਿਆਂ ਦੇ ਇੱਜੜ ਨੇ ਉਹ ਤਾਂ ਪਹਾੜਾਂ ਵਿੱਚ ਚਲੇ ਗਏ ਨੇ। "

ਦੂਈਸ਼ੇਨ ਕੋਈ ਕਰਾਰਾ ਜਿਹਾ ਜਵਾਬ ਦੇਣਾ ਚਾਹੁੰਦਾ ਸੀ ਪਰ ਉਸ ਨੇ ਠਰੰਮੇ ਤੋਂ ਕੰਮ ਲਿਆ ਤੇ ਹੌਲੀ ਹੌਲੀ ਆਖਿਆ-

"ਕਰ ਲਵਾਂਗਾ ਗੁਜ਼ਾਰਾ ਕਿਸੇ ਨਾ ਕਿਸੇ ਤਰਾਂ। ਮੈਨੂੰ ਤਨਖਾਹ ਮਿਲਿਆ ਕਰੇਗੀ। "

"ਜੇ ਇਹ ਗੱਲ ਆ ਤਾਂ ਤੂੰ ਪਹਿਲਾਂ ਹੀ ਦੱਸ ਦਿੰਦਾ!" ਸਾਤਿਮਕੂਲ ਜੇਤੂ ਦੇ ਅੰਦਾਜ ਵਿੱਚ ਕਾਠੀ ਉੱਤੇ ਸਿੱਧਾ ਹੋ ਕੇ ਬੈਠ ਗਿਆ। "ਹੁਣ ਸਾਰੀ ਗੱਲ ਸਾਫ਼ ਹੋ ਗਈ ਆ। ਤੂੰ ਜੀਗਿਤਾ, ਆਪਣਾ ਕੰਮ ਆਪੇ ਹੀ ਕਰ ਤੇ ਆਪਣੀ ਤਨਖਾਹ ਨਾਲ਼ ਨਿਆਣਿਆਂ ਨੂੰ ਪੜ੍ਹਾ। ਸਰਕਾਰੀ ਖਜਾਨੇ 'ਚ ਬਥੇਰਾ ਪੈਸਾ ਪਿਐ। ਸਾਨੂੰ ਤੂੰ ਸਾਡੇ ਹਾਲ ਤੇ ਰਹਿਣਦੇ । ਅੱਲਾ ਦਾ ਸ਼ੁਕਰ ਆ, ਸਾਡੇ ਕੋਲ਼ ਆਪਣੇ ਹੀ ਬਥੇਰੇ ਕੰਮ ਪਏ ਨੇ...."

ਇਨਾ ਕਹਿ ਕੇ ਸਾਤਿਮਕੂਲ ਨੇ ਆਪਣਾ ਘੋੜਾ ਮੋੜਿਆ ਤੇ ਘਰ ਵੱਲ ਚਲਾ ਗਿਆ। ਉਸਦੇ ਮਗਰ ਦੂਸਰੇ ਵੀ ਚੱਲ ਪਏ। ਦੂਈਸ਼ੇਨ ਹੱਥ ਵਿੱਚ ਕਾਗਜ਼ ਫੜੀ ਖੜ੍ਹਾ ਉੱਥੇ ਹੀ ਰਹਿ ਗਿਆ। ਉਸ ਵਿਚਾਰੇ ਨੂੰ ਕੁੱਝ ਵੀ ਸੁੱਝ ਨਹੀਂ ਰਿਹਾ ਸੀ ਹੁਣ ਕਿੱਥੇ ਜਾਵੇ....

ਮੈਨੂੰ ਦੂਈਸ਼ੇਨ ਉੱਤੇ ਤਰਸ ਆ ਗਿਆ। ਮੈਂ ਉਸ ਵੱਲ ਉਦੋਂ ਤੱਕ ਇਕਟਕ ਵੇਖਦੀ ਰਹੀ ਜਦੋਂ ਤੱਕ ਕਿ ਮੇਰੇ ਚਾਚੇ ਨੇ ਲਾਗੇ ਦੀ ਲੰਘਦਿਆਂ ਅਵਾਜ ਮੈਨੂੰ ਅਵਾਜ ਨਾ

---

* ਪੇਂਡੂ ਅਮੀਰ ਜਿਹੜਾ ਭੇਡਾਂ, ਬਕਰੀਆਂ ਤੇ ਘੋੜਿਆਂ ਦੇ ਵੱਡੇ ਵੱਡੇ ਇਜੜਾਂ ਦਾ ਮਾਲਕ ਹੁੰਦਾ ਸੀ।

ਮਾਰੀ–

"ਨੀ ਝਾਟੜੇ , ਤੂੰ ਇੱਥੇ ਮੂੰਹ ਚੁੱਕੀ ਕਾਹਨੂੰ ਖਲੋਤੀ ਏ, ਚੱਲ, ਘਰ ਵਗਦੀ ਹੋ!" ਮੈਂ ਆਪਣੀਆਂ ਸਖੀਆਂ ਦੇ ਪਿੱਛੇ ਦੌੜ ਗਈ। "ਜਰਾ ਵੇਖੋ ਤਾਂ ਸਹੀ, ਇਨ੍ਹਾਂ ਨੂੰ ਕੱਠਾਂ ਦਾ ਚਸਕਾ ਪੈ ਵੀ ਗਿਐ!"

ਅਗਲੇ ਦਿਨ, ਜਦੋਂ ਅਸੀਂ , ਕੁੜੀਆਂ ਪਾਨੀ ਲੈਣ ਗਈਆਂ ਤਾਂ ਦਰਿਆ ਉੱਤੇ ਸਾਨੂੰ ਦੂਈਸ਼ੇਨ ਟੱਕਰ ਗਿਆ। ਉਸ ਦੇ ਹੱਥਾਂ ਵਿੱਚ ਵੇਲਚਾ , ਕਹੀ, ਕੁਹਾੜਾ ਤੇ ਇੱਕ ਪੁਰਾਣੀ ਜਿਹੀ ਬਾਲਟੀ ਸੀ।

ਉਸ ਦਿਨ ਤੋਂ ਹਰ ਰੋਜ ਸਵੇਰੇ ਦੂਈਸ਼ੇਨ ਇਕੱਲਾ ਕਾਲਾ ਫੌਜੀ ਕੋਟ ਪਾਈ ਡੰਡੀ ਰਾਹੀਂ ਟਿੱਲੇ ਵਾਲੇ ਉਜੜੇ ਹੋਏ ਅਸਤਬਲ ਵੱਲ ਤੁਰਿਆ ਜਾਂਦਾ ਵੇਖਿਆ ਜਾ ਸਕਦਾ ਸੀ। ਉਹ ਰਾਤ ਪੈਣ ਉੱਤੇ ਹੀ ਹੇਠਾਂ, ਪਿੰਡ ਵੱਲ ਪਰਤਦਾ ਸੀ। ਉਸ ਨੇ ਅਕਸਰ ਘਾਹ ਜਾਂ ਪਰਾਲੀ ਦੀ ਵੱਡੀ ਸਾਰੀ ਪੰਡ ਚੁੱਕੀ ਹੁੰਦੀ। ਉਸਨੂੰ ਦੂਰੋਂ ਹੀ ਦੇਖ ਕੇ ਘੋੜਿਆਂ ਉੱਪਰ ਸਵਾਰ ਲੋਕ ਰਕਾਬਾਂ ਦੇ ਭਾਰ ਜਰਾ ਉੱਚੇ ਹੋ ਜਾਂਦੇ ਤੇ ਅੱਖਾਂ ਉੱਤੇ ਹੱਥਾਂ ਦੀ ਓਟ ਜਿਹੀ ਬਣਾ ਕੇ ਦੇਖਦੇ ਅਤੇ ਹੈਰਾਨ ਹੋਏ ਇੱਕ ਦੂਜੇ ਨਾਲ਼ ਗੱਲਾਂ ਕਰਦੇ:

"ਗੱਲ ਸੁਣੋ, ਇਹ ਕਿਤੇ ਅਧਿਆਪਕ ਦੂਈਸ਼ੇਨ ਹੀ ਨਹੀਂ ਪੰਡ ਚੁੱਕੀ ਆਉਂਦਾ?"

"ਉਹ ਹੀ ਆ।"

"ਵਿਚਾਰਾ! ਪੜ੍ਹੌਣਾ ਵੀ ਕੋਈ ਸੌਖਾ ਕੰਮ ਨਹੀਂ।"

"ਤੇ ਤੂੰ ਕੀ ਸਮਝਦੈਂ? ਜਿਮੀਂਦਾਰ ਦੇ ਸੇਪੀ ਨਾਲੋਂ ਘੱਟ ਭਾਰ ਨਹੀਂ ਚੁਕਦਾ।"

"ਗੱਲਾਂ ਤਾਂ ਬੜੇ ਸਿਆਨਿਆਂ ਵਰਗੀਆਂ ਕਰਦੈ!"

"ਉਹਦੇ ਕੋਲ ਮੋਹਰ ਵਾਲ਼ਾ ਕਾਗਜ਼ ਜੁ ਹੋਇਆ। ਉਹਦਾ ਈ ਸਾਰਾ ਪ੍ਰਤਾਪ ਐ।"

ਇੱਕ ਦਿਨ ਅਸੀਂ ਸੁੱਕੇ ਗੋਹਿਆਂ ਦੀਆਂ ਭਰੀਆਂ ਚੁੱਕੀ, ਜਿਹੜੇ ਅਸੀਂ ਪਿੰਡ ਉੱਪਰਲੇ ਪਹਾੜੀ ਹੇਠਲੇ ਵਿੱਚ ਇਕੱਠੀਆਂ ਕਰਦੀਆਂ ਹੁੰਦੀਆਂ ਸਾਂ, ਪਿੰਡ ਵੱਲ ਆਉਂਦਿਆਂ ਸਕੂਲ ਵੱਲ ਮੁੜ ਗਈਆਂ—ਅਸੀਂ ਇਹ ਵੇਖਣ ਲਈ ਬੜੀਆਂ ਉਤਾਵਲੀਆਂ ਸਾਂ ਕਿ ਅਧਿਆਪਕ ਉੱਥੇ ਕੀ ਕਰ ਰਿਹਾ ਸੀ। ਇਹ ਕੱਚਾ ਪੁਰਾਣਾ ਢਾਰਾ ਕਦੀ ਇੱਕ ਬਾਈ ਦਾ ਅਸਤਬਲ ਹੁੰਦਾ ਸੀ। ਸਰਦੀਆਂ ਦੇ ਸਖਤ ਮੌਸਮ ਵਿੱਚ ਸੂਣ ਵਾਲੀਆਂ ਘੋੜੀਆਂ ਨੂੰ ਉੱਥੇ ਹੀ ਰੱਖਿਆ ਜਾਂਦਾ ਸੀ। ਜਦੋਂ ਸੋਵੀਅਤ ਸਰਕਾਰ ਬਣੀ ਤਾਂ ਬਾਈ ਆਪਣਾ ਮਾਲ ਡੰਗਰ ਹਿੱਕ ਕੇ ਕਿਧਰੇ ਚਲਾ ਗਿਆ ਤੇ ਅਸਤਬਲ ਰਹਿ ਗਿਆ। ਉੱਥੇ ਕੋਈ ਵੀ ਆਉਂਦਾ ਜਾਂਦਾ ਨਹੀਂ ਸੀ ਤੇ ਇਸਦੇ ਦੁਆਲੇ ਝਾੜ–ਬੂਟ ਉੱਗ ਆਏ ਸਨ। ਹੁਣ ਇਨਾਂ ਨੂੰ ਵੱਢ ਕੇ ਇੱਕ ਥਾਂ ਢੇਰ ਲਾ ਦਿੱਤਾ ਗਿਆ ਸੀ। ਵਿਹੜਾ ਸਾਫ਼ ਕਰ ਦਿਤਾ ਗਿਆ ਸੀ। ਬਾਰਸ਼ਾਂ ਕਾਰਨ ਢੱਠੀਆਂ ਤੇ ਦਰਾੜਾਂ ਵਾਲੀਆਂ ਕੰਧਾਂ ਉੱਤੇ ਮਿੱਟੀ ਦਾ ਲੇਪ ਕਰ ਦਿੱਤਾ ਗਿਆ ਸੀ। ਇੱਕ ਹੀ ਕਬਜੇ ਉੱਤੇ ਅਟਕੇ, ਖਸਤਾਹਾਲ ਦਰਵਾਜੇ ਨੂੰ ਠੀਕ–ਠਾਕ ਕਰ ਕੇ ਉਸ ਦੀ ਆਪਣੀ ਥਾਂ 'ਤੇ ਪੱਕੀ ਤਰਾਂ ਜੋੜ ਦਿੱਤਾ ਗਿਆ ਸੀ।

ਅਸੀਂ ਥੋੜ੍ਹਾ ਜਿਹਾ ਸਾਹ ਲੈਣ ਲਈ ਆਪਣੀਆਂ ਬੋਰੀਆਂ ਭੁੰਜੇ ਰੱਖ ਦਿੱਤੀਆਂ। ਇੰਨੇ ਨੂੰ ਮਿੱਟੀ ਨਾਲ਼ ਲਿਬੜਿਆ ਦੂਈਸ਼ੇਨ ਬਾਹਰ ਨਿਕਲਿਆ। ਸਾਨੂੰ ਵੇਖ ਕੇ ਉਹ ਹੈਰਾਨ ਹੋ


Academy of the Punjab in North America: http://www.apnaorg.com

ਗਿਆ ਤੇ ਫਿਰ ਮੱਥੇ ਤੋਂ ਮੁੜਕਾ ਪੂੰਝਦਿਆਂ ਹਾਰਦਿਕਤਾ ਨਾਲ਼ ਮੁਸਕਰਾ ਪਿਆ।

"ਕਿੱਥੋਂ ਆਈਆਂ ਹੋ, ਕੁੜੀਓ ?"

ਅਸੀਂ ਆਪਣੀਆਂ ਬੋਰੀਆਂ ਦੇ ਲਾਗੇ ਭੁੰਜੇ ਹੀ ਬੈਠੀਆਂ ਹੋਈਆਂ ਸਾਂ ਤੇ ਝੇਪਦੀਆਂ ਹੋਈਆਂ ਇੱਕ ਦੂਜੀ ਵੱਲ ਵੇਖਣ ਲੱਗ ਪਈਆਂ। ਦੂਈਸ਼ੇਨ ਸਮਝ ਗਿਆ ਕਿ ਅਸੀਂ ਸੰਗ ਦੀਆਂ ਮਾਰੀਆਂ ਚੁੱਪ ਕੀਤੀਆਂ ਹੋਈਆਂ ਸਾਂ। ਉਸਨੇ ਸਾਡਾ ਹੌਸਲਾ ਵਧਾਉਣ ਲਈ ਅੱਖ ਮਾਰੀ।

"ਬੋਰੀਆਂ ਤੇ ਤੁਹਾਡੇ ਨਾਲੋਂ ਵੀ ਵੱਡੀਆਂ ਨੇ। ਚੰਗਾ ਹੀ ਹੋਇਐ, ਤੁਸੀਂ ਇੱਧਰ ਆ ਗਈਆਂ ਹੋ, ਤੁਸੀਂ ਹੀ ਤਾਂ ਇੱਥੇ ਪੜ੍ਹਨਾ ਹੋਇਆ। ਆਪਣਾ ਸਕੂਲ ਤਿਆਰ ਹੋ ਗਿਐ ਸਮਝੋ। ਮੈਂ ਅਜੇ ਹੁਣੇ ਹੁਣੇ ਗੁੱਠ ਵਿੱਚ ਚੁੱਲ੍ਹਾ ਜਿਹਾ ਬਣਾ ਕੇ ਹਟਿਆਂ, ਉੱਤੇ ਚਿਮਣੀ ਵੀ ਲਾ ਦਿੱਤੀ ਏ। ਵੇਖੋ, ਕਿਹੋ ਜਿਹੀ ਏ! ਹੁਣ ਸਿਆਲ ਲਈ ਲੱਕੜਾਂ ਇਕੱਠੀਆਂ ਕਰਨੀਆਂ ਬਾਕੀ ਰਹਿੰਦੀਆਂ ਨੇ। ਪਰ ਫਿਕਰ ਵਾਲੀ ਕੋਈ ਗੱਲ ਨਹੀਂ, ਆਲੇ ਦੁਆਲੇ ਬਥੇਰਾ ਘਾਹ ਬਰੂਟ ਪਿਆ ਹੋਇਐ। ਬੈਠਣ ਲਈ ਘਾਹ ਤੇ ਪਰਾਲੀ ਵਿਛਾ ਲਵਾਂਗੇ ਤੇ ਪੜ੍ਹਾਈ ਦਾ ਕੰਮ ਸ਼ੁਰੂ ਹੋ ਜਾਵੇਗਾ। ਇਹ ਦੱਸੋ ਕਿ ਪੜ੍ਹਨਾ ਚਾਹੁੰਦੀਆਂ ਜੇ ? ਸਕੂਲ ਆਇਆ ਕਰੋਗੀਆਂ ?"

ਮੈਂ ਆਪਣੀਆਂ ਸਹੇਲੀਆਂ ਵਿੱਚੋਂ ਸਭ ਤੋਂ ਵੱਡੀ ਸਾਂ, ਇਸ ਲਈ ਮੈਂ ਹੀ ਜਵਾਬ ਦੇਣ ਦਾ ਫੈਸਲਾ ਕੀਤਾ।

"ਜੇ ਚਾਚੀ ਆਉਣ ਦਏਗੀ ਤਾਂ ਆਇਆ ਕਰਾਂਗੀ", ਮੈਂ ਆਖਿਆ।

"ਆਉਣ ਕਿਉਂ ਨਾ ਦਏਗੀ ? ਜ਼ਰੂਰ ਆਉਣ ਦਏਗੀ। ਤੇਰਾ ਨਾ ਕੀ ਏ ?"

"ਅਲਤਿਨਾਈ", ਮੈਂ ਜਵਾਬ ਦਿੱਤਾ ਤੇ ਫਰਾਕ ਵਿੱਚੋਂ ਝਾਕ ਰਹੇ ਆਪਣੇ ਗੋਡੇ ਨੂੰ ਹੱਥ ਨਾਲ ਢੱਕ ਲਿਆ।

"ਅਲਤਿਨਾਈ—ਬੜਾ ਸੁਹਣਾ ਨਾਂ ਹੈ।" ਇਹ ਕਹਿੰਦਿਆਂ ਉਸ ਦੇ ਚਿਹਰੇ ਉੱਤੇ ਏਨੀ ਸੁਹਣੀ ਮੁਸਕਾਨ ਫੈਲ ਗਈ ਕਿ ਮੇਰਾ ਰੋਮ ਰੋਮ ਖੁਸ਼ੀ ਨਾਲ ਭਰ ਗਿਆ। "ਤੂੰ ਕਿਸ ਦੀ ਧੀ ਏ ?"

ਮੈਂ ਕੋਈ ਜਵਾਬ ਨਾ ਦਿੱਤਾ—ਮੈਨੂੰ ਇਹ ਪਸੰਦ ਨਹੀਂ ਸੀ ਕਿ ਲੋਕ ਮੇਰੇ ਉੱਤੇ ਤਰਸ ਕਰਨ।

"ਉਹ ਯਤੀਮ ਆ, ਆਪਣੇ ਚਾਚੇ ਕੋਲ਼ ਰਹਿੰਦੀ ਆ," ਮੇਰੀਆਂ ਸਹੇਲੀਆਂ ਨੇ ਦੱਸ ਦਿੱਤਾ।

"ਗੱਲ ਇੰਝ ਹੈ, ਅਲਤਿਨਾਈ, " ਦੂਈਸ਼ੇਨ ਮੇਰੇ ਵੱਲ ਵੇਖ ਕੇ ਫਿਰ ਮੁਸਕਰਾਇਆ, "ਤੂੰ ਦੂਸਰੇ ਮੁੰਡਿਆਂ ਕੁੜੀਆਂ ਨੂੰ ਵੀ ਸਕੂਲ ਵਿੱਚ ਲਿਆਵੀਂ, ਅੱਛਾ ? ਤੇ ਤੁਸੀਂ ਵੀ ਕੁੜੀਓ ਆ ਜਾਣਾ।"

"ਚੰਗਾ, ਚਾਚਾ।"

"ਮੈਨੂੰ ਚਾਚਾ ਨਹੀਂ ਅਧਿਆਪਕ ਆਖੋ ਤੇ ਤੁਸੀਂ ਸਕੂਲ ਵੇਖਣਾ ਚਾਹੁੰਦੀਆਂ ਜੇ ? ਆ ਜਾਓ, ਘਬਰਾਉ ਨਾ।"



Academy of the Punjab in North America: http://www.apnaorg.com

"ਨਹੀਂ, ਅਸੀਂ ਚਲਦੀਆਂ ਹਾਂ, ਘਰ ਪਹੁੰਚਣਾ ਚਾਹੀਦੈ," ਅਸੀਂ ਸ਼ਰਮਾ ਗਈਆਂ।

"ਚੰਗਾ ਫਿਰ, ਦੌੜ ਜਾਓ ਘਰ। ਜਦੋਂ ਪੜ੍ਹਨ ਆਓਂਗੀਆਂ ਤਦ ਵੇਖ ਲੈਣਾ। ਤੇ ਮੈਂ ਵੀ ਹਨੇਰਾ ਹੋਣ ਤੋਂ ਪਹਿਲਾਂ ਪਹਿਲਾਂ ਛਿੱਟਿਆਂ ਲਈ ਇੱਕ ਹੋਰ ਗੇੜਾ ਮਾਰ ਲੈਂਦਾ ਹਾਂ।"

ਦੂਈਸ਼ੇਨ ਨੇ ਰੱਸਾ ਤੇ ਦਾਤ੍ਰੀ ਫੜੀ ਤੇ ਖੇਤਾਂ ਵੱਲ ਚਲਾ ਗਿਆ। ਅਸੀਂ ਵੀ ਉੱਠੀਆਂ, ਬੋਰੀਆਂ ਮੋਢਿਆਂ 'ਤੇ ਚੁੱਕ ਲਈਆਂ ਤੇ ਪਿੰਡ ਵੱਲ ਨੂੰ ਚੱਲ ਪਈਆਂ ਤੇ ਅਚਾਨਕ ਮੇਰੇ ਮਨ ਵਿੱਚ ਕੋਈ ਕਿਆਸੋਂ ਬਾਹਰਾ ਵਿਚਾਰ ਆਇਆ।

"ਖਲੋ ਜਾਓ, ਸਖੀਓ!" ਮੈਂ ਸਹੇਲੀਆਂ ਨੂੰ ਉੱਚੀ ਅਵਾਜ ਮਾਰੀ। "ਆਓ, ਇਹ ਗੋਹੇ ਸਕੂਲੇ ਛੱਡ ਜਾਈਏ, ਸਿਆਲ ਲਈ ਬਹੁਤਾ ਬਾਲਣ ਹੋ ਜਾਵੇਗਾ।"

"ਤੇ ਘਰ ਖਾਲੀ ਹੱਥ ਜਾਵਾਂਗੀਆਂ ? ਬੜੀ ਚਾਤਰ ਬਣੀ ਫਿਰਦੀ ਏਂ!"

"ਅਸੀਂ ਮੁੜ ਕੇ ਹੋਰ ਇਕੱਠੀਆਂ ਕਰ ਲਵਾਂਗੀਆਂ।"

"ਨਹੀਂ ਦੇਰ ਹੋ ਜਾਊਗੀ, ਘਰੋਂ ਝਿੜਕਾਂ ਪੈਣਗੀਆਂ।"

ਤੇ ਮੈਨੂੰ ਉਡੀਕੇ ਬਿਨਾਂ ਹੀ ਕੁੜੀਆਂ ਕਾਹਲ਼ੀ ਕਾਹਲ਼ੀ ਘਰਾਂ ਵੱਲ ਚਲੀਆਂ ਗਈਆਂ।

ਅਜ ਤਕ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਕਿਸ ਚੀਜ਼ ਨੇ ਮੈਨੂੰ ਅਜਿਹਾ ਕਰਨ ਲਈ ਮਜ਼ਬੂਰ ਕੀਤਾ ਸੀ। ਸ਼ਾਇਦ ਇਸ ਚੀਜ਼ ਨੇ ਕਿ ਮੈਂ ਸਹੇਲੀਆਂ ਨਾਲ਼ ਨਾਰਾਜ਼ ਹੋ ਗਈ ਸਾਂ ਜਿਹੜੀਆਂ ਮੇਰੇ ਆਖੇ ਨਹੀਂ ਲੱਗੀਆਂ ਸਨ ਤੇ ਮੈਂ ਆਪਣੀ ਗੱਲ ਉੱਤੇ ਅੜੀ ਰਹਿਣ ਦਾ ਫੈਸਲਾ ਕਰ ਲਿਆ ਸੀ, ਜਾਂ ਫਿਰ ਇਸ ਕਰਕੇ ਕਿ ਬਚਪਨ ਤੋਂ ਹੀ ਮੇਰੀਆਂ ਆਸਾਂ-ਉਮੰਗਾਂ ਉਜੱਡ ਲੋਕਾਂ ਦੀਆਂ ਝਿੜਕਾਂ ਤੇ ਕੁੱਟ ਮਾਰ ਅੱਗੇ ਦਬੀਆਂ ਰਹੀਆਂ ਸਨ। ਪਰ ਹੁਣ ਅਚਾਨਕ ਹੀ ਇਹ ਇੱਛਾ ਜਾਗ ਪਈ ਕਿ ਕਿਸੇ ਤਰਾਂ ਪਹਿਲੀ ਵਾਰ ਮਿਲਣ ਵਾਲੇ ਉਸ ਅਜਨਬੀ ਇਨਸਾਨ ਦੀ ਮੁਸਕਾਨ ਦੇ ਬਦਲੇ, ਜਿਸ ਨਾਲ ਮੇਰੇ ਰੋਮ ਰੋਮ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਸੀ, ਮੇਰੇ ਵੱਲ ਉਸ ਦੇ ਮਾਮੂਲੀ ਜਿਹੇ ਵਿਸ਼ਵਾਸ਼ ਲਈ, ਉਸ ਦੇ ਮੂਹੋਂ ਨਿਕਲੀਆਂ ਕੁੱਝ ਸਦਭਾਵੀ ਗੱਲਾਂ ਲਈ ਸ਼ੁਕਰੀਆ ਅਦਾ ਕਰਾਂ। ਪਰ ਇੱਕ ਗੱਲ ਮੈਂ ਚੰਗੀ ਤਰਾਂ ਜਾਣਦੀ ਹਾਂ, ਮੈਨੂੰ ਇਸਦਾ ਪੱਕਾ ਯਕੀਨ ਹੈ ਕਿ ਮੇਰੀ ਅਸਲੀ ਹੋਣੀ, ਖੁਸ਼ੀਆਂ ਤੇ ਕਸ਼ਟਾਂ ਭਰੀ ਮੇਰੀ ਜਿੰਦਗੀ ਉਸ ਦਿਨ ਤੋਂ, ਗੋਹਿਆਂ ਦੀ ਉਸ ਬੋਰੀ ਤੋਂ ਸ਼ੁਰੂ ਹੋਈ ਸੀ। ਅਜਿਹਾ ਮੈਂ ਇਸ ਲਈ ਕਹਿੰਦੀ ਹਾਂ ਕਿ ਉਸ ਦਿਨ ਹੀ ਜੀਵਨ ਵਿੱਚ ਪਹਿਲੀ ਵਾਰ, ਬਿਨਾਂ ਕੁੱਝ ਸੋਚੇ ਸਮਝੇ ਤੇ ਸਜ਼ਾ ਮਿਲਣ ਦੇ ਕਿਸੇ ਡਰ ਤੋਂ ਬਿਨਾਂ ਜਿਸ ਕੰਮ ਨੂੰ ਜ਼ਰੂਰੀ ਸਮਝਿਆ, ਉਸ ਨੂੰ ਕਰਨ ਦਾ ਮਨ ਬਣਾਇਆ ਤੇ ਕੀਤਾ ਵੀ। ਜਦੋਂ ਮੇਰੀਆਂ ਸਹੇਲੀਆਂ ਮੈਨੂੰ ਇਕੱਲੀ ਨੂੰ ਛੱਡ ਗਈਆਂ ਤਾਂ ਮੈਂ ਦੌੜ ਕੇ ਦੂਈਸ਼ੇਨ ਦੇ ਸਕੂਲ ਵੱਲ ਗਈ, ਗੋਹਿਆਂ ਦੀ ਬੋਰੀ ਦਰਵਾਜੇ ਲਾਗੇ ਖਾਲੀ ਕੀਤੀ ਤੇ ਉਸੇ ਵੇਲੇ ਹੋਰ ਗੋਹੇ ਇਕੱਠੇ ਕਰਨ ਲਈ ਉੱਚੀਆਂ ਨੀਵੀਆਂ ਥਾਵਾਂ ਥਾਣੀਂ ਪਹਾੜ ਦੀ ਗੋਦ ਵੱਲ ਸ਼ੂਟ ਵੱਟ ਗਈ।

ਮੈਂ ਕੁੱਝ ਸੋਚੇ ਸਮਝੇ ਬਿਨਾਂ ਹੀ, ਪਤਾ ਨਹੀਂ ਕਿੱਧਰ , ਦੌੜੀ ਜਾ ਰਹੀ ਸਾਂ। ਇੰਝ ਲਗਦਾ ਸੀ ਜਿਵੇਂ ਮੇਰੇ ਅੰਦਰ ਉਤਸ਼ਾਹ ਦਾ ਸਾਗਰ ਛਲਕ ਪਿਆ ਸੀ, ਮੇਰਾ ਦਿਲ ਖੁਸ਼ੀ ਨਾਲ਼ ਉਛਾਲ਼ੇ ਮਾਰ ਰਿਹਾ ਸੀ ਜਿਵੇਂ ਮੈਂ ਕੋਈ ਵੱਡਾ ਕਾਰਨਾਮਾ ਕੀਤਾ ਹੋਵੇ ਤੇ ਸੂਰਜ ਨੂੰ ਜਿਵੇਂ ਪਤਾ ਹੀ ਨਹੀਂ ਸੀ ਕਿ ਮੈਂ ਇੰਨੀ ਖੁਸ਼ ਕਿਉਂ ਸਾਂ। ਹਾਂ, ਮੈਨੂੰ ਵਿਸ਼ਵਾਸ਼ ਹੈ, ਉਸ ਨੂੰ ਪਤਾ ਸੀ ਕਿ ਮੇਰੀ ਚਾਲ ਵਿੱਚ ਏਨਾ ਹਲਕਾਪਨ ਤੇ ਦਿਲ ਵਿੱਚ ਏਨੀ ਖੁਸ਼ੀ ਕਿਉਂ ਸੀ।


Academy of the Punjab in North America: http://www.apnaorg.com

ਕਿਉਂਕਿ ਮੈਂ ਕੋਈ ਛੋਟਾ ਜਿਹਾ ਨੇਕ ਕੰਮ ਕੀਤਾ ਸੀ।

ਸੂਰਜ ਪਹਾੜਾਂ ਵੱਲ ਨੀਵਾਂ ਹੋ ਚੁੱਕਾ ਸੀ ਪਰ ਮੈਨੂੰ ਲੱਗ ਰਿਹਾ ਸੀ ਕਿ ਉਸ ਨੇ ਆਪਣੀ ਤੋਰ ਮੱਠੀ ਕਰ ਲਈ ਸੀ। ਉਹ ਅਸਤ ਨਹੀਂ ਹੋ ਰਿਹਾ ਸੀ, ਉਹ ਮੈਨੂੰ ਨਿਹਾਰਨਾ ਚਾਹੁੰਦਾ ਸੀ। ਉਸਨੇ ਮੇਰੇ ਰਾਹ ਨੂੰ ਸ਼ਿੰਗਾਰਿਆ ਹੋਇਆ ਸੀ-ਪਤਝੜ ਦੀ ਖੁਰਦਰੀ ਧਰਤੀ ਮੇਰੇ ਪੈਰਾਂ ਹੇਠ ਲਾਲ ਸੂਹੇ, ਗੁਲਾਬੀ ਤੇ ਬੈਂਗਣੀ ਰੰਗਾਂ ਵਿੱਚ ਵਹਿੰਦੀ ਜਾ ਰਹੀ ਸੀ। ਸੂਰਜ ਦੀ ਝਿਲਮਿਲਾਉਂਦੀ ਰੌਸ਼ਨੀ ਵਿੱਚ ਜੰਗਲੀ ਬੂਟਿਆਂ ਦੀਆਂ ਸੁੱਕੀਆਂ ਟਾਹਣੀਆਂ ਉੱਡ ਉੱਡ ਆ ਰਹੀਆਂ ਸਨ। ਉਸ ਥਾਂ ਉੱਤੇ ਟਾਕੀਆਂ ਲੱਗੀ ਮੇਰੀ ਜੈਕਟ ਉੱਤੇ ਚਾਂਦੀ ਦੀ ਝਾਲ ਵਾਲ਼ੇ ਬਟਨ ਅੱਗ ਵਾਂਗ ਚਮਕ ਰਹੇ ਸਨ। ਮੈਂ ਅੱਗੇ ਹੀ ਅੱਗੇ ਦੌੜੀ ਜਾ ਰਹੀ ਸਾਂ ਤੇ ਮਨ ਹੀ ਮਨ ਫੁੱਲੀ ਨਹੀਂ ਸਮਾ ਰਹੀ ਸਾਂ। ਮੈਂ ਧਰਤੀ ਅਸਮਾਨ ਤੇ ਹਵਾ ਨੂੰ ਸੰਬੋਧਨ ਕਰ ਰਹੀ ਸਾਂ- "ਮੇਰੇ ਵੱਲ ਵੇਖੋ! ਵੇਖੋ, ਮੈਨੂੰ ਕਿੰਨਾ ਮਾਣ ਏ! ਮੈਂ ਪੜ੍ਹਾਂਗੀ, ਮੈਂ ਸਕੂਲ ਜਾਵਾਂਗੀ ਤੇ ਆਪਣੀਆਂ ਸਹੇਲੀਆਂ ਨੂੰ ਵੀ ਲੈ ਜਾਵਾਂਗੀ....."

ਮੈਨੂੰ ਪਤਾ ਨਹੀਂ ਮੈਂ ਕਦ ਤੱਕ ਇਸੇ ਤਰਾਂ ਦੌੜਦੀ ਗਈ ਸਾਂ, ਪਰ ਅਚਾਨਕ ਮੈਨੂੰ ਚੇਤਾ ਆਇਆ ਕਿ ਗੋਹੇ ਤਾਂ ਅਜੇ ਇਕੱਠੇ ਕਰਨੇ ਹਨ। ਪਰ ਬੜੀ ਅਜੀਬ ਗੱਲ ਇਹ ਹੋਈ ਕਿ ਇੱਥੇ ਸਾਰੀਆਂ ਗਰਮੀਆਂ ਏਨੇ ਪਸ਼ੂ ਚਰਦੇ ਰਹਿੰਦੇ ਸਨ ਤੇ ਇੰਨੇ ਗੋਹੇ ਹੋਇਆ ਕਰਦੇ ਸਨ, ਪਰ ਹੁਣ ਜਿਵੇਂ ਉਹਨਾਂ ਨੂੰ ਧਰਤੀ ਨਿਗਲ਼ ਗਈ ਹੋਵੇ। ਤੇ ਕੀ ਪਤਾ। ਮੈਂ ਉਹਨਾਂ ਨੂੰ ਭਾਲ਼ ਹੀ ਨਹੀਂ ਰਹੀ ਸਾਂ, ਮੈਂ ਕਦੀ ਇਸ ਥਾਂ ਤੇ ਕਦੀ ਉਸ ਥਾਂ ਜਾਂਦੀ ਤੇ ਜਿਉਂ ਜਿਉਂ ਅੱਗੇ ਵਧਦੀ ਜਾ ਰਹੀ ਸਾਂ ਤਿਉਂ ਤਿਉਂ ਗੋਹੇ ਵੀ ਘੱਟ ਨਜ਼ਰ ਆ ਰਹੇ ਸਨ। ਜਦੋਂ ਮੈਂ ਸੋਚਿਆ ਕਿ ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਗੋਹਿਆਂ ਦੀ ਬੋਰੀ ਨਹੀਂ ਭਰ ਸਕਣੀ ਤਾਂ ਮੈਂ ਡਰ ਗਈ। ਮੈਂ ਕਾਹਲੀ ਕਾਹਲੀ ਕਦੀ ਇੱਕ ਬੂਟੇ ਤੇ ਕਦੀ ਦੂਜੇ ਬੂਟੇ ਵੱਲ ਦੌੜਨ ਲੱਗੀ। ਕਿਸੇ ਨਾ ਕਿਸੇ ਤਰਾਂ ਮੈਂ ਅੱਧੀ ਬੋਰੀ ਭਰ ਲਈ ਇੰਨੇ ਨੂੰ ਸੂਰਜ ਡੁੱਬ ਗਿਆ। ਨਿਵਾਣਾਂ ਵਿੱਚ ਹਨੇਰਾ ਛੇਤੀ ਛੇਤੀ ਘਨੇਰਾ ਹੋਣ ਲੱਗਾ।

ਪਹਿਲਾਂ ਮੈਂ ਕਦੀ ਵੀ ਏਨੀ ਹਨੇਰ ਤੱਕ ਇਕੱਲੀ ਬਾਹਰ ਨਹੀਂ ਰਹੀ ਸਾਂ। ਸੁੰਞੇ ਤੇ ਖਾਮੋਸ਼ ਪਹਾੜਾਂ ਨੂੰ ਰਾਤ ਦੀ ਕਾਲ਼ੀ ਚਾਦਰ ਨੇ ਢਕ ਲਿਆ ਸੀ। ਡਰ ਨਾਲ਼ ਮੈਨੂੰ ਆਪਣੇ ਆਪ ਦਾ ਵੀ ਖਿਆਲ ਨਾ ਰਿਹਾ। ਮੈਂ ਬੋਰੀ ਆਪਣੇ ਮੋਢੇ 'ਤੇ ਸੁੱਟੀ ਪਿੰਡ ਵੱਲ ਦੌੜਨ ਲੱਗੀ। ਮੈਨੂੰ ਬੜਾ ਡਰ ਲੱਗ ਰਿਹਾ ਸੀ। ਹੋ ਸਕਦਾ ਸੀ ਕਿ ਮੇਰੀਆਂ ਡਾਡਾਂ ਨਿੱਕਲ ਜਾਂਦੀਆਂ, ਮੈਂ ਰੋਣ ਲੱਗ ਪੈਂਦੀ ਪਰ ਇੱਕ ਅਨੋਖਾ ਤੇ ਅਥੱਕ ਖਿਆਲ ਮੈਨੂੰ ਅਜਿਹਾ ਕਰਨ ਤੋਂ ਰੋਕ ਰਿਹਾ ਸੀ ਕਿ ਜੇ ਅਧਿਆਪਕ ਦੂਈਸ਼ੇਨ ਨੇ ਮੈਨੂੰ ਇਸ ਬੇਵੱਸੀ ਦੀ ਹਾਲਤ ਵਿੱਚ ਵੇਖ ਲਿਆ ਤਾਂ ਕੀ ਕਹੇਗਾ। ਮੈਂ ਵੀ ਹੌਸਲਾ ਕੀਤਾ, ਇੱਕ ਵਾਰ ਵੀ ਪਿੱਛੇ ਮੁੜਕੇ ਨਾ ਵੇਖਿਆ। ਮੈਨੂੰ ਇੰਝ ਲੱਗ ਰਿਹਾ ਸੀ ਕਿ ਅਧਿਆਪਕ ਮੇਰੇ ਵੱਲ ਵੇਖ ਰਿਹਾ ਸੀ।

ਮੈਂ ਮੁੜ੍ਹਕੇ ਤੇ ਘੱਟੇ ਨਾਲ਼ ਲਥਪੱਥ, ਹਫਦੀ ਹੋਈ ਘਰ ਪਹੁੰਚੀ। ਜਦੋਂ ਮੈਂ ਬਰੂਹਾਂ ਲੰਘ ਕੇ ਘਰ ਦੇ ਅੰਦਰ ਗਈ ਤਾਂ ਮੇਰਾ ਸਾਹ ਵਿੱਚ ਸਾਹ ਨਹੀਂ ਮਿਲ ਰਿਹਾ ਸੀ। ਚੁੱਲ੍ਹੇ ਲਾਗੇ ਬੈਠੀ ਮੇਰੀ ਚਾਚੀ ਕਹਿਰਵਾਨ ਹੋਈ ਉੱਠੀ ਤੇ ਮੈਨੂੰ ਝਈ ਲੈ ਕੇ ਪਈ। ਉਹ ਬੜੀ ਕ੍ਰੋਧੀ ਤੇ ਉਜੱਡ ਔਰਤ ਸੀ।

"ਤੂੰ ਕਿੱਥੇ ਗਰਕ ਹੋ ਗਈ ਸੈਂ?" ਉਹ ਮੇਰੇ ਵੱਲ ਵਧੀ। ਮੇਰੇ ਮੂਹੋਂ ਅਜੇ ਕੋਈ ਗੱਲ



Academy of the Punjab in North America: http://www.apnaorg.com

ਨਿੱਕਲੀ ਵੀ ਨਹੀਂ ਸੀ। ਉਸਨੇ ਬੋਰੀ ਮੇਰੇ ਕੋਲੋਂ ਖੋਹ ਕੇ ਇੱਕ ਪਾਸੇ ਵਗਾਹ ਮਾਰੀ। "ਸਾਰੇ ਦਿਨ 'ਚ ਤੂੰ ਬਸ ਇੰਨੇ ਹੀ ਗੋਹੇ ਇਕੱਠੇ ਕੀਤੇ ਨੇ?"

ਜਾਹਿਰ ਸੀ ਕਿ ਮੇਰੀਆਂ ਸਹੇਲੀਆਂ ਲੂਤੀ ਲਾ ਗਈਆਂ ਸਨ।

"ਕਲਮੂੰਹੀ ਚਾਰ ਵਲੈਤ ਦੀ! ਤੇਰਾ ਕੀ ਕੰਮ ਸੀ ਸਕੂਲੇ ਜਾਣ ਦਾ? ਹਾਏ ਹਾਏ , ਨੀ ਔਂਤਰੀਏ, ਤੂੰ ਉੱਥੇ, ਸਕੂਲ ਹੀ ਕਿਉਂ ਨਾ ਮਰ ਗਈਓਂ!" ਚਾਚੀ ਨੇ ਮੇਰਾ ਕੰਨ ਫੜ ਲਿਆ ਤੇ ਜੋਰ ਜੋਰ ਦੀ ਮੇਰੇ ਸਿਰ ਉਤੇ ਪਟੋਕੀਆਂ ਮਾਰਨ ਲੱਗ ਪਈ। "ਨਹਿਸ਼ ਯਤੀਮ! ਬਘਿਆੜ ਦਾ ਬੱਚਾ ਕਦੀ ਵੀ ਪਾਲਤੂ ਕੁੱਤਾ ਨਹੀਂ ਬਣ ਸਕਦਾ! ਲੋਕਾਂ ਦੇ ਨਿਆਣੇ ਘਰੀਂ ਆਉਂਦੇ ਨੇ ਤੇ ਇਹ ਘਰੋਂ ਬਾਹਰ ਜਾਂਦੀ ਆ। ਮੈਂ ਤੈਨੂੰ ਸਕੂਲ ਦਾ ਮਜਾ ਚਖਾਊਂ! ਤੂੰ ਸਕੂਲ ਲਾਗੇ ਜਾ ਕੇ ਵੇਖੀਂ ਸਹੀ, ਮੈਂ ਤੇਰੀਆਂ ਲੱਤਾਂ ਨਾ ਭੰਨ ਦਿੱਤੀਆਂ ਤਾਂ ਆਖੀਂ। ਮੁੜ ਕਦੀ ਵੀ ਸਕੂਲ ਦਾ ਨਾਂ ਨਹੀਂ ਲਏਂਗੀ..."

ਮੈਂ ਚੁੱਪ ਰਹੀ, ਬਸ ਇੰਨੀ ਕੁ ਕੋਸ਼ਿਸ਼ ਕਰਦੀ ਰਹੀ ਕਿ ਮੇਰੀਆਂ ਕਿਤੇ ਚੀਕਾਂ ਨਾ ਨਿੱਕਲ ਜਾਣ। ਕੇਵਲ ਮਗਰੋਂ ਹੀ, ਜਦੋਂ ਮੈਂ ਚੁੱਲ੍ਹੇ ਲਾਗੇ ਬੈਠੀ ਅੱਗ ਦਾ ਧਿਆਨ ਰੱਖ ਰਹੀ ਹੁੰਦੀ, ਆਪਣੀ ਭੂਰੀ ਬਿੱਲੀ ਨੂੰ ਸਹਿਲਾਉਂਦੀ ਹੋਈ ਚੁੱਪ ਚਪੀਤੀ ਰੋਂਦੀ ਰਹਿੰਦੀ। ਸਿਰਫ ਬਿੱਲੀ ਹੀ ਜਾਣਦੀ ਸੀ ਕਿ ਕਦੋਂ ਮੈਂ ਰੌਂਦੀ ਸਾਂ। ਉਦੋਂ ਉਹ ਭੁੜਕ ਕੇ ਮੇਰੇ ਗੋਡਿਆਂ ਉੱਤੇ ਆ ਬੈਠਦੀ। ਮੈਂ ਰੋ ਇਸ ਲਈ ਨਹੀਂ ਰਹੀ ਸਾਂ ਕਿ ਚਾਚੀ ਨੇ ਮੈਨੂੰ ਕੁੱਟਿਆ ਸੀ, ਨਹੀਂ, —ਇਸਦੀ ਤਾਂ ਮੈਨੂੰ ਆਦਤ ਪੈ ਚੁੱਕੀ ਸੀ। ਮੈਂ ਰੋ ਇਸ ਲਈ ਰਹੀ ਸਾਂ ਕਿ ਚਾਚੀ ਨੇ ਮੈਨੂੰ ਸਕੂਲ ਨਹੀਂ ਜਾਣ ਦੇਣਾ ਸੀ...

ਇਸ ਘਟਨਾ ਤੋਂ ਦੋ ਦਿਨ ਬਾਅਦ ਪਿੰਡ ਵਿੱਚ ਸਵੇਰੇ ਸਵਖਤੇ ਕੁੱਤੇ ਜ਼ੋਰ ਜ਼ੋਰ ਦੀ ਭੌਂਕਣ ਲੱਗੇ ਤੇ ਲੋਕੀਂ ਉੱਚੀ ਉੱਚੀ ਗੱਲਾਂ ਕਰਨ ਲੱਗੇ। ਵਿੱਚੋਂ ਗੱਲ ਇਹ ਨਿੱਕਲੀ ਕਿ ਦੂਈਸ਼ੇਨ ਘਰ ਘਰ ਜਾ ਕੇ ਸਕੂਲ ਲੈ ਕੇ ਜਾਣ ਲਈ ਬੱਚਿਆਂ ਨੂੰ ਇਕੱਠੇ ਕਰ ਰਿਹਾ ਸੀ। ਉਹਨੀਂ ਦਿਨੀਂ ਪਿੰਡ ਵਿੱਚ ਗਲੀਆਂ ਨਹੀਂ ਬਣੀਆਂ ਸਨ ਤੇ ਸਾਡੇ ਕੱਚੇ ਮਟਿਆਲ਼ੇ ਘਰ ਬਿਨਾਂ ਕਿਸੇ ਤਰਤੀਬ ਦੇ ਇੱਥੇ ਉੱਥੇ ਬਣੇ ਹੋਏ ਸਨ-ਜਿਸ ਦਾ ਜਿੱਥੇ ਜੀ ਕੀਤਾ ਉੱਥੇ ਹੀ ਘਰ ਬਣਾ ਲਿਆ। ਦੂਈਸ਼ੇਨ ਘਰ ਘਰ ਜਾ ਰਿਹਾ ਸੀ ਤੇ ਨਾਲ਼ ਹੀ ਸ਼ੋਰ ਗੁੱਲ ਮਚਾਉਂਦੇ ਹੋਏ ਬੱਚੇ ਵੀ।

ਸਾਡਾ ਘਰ ਸਭ ਤੋਂ ਬਾਹਰਵਾਰ ਸੀ। ਉਸ ਵੇਲੇ ਮੈਂ ਤੇ ਮੇਰੀ ਚਾਚੀ ਲੱਕੜੀ ਦੀ ਉੱਖਲ਼ੀ ਵਿੱਚ ਬਾਜਰਾ ਕੁੱਟ ਰਹੀਆਂ ਸਾਂ ਅਤੇ ਚਾਚਾ ਕੋਠੜੀ ਲਾਗੇ ਜ਼ਮੀਨ ਵਿੱਚ ਗੱਡੇ ਇੱਕ ਭੜੋਲੇ ਵਿੱਚੋਂ ਕਣਕ ਕੱਢ ਰਿਹਾ ਸੀ। ਉਹ ਕਣਕ ਲੈ ਕੇ ਮੰਡੀ ਜਾਣ ਵਾਲ਼ਾ ਸੀ। ਅਸੀਂ ਦੋਵੇਂ ਵਾਰੋ ਵਾਰੀ ਲੁਹਾਰਾਂ ਵਾਂਗ ਉੱਖਲ਼ੀ ਵਿੱਚ ਭਾਰੀ ਭਾਰੀ ਮੋਹਲ਼ੇ ਮਾਰ ਰਹੀਆਂ ਸਾਂ। ਨਾਲ਼ ਹੀ ਮੈਂ ਚੋਰ ਅੱਖ ਨਾਲ਼ ਵੇਖ ਲੈਂਦੀ ਸਾਂ ਕਿ ਅਧਿਆਪਕ ਕਿਨਾਂ-ਕੁ-ਦੂਰ ਸੀ। ਮੈਨੂੰ ਖਦਸ਼ਾ ਸੀ ਕਿ ਉਹ ਸਾਡੇ ਘਰ ਨਹੀਂ ਆਵੇਗਾ। ਇਹ ਜਾਣਦਿਆਂ ਵੀ ਕਿ ਚਾਚੀ ਮੈਨੂੰ ਸਕੂਲ ਨਹੀਂ ਜਾਣ ਦਏਗੀ ਫਿਰ ਵੀ ਮੇਰਾ ਦਿਲ ਚਾਹੁੰਦਾ ਸੀ ਕਿ ਦੂਈਸ਼ੇਨ ਸਾਡੇ ਘਰ ਆ ਜਾਵੇ ਤਾਂ ਜੋ ਉਹ ਏਨਾਂ ਵੇਖ ਹੀ ਲੈਂਦਾ ਕਿ ਮੈਂ ਕਿਵੇਂ ਰਹਿੰਦੀ ਸਾਂ। ਮੈਂ ਮਨ ਹੀ ਮਨ ਅਧਿਆਪਕ ਦੇ ਹਾੜੇ ਕੱਢ ਰਹੀ ਸਾਂ ਕਿ ਉਹ ਸਾਡੇ ਘਰ ਤਕ ਆਏ ਬਿਨਾਂ ਹੀ ਮੁੜ



Academy of the Punjab in North America: http://www.apnaorg.com

ਨਾ ਜਾਵੇ।

"ਸਲਾਮ ਅਲੈਕਮ, ਸੁਆਣੀ ਜੀ, ਅੱਲਾ-ਤਾਅਲਾ ਤੁਹਾਡਾ ਮਦਦਗਾਰ ਹੋਵੇ! ਤੇ ਜੇ ਅੱਲਾ-ਤਾਅਲਾ ਮਦਦਗਾਰ ਨਹੀਂ ਹੁੰਦਾ ਤਾਂ ਅਸੀਂ ਸਾਰੇ ਮਿਲ਼ ਕੇ ਤੁਹਾਡੀ ਮਦਦ ਕਰ ਸਕਦੇ ਹਾਂ। ਜਰਾ ਵੇਖੋ, ਅਸੀਂ ਕਿੰਨੇ ਜਣੇ ਹਾਂ!" ਦੂਈਸ਼ੇਨ ਨੇ ਮਜ਼ਾਕ ਵਿੱਚ ਚਾਚੀ ਨਾਲ਼ ਦੁਆ-ਸਲਾਮ ਕੀਤੀ। ਉਸ ਨਾਲ਼ ਉਸ ਦੇ ਭਵਿੱਖੀ ਸ਼ਾਗਿਰਦ ਸਨ।

ਜਵਾਬ ਵਿੱਚ ਚਾਚੀ ਨੇ ਕੁੱਝ ਬੁੜ-ਬੁੜ ਕੀਤਾ ਤੇ ਚਾਚੇ ਨੇ ਭੜੋਲੇ ਵਿੱਚੋਂ ਸਿਰ ਵੀ ਨਾ ਕੱਢਿਆ।

ਇਸ ਨਾਲ਼ ਦੂਈਸ਼ੇਨ ਘਬਰਾਇਆ ਨਹੀਂ। ਉਹ ਬੜੇ ਕੰਮ ਕਾਜੀ ਲਹਿਜੇ ਨਾਲ਼ ਵਿਹੜੇ ਵਿੱਚ ਪਏ ਲੱਕੜ ਦੇ ਇੱਕ ਮੁੱਢ ਉੱਤੇ ਬੈਠ ਗਿਆ, ਕਾਗਜ਼ ਤੇ ਪੈਨਸਿਲ ਕੱਢ ਕੇ ਬੋਲਿਆ-

"ਅੱਜ ਅਸੀਂ ਸਕੂਲ ਵਿੱਚ ਪੜ੍ਹਾਈ ਸ਼ੁਰੂ ਕਰ ਰਹੇ ਹਾਂ। ਤੁਹਾਡੀ ਲੜਕੀ ਕਿੰਨੇ ਸਾਲਾਂ ਦੀ ਏ?"

ਕੋਈ ਜਵਾਬ ਦਿੱਤੇ ਬਿਨਾਂ ਚਾਚੀ ਨੇ ਬੜੇ ਗੁੱਸੇ ਵਿੱਚ ਆ ਕੇ ਮੋਹਲ਼ਾ ਉੱਖਲ਼ੀ ਵਿੱਚ ਮਾਰਿਆ। ਸ਼ਪੱਸ਼ਟ ਸੀ ਕਿ ਉਹ ਕੋਈ ਗੱਲ ਕਰਨੀ ਨਹੀਂ ਚਾਹੁੰਦੀ ਸੀ। ਮੈਂ ਅੰਦਰ ਹੀ ਅੰਦਰ ਸੁੰਗੜਦੀ ਜਾ ਰਹੀ ਸਾਂ ਕਿ ਹੁਣ ਕੀ ਹੋਵੇਗਾ? ਦੂਈਸ਼ੇਨ ਮੇਰੇ ਵੱਲ ਵੇਖ ਕੇ ਮੁਸਕਰਾ ਪਿਆ ਅਤੇ ਉਸ ਵਾਰ ਵਾਂਗ ਹੀ ਮੇਰਾ ਰੋਮ ਰੋਮ ਖੁਸ਼ੀ ਨਾਲ਼ ਭਰ ਗਿਆ।

"ਅਲਤਿਨਾਈ, ਤੂੰ ਕਿੰਨੇ ਸਾਲਾਂ ਦੀ ਏ? ਉਸ ਨੇ ਪੁੱਛਿਆ।

ਮੇਰਾ ਜਵਾਬ ਦੇਣ ਦਾ ਹੌਸਲਾ ਨਾ ਪਿਆ।

"ਤੇਰਾ ਇਹਦੇ ਨਾਲ਼ ਕੀ ਮਤਲਬ? ਆਇਆ ਵੱਡਾ ਇਨਸਪੈਕਟਰ!" ਚਾਚੀ ਚਿੜਚਿੜੇ ਲਹਿਜੇ ਵਿੱਚ ਬੋਲੀ। ਏਹਨੂੰ ਪੜ੍ਹਨ ਦੀ ਕੋਈ ਲੋੜ ਨਹੀਂ! ਮਾਵਾਂ ਪਿਉਵਾਂ ਵਾਲ਼ੇ ਨਿਆਣੇ ਵੀ ਨਹੀਂ ਪੜ੍ਹਦੇ, ਇਹਦੇ ਵਾਲੀ ਤਾਂ ਗੱਲ ਹੀ ਦੂਰ ਰਹੀ। ਬਥੇਰਾ ਕੁਤੀੜ-ਵਾਧਾ 'ਕੱਠਾ ਹੋ ਗਿਐ ਤੇਰੇ ਕੋਲ਼। ਲੈ ਜਾ ਇਹਨਾਂ ਨੂੰ ਸਕੂਲੇ, ਤੇ ਇੱਥੇ ਤੇਰਾ ਕੋਈ ਕੰਮ ਨਹੀਂ। "

ਦੂਈਸ਼ੇਨ ਭੁੜਕ ਕੇ ਉੱਠਿਆ।

"ਤੁਸੀਂ ਸੋਚੋ ਤਾਂ ਸਹੀ ਕਿ ਕੀ ਕਹਿ ਰਹੇ ਜੇ! ਜੇ ਉਹ ਯਤੀਮ ਏ ਤਾਂ ਉਹਦਾ ਕੀ ਕਸੂਰ? ਕਿੱਥੇ ਇਹ ਕਾਨੂੰਨ ਲਿਖਿਆ ਹੋਇਐ ਕਿ ਯਤੀਮ ਪੜ੍ਹ ਨਹੀਂ ਸਕਦੇ?"

"ਮੈਂ ਤੇਰੇ ਕੜੇ-ਕਾਨੂੰਨਾਂ ਨੂੰ ਅੱਗ ਲਾਉਣੀ ਆਂ! ਮੇਰੇ ਆਪਣੇ ਕਾਨੂੰਨ ਨੇ, ਤੂੰ ਬਹੁਤਾ ਹੁਕਮ ਨਾ ਚਾੜ੍ਹ!"

"ਸਾਡੇ ਕਾਨੂੰਨ ਸਾਰਿਆਂ ਲਈ ਇੱਕੋ ਜਿਹੇ ਨੇ! ਜੇ ਤੁਹਾਨੂੰ ਇਸ ਲੜਕੀ ਦੀ ਕੋਈ ਲੋੜ ਨਹੀਂ ਤਾਂ ਸਾਨੂੰ— ਸੋਵੀਅਤ ਸਰਕਾਰ ਨੂੰ— ਇਸਦੀ ਲੋੜ ਹੈ। ਜੇ ਤੁਸੀਂ ਸਾਡੀ ਮੁਖ਼ਾਲਫ਼ਤ ਕੀਤੀ ਤਾਂ ਸਬਕ ਸਿਖਾ ਦਿਆਂਗੇ!"

"ਆਇਆ ਵੱਡਾ ਸਬਕ ਸਿਖਾਉਣ ਵਾਲ਼ਾ!" ਚਾਚੀ ਢਾਕਾਂ ਉੱਤੇ ਹੱਥ ਰੱਖ ਕੇ ਗਰਜੀ। " ਇਸ ਉਤੇ ਕਿਸ ਦਾ ਹੁਕਮ ਚੱਲੇਗਾ? ਮੇਰਾ, ਜਿਹੜੀ ਇਹਦਾ ਲੱਲਰ ਭਰਦੀ

ਆ ਕਿ ਤੇਰਾ, ਅਵਾਰਾਗਰਦੀ ਕਰਦਾ ਇੱਥੇ ਆ ਧਮਕਿਆ ਏ..?!"

ਪਤਾ ਨਹੀਂ ਇਸ ਘਟਨਾ ਦਾ ਅੰਤ ਕੀ ਹੁੰਦਾ ਜੇ ਉਦੋਂ ਹੀ ਲੱਕ ਤੱਕ ਨੰਗਾ ਮੇਰਾ ਚਾਚਾ ਭੜੋਲੇ ਵਿੱਚੋਂ ਆਪਣਾ ਸਿਰ ਨਾ ਕੱਢਦਾ। ਜਦੋਂ ਕਦੀ ਵੀ ਚਾਚੀ ਇਹ ਭੁੱਲ ਕੇ ਕਿ ਘਰ ਦਾ ਮਾਲਕ ਉਸ ਦਾ ਪਤੀ ਘਰ ਵਿੱਚ ਹੀ ਸੀ, ਵਧ ਚੜ੍ਹ ਕੇ ਗੱਲਾਂ ਕਰਨ ਲੱਗ ਪੈਂਦੀ ਤਾਂ ਉਹ ਆਪੇ ਤੋਂ ਬਾਹਰਾ ਹੋ ਜਾਂਦਾ ਸੀ। ਇਸ ਦੇ ਬਦਲੇ ਉਹ ਚਾਚੀ ਨੂੰ ਖ਼ੂਬ ਕੁਟਾਪਾ ਚਾੜ੍ਹਦਾ। ਲਗਦਾ ਸੀ ਕਿ ਇਸ ਵਾਰ ਵੀ ਉਹ ਗੁੱਸੇ ਵਿੱਚ ਉਬਲ ਰਿਹਾ ਸੀ।

"ਚੁੱਪ ਕਰ, ਬੁੱਢੀਏ!" ਭੜੋਲੇ ਵਿੱਚੋਂ ਨਿੱਕਲ਼ਦਿਆਂ ਉਹ ਕੜਕਿਆ।" ਕਦੋਂ ਤੋਂ ਤੂੰ ਇਸ ਘਰ ਦੀ ਕਰਤੀ ਧਰਤੀ ਬਣ ਬੈਠੀ ਏਂ? ਬਹੁਤੀ ਬਕੜਵਾਹ ਨਾ ਕਰ ਤੇ ਆਪਣੇ ਕੰਮ ਨਾਲ਼ ਬਹੁਤਾ ਵਾਸਤਾ ਰੱਖ। ਤੇ ਤੂੰ , ਤਾਸ਼ਤਨਬੇਗ ਦਿਆ ਪੁੱਤਾ, ਲੈ ਜਾ ਕੁੜੀ ਨੂੰ, ਜੀਅ ਕਰੇ ਤਾਂ ਪੜ੍ਹਾ ਲਈਂ, ਜੀਅ ਕਰੇ ਤਾਂ ਭੁੰਨ ਲਈਂ ਤੇ ਹੁਣ, ਮੇਰੇ ਘਰ 'ਚੋਂ ਨਿੱਕਲਦਾ ਹੋ!"

"ਵਾਹ ਤੇਰੇ, ਉਹ ਸਕੂਲ ਵਿੱਚ ਮੌਜਾਂ ਉਡਾਉਂਦੀ ਫਿਰੇ ਤੇ ਘਰ ਦਾ ਕੰਮ ਕੌਣ ਕਰੂ? ਮੈਂ ਹੀ ਸਭ ਕੁੱਝ ਕਰੂੰ?" ਚਾਚੀ ਚੀਕਣ ਲੱਗੀ ਪਰ ਚਾਚੇ ਨੇ ਚੁੱਪ ਕਰਾ ਦਿੱਤੀ :

"ਚੁੱਪ ਕਰ ਮੈਂ ਆਖ ਜੂ ਦਿੱਤੈ!"

ਹਰ ਰਾਤ ਦੀ ਪ੍ਰਭਾਤ ਵੀ ਹੁੰਦੀ ਹੈ। ਇੰਝ, ਮੈਂ ਪਹਿਲੀ ਵਾਰ ਸਕੂਲ ਗਈ।

ਉਸ ਦਿਨ ਤੋਂ ਦੂਈਸ਼ੇਨ ਹਰ ਰੋਜ਼ ਸਾਨੂੰ ਘਰ ਘਰ ਵਿੱਚੋਂ ਇਕੱਠਿਆਂ ਕਰਦਾ ਤੇ ਸਕੂਲੇ ਲੈ ਜਾਂਦਾ।

ਪਹਿਲੇ ਦਿਨ ਅਸੀਂ ਭੁੰਜੇ ਵਿਛੀ ਪਰਾਲੀ ਉੱਤੇ ਬੈਠੇ। ਸਾਨੂੰ ਇੱਕ-ਇੱਕ ਕਾਪੀ, ਇੱਕ-ਇੱਕ ਪੈਂਸਲ ਅਤੇ ਇੱਕ-ਇੱਕ ਫੱਟੀ ਦਿੱਤੀ ਗਈ।

"ਫੱਟੀਆਂ ਨੂੰ ਗੋਡਿਆਂ ਉੱਤੇ ਟਿਕਾ ਲਓ, ਲਿਖਣ ਵਿੱਚ ਸੌਖ ਰਹੇਗੀ", ਦੂਈਸ਼ੇਨ ਨੇ ਸਮਝਾਇਆ।

ਫਿਰ ਉਸ ਨੇ ਕੰਧ ਉੱਤੇ ਲਟਕਿਆ ਹੋਇਆ-ਰੂਸੀ ਇਨਸਾਨ ਦਾ ਚਿੱਤਰ ਵਿਖਾਇਆ।

"ਇਹ ਲੈਨਿਨ ਹੈ!" ਉਸ ਨੇ ਆਖਿਆ।

ਲੈਨਿਨ ਦਾ ਉਹ ਚਿੱਤਰ ਮੈਨੂੰ ਅਜੇ ਵੀ ਯਾਦ ਹੈ। ਪਤਾ ਨਹੀਂ ਕਿਉਂ, ਮੈਂ ਕਦੀ ਵੀ ਲੈਨਿਨ ਦਾ ਉਸ ਤਰਾਂ ਦਾ ਚਿੱਤਰ ਨਹੀਂ ਵੇਖਿਆ ਤੇ ਮੈਂ ਉਸ ਨੂੰ ਮਨ ਹੀ ਮਨ " ਦੂਈਸ਼ੇਨ ਵਾਲ਼ਾ" ਚਿੱਤਰ ਕਹਿੰਦੀ ਹਾਂ। ਉਸ ਵਿੱਚ ਲੈਨਿਨ ਨੇ ਇੱਕ ਢਿੱਲੀ ਜਿਹੀ ਫੌਜੀ ਜੈਕਟ ਪਹਿਨੀ ਹੋਈ ਸੀ, ਗੱਲ੍ਹਾਂ ਧਸੀਆਂ ਹੋਈਆਂ ਸਨ ਤੇ ਦਾੜ੍ਹੀ ਵਧੀ ਹੋਈ ਸੀ। ਉਸ ਦੀ ਫੱਟੜ ਬਾਂਹ ਇੱਕ ਪੱਟੀ ਵਿੱਚ ਲਟਕੀ ਹੋਈ ਸੀ ਅਤੇ ਉਸ ਦੀ ਟੋਪੀ ਹੇਠੋਂ ਜਿਹੜੀ ਗਿੱਚੀ ਵੱਲ ਖਿਸਕੀ ਹੋਈ ਸੀ, ਮਿਹਰਬਾਨ ਅੱਖਾਂ ਬੜੀ ਸ਼ਾਂਤੀ ਨਾਲ਼ ਵੇਖ ਰਹੀਆਂ ਸਨ। ਉਸ ਦੀ ਕੋਮਲ , ਹਮਦਰਦ ਨਜ਼ਰ ਜਿਵੇਂ ਸਾਨੂੰ ਕਹਿ ਰਹੀ ਹੋਵੇ-"ਕਾਸ਼ ਕਿ ਤੁਸੀਂ ਜਾਣਦੇ ਹੁੰਦੇ, ਕਿੰਨਾ ਰੌਸ਼ਨ ਭਵਿੱਖ ਤੁਹਾਡੀ ਰਾਹ ਵੇਖ ਰਿਹਾ ਹੈ!" ਮੈਨੂੰ ਇੰਝ ਲੱਗਾ ਜਿਵੇਂ ਉਸ ਸ਼ਾਂਤ ਪਲ ਹੀ ਉਹ ਮੇਰੇ ਭਵਿੱਖ ਬਾਰੇ ਸੋਚ ਰਿਹਾ ਸੀ।

---

* ਬਾਹਵਾਂ ਖੜੀਆਂ ਕਰੋ —**ਅਨੁ.**



Academy of the Punjab in North America: http://www.apnaorg.com

ਲਗਦਾ ਸੀ ਕਿ ਉਹ ਚਿੱਤਰ ਦੂਈਸ਼ੇਨ ਕੋਲ ਚਿਰੋਕਣਾ ਸੀ ਜਿਹੜਾ ਇੱਕ ਮਾਮੂਲੀ ਇਸ਼ਤਿਹਾਰੀ ਕਾਗਜ਼ ਉਤੇ ਛਪਿਆ ਹੋਇਆ ਸੀ। ਮੋੜਾਂ ਵਾਲ਼ੀ ਥਾਂ ਤੋਂ ਚਿੱਤਰ ਦਾ ਰੰਗ ਲੱਥ ਗਿਆ ਹੋਇਆ ਸੀ ਤੇ ਪਾਸਿਆਂ ਤੋਂ ਪਾਟਾ ਹੋਇਆ ਸੀ। ਇਸ ਤੋਂ ਇਲਾਵਾ ਸਕੂਲ ਦੀ ਚਾਰਦੀਵਾਰੀ ਅੰਦਰ ਹੋਰ ਕੁੱਝ ਵੀ ਨਹੀਂ ਸੀ।

"ਬੱਚਿਓ, ਮੈਂ ਤੁਹਾਨੂੰ ਪੜ੍ਹਨਾ ਤੇ ਗਿਣਨਾ ਸਿਖਾਉਣ ਲੱਗਾ ਹਾਂ। ਮੈਂ ਤੁਹਾਨੂੰ ਵਿਖਾਵਾਂਗਾ ਕਿ ਅੱਖਰ ਤੇ ਹਿੰਦਸੇ ਕਿਵੇਂ ਲਿਖੇ ਜਾਂਦੇ ਨੇ," ਦੂਈਸ਼ੇਨ ਨੇ ਆਖਿਆ। "ਮੈਂ ਤੁਹਾਨੂੰ ਹਰ ਉਹ ਗੱਲ ਸਿਖਾਵਾਂਗਾ ਜਿਸ ਦਾ ਮੈਨੂੰ ਆਪ ਨੂੰ ਇਲਮ ਹੈ...."

ਤੇ ਸੱਚਮੁੱਚ ਹੀ, ਉਸ ਨੇ ਸਾਨੂੰ ਸਭ ਕੁੱਝ ਸਿਖਾਇਆ ਜਿਸ ਦਾ ਉਸਨੂੰ ਇਲਮ ਸੀ। ਪੜ੍ਹਾਉਣ ਵੇਲੇ ਉਹ ਲਾਸਾਨੀ ਸਿਦਕਦਿਲੀ ਤੋਂ ਕੰਮ ਲੈਂਦਾ ਸੀ। ਉਹ ਹਰ ਬੱਚੇ ਉੱਤੇ ਝੁਕ ਕੇ ਸਿਖਾਉਂਦਾ ਕਿ ਪੈਂਸਲ ਕਿਵੇਂ ਫੜਨੀ ਹੈ, ਅਤੇ ਮਗਰੋਂ ਬੜੀ ਹੀ ਲਗਨ ਨਾਲ ਉਹਨਾਂ ਲਫਜਾਂ ਦਾ ਮਤਲਬ ਸਮਝਾਉਂਦਾ ਜਿਹੜੇ ਸਾਡੀ ਸਮਝ ਤੋਂ ਬਾਹਰੇ ਹੁੰਦੇ ਸਨ।

ਮੈਂ ਅੱਜ ਵੀ ਸੋਚਦੀ ਤੇ ਹੈਰਾਨ ਹੁੰਦੀ ਹਾਂ ਕਿ ਉਸ ਗੱਭਰੂ ਨੇ, ਜਿਹੜਾ ਆਪ ਹੀ ਬਹੁਤ ਘੱਟ ਪੜ੍ਹਿਆ ਹੋਇਆ ਸੀ, ਜਿਹੜਾ ਬੜੀ ਮੁਸ਼ਕਿਲ ਨਾਲ ਜੋੜ-ਜੋੜ ਕੇ ਅੱਖਰ ਪੜ੍ਹਦਾ ਸੀ, ਜਿਸ ਦੇ ਕੋਲ ਇੱਕ ਵੀ ਪਾਠ ਪੁਸਤਕ ਨਹੀਂ ਸੀ, ਇੱਥੋਂ ਤੱਕ ਕਿ ਅੱਖਰ ਮਾਲਾ ਦੀ ਪੁਸਤਕ ਵੀ ਨਹੀਂ ਸੀ, ਕਿਵੇਂ ਐਡਾ ਵੱਡਾ ਕੰਮ ਹੱਥ ਵਿੱਚ ਲੈਣ ਦੀ ਹਿੰਮਤ ਕੀਤੀ ਸੀ ਜੋ ਸੱਚਮੁੱਚ ਹੀ ਮਹਾਨ ਕਾਰਜ ਸੀ। ਅਜਿਹੇ ਬੱਚਿਆਂ ਨੂੰ ਪੜ੍ਹਾਉਣਾ ਕੋਈ ਸੌਖਾ ਕੰਮ ਨਹੀਂ ਸੀ ਜਿੰਹਨਾਂ ਦੀਆਂ ਪਿਛਲੀਆਂ ਸੱਤ ਪੁਸ਼ਤਾਂ ਨੇ ਸਕੂਲ ਦਾ ਨਾਂ ਸੁਣਿਆਂ ਤੱਕ ਨਾ ਹੋਵੇ। ਇਸ ਤੋਂ ਇਲਾਵਾ, ਦੂਈਸ਼ੇਨ ਨੂੰ ਸਲੇਬਸ ਤੇ ਅਧਿਆਪਨ-ਵਿਧੀ ਦਾ ਕੋਈ ਥਹੁ-ਪਤਾ ਨਹੀਂ ਸੀ। ਇੱਥੋਂ ਤੱਕ ਕਿ ਉਹ ਅਜਿਹੀਆਂ ਚੀਜਾਂ ਦੀ ਹੋਂਦ ਤੋਂ ਹੀ ਅਣਜਾਣ ਸੀ।

ਦੂਈਸ਼ੇਨ ਸਾਨੂੰ ਆਪਣੀ ਸਮਝ, ਆਪਣੀ ਸਮਰੱਥਾ ਅਨੁਸਾਰ ਜਿਵੇਂ ਪੜ੍ਹਾ ਸਕਦਾ ਸੀ ਪੜ੍ਹਾਇਆ ਕਰਦਾ ਸੀ। ਪਰ ਮੈਨੂੰ ਪੂਰਾ ਯਕੀਨ ਹੈ ਕਿ ਉਸ ਦਾ ਸੁਹਿਰਦ ਉਤਸ਼ਾਹ, ਉਸ ਦਾ ਜੋਸ਼, ਜਿਸ ਨਾਲ਼ ਉਸਨੇ ਸਾਨੂੰ ਪੜ੍ਹਾਉਣ ਦਾ ਬੀੜਾ ਚੁੱਕਿਆ ਸੀ, ਅਜਾਈਂ ਨਹੀਂ ਗਿਆ।

ਉਸ ਨੇ ਅਣਜਾਣੇ ਹੀ ਇੱਕ ਕਾਰਨਾਮਾ ਕਰ ਵਿਖਾਇਆ ਸੀ। ਹਾਂ, ਉਹ ਇੱਕ ਕਾਰਨਾਮਾ ਸੀ ਕਿਉਂਕਿ ਉਨ੍ਹੀ ਦਿਨੀ ਸਾਡੇ, ਕਿਰਗੀਜ਼ ਬੱਚਿਆਂ ਸਾਹਮਣੇ, ਜਿਹੜੇ ਆਪਣੇ ਪਿੰਡ ਵਿੱਚ ਕਦੇ ਬਾਹਰ ਨਹੀਂ ਨਿੱਕਲਦੇ ਸਨ, ਉਸ ਸਕੂਲ ਦੀ ਬਦੌਲਤ—ਜੇ ਉਸ ਕੱਚੇ ਢਾਰੇ ਨੂੰ ਸਕੂਲ ਆਖਿਆ ਜਾ ਸਕਦਾ ਹੈ, ਜਿਸਦੀਆਂ ਚੌੜੀਆਂ ਝੀਥਾਂ ਵਿੱਚੋਂ ਦੀ ਪਹਾੜਾਂ ਦੀਆਂ ਬਰਫ਼-ਕੱਜੀਆਂ ਸਿਖਰਾਂ ਨਜ਼ਰ ਆਇਆ ਕਰਦੀਆਂ ਸਨ—ਉਸ ਕੱਚੀ ਕੋਠੜੀ ਦੀ ਬਦੌਲਤ ਇੱਕ ਨਵੀਂ ਦੁਨੀਆਂ ਦਾ ਨਕਸ਼ਾ ਬੱਝ ਗਿਆ ਜਿਸ ਬਾਰੇ ਅਸੀਂ ਪਹਿਲਾਂ ਕਦੀ ਵੀ ਸੁਣਿਆਂ ਨਹੀਂ ਸੀ ਤੇ ਜਿਸ ਨੂੰ ਨਾ ਹੀ ਵੇਖਿਆ ਸੀ...

ਉਦੋਂ ਹੀ ਸਾਨੂੰ ਇਹ ਗਿਆਨ ਹੋਇਆ ਕਿ ਮਾਸਕੋ ਸ਼ਹਿਰ, ਜਿਸ ਵਿੱਚ ਲੈਨਿਨ ਰਹਿੰਦਾ ਸੀ, ਅਯੂਲੀਏ-ਅਤਾ ਨਾਲੋਂ, ਇੱਥੋਂ ਤੱਕ ਕਿ ਤਾਸ਼ਕੰਦ ਨਾਲੋਂ ਵੀ ਕਈ ਗੁਣਾ


Academy of the Punjab in North America: http://www.apnaorg.com

ਵੱਡਾ ਹੈ, ਕਿ ਦੁਨੀਆਂ ਵਿੱਚ ਵੱਡੇ-ਵੱਡੇ, ਤਲਾਸ ਵਾਦੀ ਜਿੱਡੇ ਸਮੁੰਦਰ ਹਨ ਅਤੇ ਇਹ ਕਿ ਸਮੁੰਦਰਾਂ ਵਿੱਚ ਪਹਾੜਾਂ ਜਿੱਡੇ ਜਹਾਜ਼ ਤਰਦੇ ਹਨ। ਸਾਨੂੰ ਇਹ ਵੀ ਪਤਾ ਲੱਗਾ ਕਿ ਮਿੱਟੀ ਦਾ ਤੇਲ, ਜਿਹੜਾ ਅਸੀਂ ਬਜ਼ਾਰ ਵਿੱਚੋਂ ਖਰੀਦਿਆ ਕਰਦੇ ਸਾਂ, ਧਰਤੀ ਹੇਠੋਂ ਨਿੱਕਲਦਾ ਹੈ। ਸਾਨੂੰ ਉਦੋਂ ਹੀ ਪੱਕਾ ਯਕੀਨ ਹੋ ਗਿਆ ਸੀ ਕਿ ਜਦੋਂ ਲੋਕ ਹੋਰ ਅਮੀਰ ਹੋ ਜਾਣਗੇ ਤਾਂ ਵੱਡੀਆਂ-ਵੱਡੀਆਂ ਵਾਰੀਆਂ ਵਾਲੀ ਵੱਡੀ ਚਿੱਟੀ ਇਮਾਰਤ ਵਿੱਚ ਜਮਾਤਾਂ ਲੱਗਿਆ ਕਰਨਗੀਆਂ ਤੇ ਵਿਦਿਆਰਥੀ ਕੁਰਸੀਆਂ ਮੇਜਾਂ ਉੱਤੇ ਬੈਠਿਆ ਕਰਨਗੇ।

ਜਿਵੇਂ ਕਿਵੇਂ ਸਾਨੂੰ ਮੁੱਢਲੇ ਅੱਖਰਾਂ ਦਾ ਗਿਆਨ ਹੋਣ ਉੱਤੇ, ਜਦੋਂ ਅਸੀਂ ਸ਼ਬਦ "ਪਿਤਾ","ਮਾਤਾ" ਵੀ ਨਹੀਂ ਲਿਖ ਸਕਦੇ ਸਾਂ, ਅਸੀਂ ਕਾਗਜ਼ ਉਤੇ "ਲੈਨਿਨ" ਲਿਖਿਆ। ਸਾਡੀ ਰਾਜਨੀਤਕ ਸ਼ਬਦਾਵਲੀ ਵਿੱਚ ਅਜੇ "ਬਾਈ" , "ਸੇਪੀ", "ਸੋਵੀਅਤਾਂ" ਵਰਗੇ ਸ਼ਬਦ ਹੀ ਸਨ। ਦੂਈਸ਼ੇਨ ਨੇ ਵਾਅਦਾ ਕੀਤਾ ਸੀ ਕਿ ਸਾਲ ਬਾਅਦ ਉਸ ਸਾਨੂੰ ਸ਼ਬਦ "ਇਨਕਲਾਬ" ਲਿਖਣਾ ਵੀ ਸਿਖਾਏਗਾ।

ਦੂਈਸ਼ੇਨ ਦੀਆਂ ਗੱਲਾਂ ਸੁਣਦਿਆਂ ਸੁਣਦਿਆਂ ਅਸੀਂ ਕਲਪਨਾ ਕਰਦੇ ਕਿ ਅਸੀਂ ਵੀ ਉਸ ਨਾਲ਼ ਮਿਲ ਕੇ ਮੋਰਚੇ ਉੱਤੇ ਚਿੱਟੀਆਂ ਗਾਰਦਾਂ ਵਿਰੁੱਧ ਜੂਝ ਰਹੇ ਸਾਂ। ਤੇ ਲੈਨਿਨ ਦੀਆਂ ਗੱਲਾਂ ਉਹ ਏਨੇ ਉਤਸ਼ਾਹ ਨਾਲ਼ ਸੁਣਾਉਂਦਾ ਜਿਵੇਂ ਉਹ ਆਪ ਲੈਨਿਨ ਨੂੰ ਵੇਖ ਰਿਹਾ ਹੋਵੇ। ਮੇਰੀ ਹੁਣ ਦੀ ਸਮਝ ਮੁਤਾਬਕ ਜੋ ਕੁੱਝ ਦੂਈਸ਼ੇਨ ਸਾਨੂੰ ਸੁਣਾਇਆ ਕਰਦਾ ਸੀ ਉਹ ਮਹਾਨ ਆਗੂ ਬਾਰੇ ਦੰਤ-ਕਥਾਵਾਂ ਉੱਤੇ ਅਧਾਰਤ ਸੀ, ਪਰ ਸਾਡੇ ਵਾਸਤੇ, " ਦੂਈਸ਼ੇਨ ਦੇ ਸ਼ਾਗਿਰਦਾਂ " ਵਾਸਤੇ ਇਹ ਸਭ ਕੁੱਝ ਦੁੱਧ ਵਰਗਾ ਸੱਚ ਸੀ।

ਇੱਕ ਵਾਰ ਅਸੀਂ, ਬਿਨਾਂ ਕਿਸੇ ਲੁਕਵੇਂ ਮਤਲਬ ਦੇ, ਪੁੱਛ ਲਿਆ-

"ਮਾਸਟਰ ਜੀ, ਤੁਸੀਂ ਲੈਨਿਨ ਨਾਲ ਕਦੀ ਹੱਥ ਮਿਲਾਇਐ ?"

ਤਦ ਸਾਡੇ ਅਧਿਆਪਕ ਨੇ ਜ਼ੋਰ ਨਾਲ਼ ਸਿਰ ਫੇਰਿਆ ਤੇ ਆਖਿਆ-

"ਨਹੀਂ, ਬੱਚਿਓ, ਮੈਂ ਲੈਨਿਨ ਨੂੰ ਕਦੀ ਮਿਲਿਆ ਨਹੀਂ।"

ਹਰ ਮਹੀਨੇ ਦੇ ਅਖੀਰ ਵਿੱਚ ਦੂਈਸ਼ੇਨ ਆਪਣੇ ਕਿਸੇ ਕੰਮ ਲਈ ਵੋਲੋਸਤ* ਜਾਇਆ ਕਰਦਾ ਸੀ। ਉਹ ਉੱਥੇ ਪੈਦਲ ਹੀ ਜਾਂਦਾ ਸੀ ਤੇ ਦੋ-ਤਿੰਨ ਦਿਨਾਂ ਮਗਰੋਂ ਮੁੜ ਆਉਂਦਾ ਸੀ।

ਅਧਿਆਪਕ ਦੀ ਗੈਰਹਾਜ਼ਰੀ ਵਿੱਚ ਅਸੀਂ ਬੜੇ ਓਦਰ ਜਾਂਦੇ ਸਾਂ। ਜੇ ਮੇਰਾ ਕੋਈ ਸਕਾ ਭਰਾ ਹੁੰਦਾ ਤਾਂ, ਸ਼ਾਇਦ, ਉਸ ਦੀ ਵੀ ਮੈਂ ਇੰਨੀ ਬੇਸਬਰੀ ਨਾਲ਼ ਉਡੀਕ ਨਾ ਕਰਦੀ ਜਿੰਨੀ ਦੂਈਸ਼ੇਨ ਦੇ ਵਾਪਸ ਆਉਣ ਦੀ। ਮੈਂ ਲੁਕ-ਛਿਪ ਕੇ, ਤਾਂ ਜੋ ਚਾਚੀ ਵੇਖ ਨਾ ਲਵੇ, ਘਰ ਦੇ ਪਿਛਵਾੜੇ ਦੌੜਦੀ ਹੋਈ ਨਿਕਲ ਜਾਂਦੀ ਅਤੇ ਦੇਰ ਤੱਕ ਸਤੇਪੀ ਦੇ ਰਾਹ ਉਤੇ ਨਜ਼ਰਾਂ ਟਿਕਾਈ ਰੱਖਦੀ - ਮੋਢੇ ਉਤੇ ਥੈਲਾ ਲਟਕਾਈ ਉਸਤਾਦ ਕਦੋਂ ਆਵੇਗਾ, ਕਦੋਂ ਕਲੇਜੇ ਠੰਡ ਪਾਉਣ ਵਾਲੀ ਮੁਸਕਾਨ ਵੇਖ ਸਕਾਂਗੀ, ਕਦੋਂ ਉਸ ਦੀਆਂ ਜਾਣਕਾਰੀ ਭਰਪੂਰ ਗੱਲਾਂ ਸੁਣ ਸਕਾਂਗੀ।

ਦੂਈਸ਼ੇਨ ਦੇ ਸ਼ਾਗਿਰਦਾਂ ਵਿੱਚੋਂ ਮੈਂ ਹੀ ਸਾਰਿਆਂ ਨਾਲੋਂ ਵੱਡੀ ਸਾਂ। ਸ਼ਾਇਦ, ਇਸੇ

*** ਇਲਾਕੇ ਦਾ ਪ੍ਰਬੰਧਕੀ ਕੇਂਦਰ।**


Academy of the Punjab in North America: http://www.apnaorg.com

ਕਰਕੇ ਪੜ੍ਹਾਈ ਵਿੱਚ ਮੈਂ ਸਾਰਿਆਂ ਨਾਲੋਂ ਅੱਗੇ ਸਾਂ। ਪਰ ਨਹੀਂ, ਮੈਨੂੰ ਲਗਦਾ ਹੈ ਕਿ ਸਿਰਫ਼ ਇਹ ਹੀ ਵਜ੍ਹਾ ਨਹੀਂ ਸੀ। ਅਧਿਆਪਕ ਦਾ ਸਿਖਾਇਆ ਹਰ ਸ਼ਬਦ, ਹਰ ਅੱਖਰ—ਸਭ ਕੁੱਝ ਮੇਰੇ ਲਈ ਪਵਿੱਤਰ ਸੀ ਤੇ ਮੇਰੇ ਵਾਸਤੇ ਦੁਨੀਆਂ ਦੀ ਹੋਰ ਕੋਈ ਵੀ ਗੱਲ ਅਧਿਆਪਕ ਵੱਲੋਂ ਦਿੱਤੀ ਜਾਂਦੀ ਸਿਖਿਆ ਨੂੰ ਸਮਝਣ ਨਾਲੋਂ ਵਧੇਰੇ ਅਹਿਮ ਨਹੀਂ ਸੀ। ਮੈਂ ਉਹ ਕਾਪੀ ਸੰਭਾਲ ਕੇ ਰੱਖੀ ਹੋਈ ਐ ਜਿਹੜੀ ਉਸ ਨੇ ਮੈਨੂੰ ਦਿੱਤੀ ਸੀ। ਇਸ ਵਾਸਤੇ, ਮੈਂ ਦਾਤਰੀ ਦੀ ਨੋਕ ਨਾਲ਼ ਜਮੀਨ ਉੱਤੇ ਅੱਖਰ ਲਿਖਦੀ, ਕੋਲੇ ਨਾਲ਼ ਕੰਧਾਂ ਉੱਤੇ, ਜਾਂ ਰਸਤੇ ਦੇ ਘੱਟੇ ਉਤੇ ਲਿਖਦੀ ਸਾਂ। ਦੁਨੀਆਂ ਭਰ ਵਿੱਚ ਮੇਰੇ ਵਾਸਤੇ ਦੂਈਸ਼ੇਨ ਨਾਲੋਂ ਵੱਧ ਸਿਆਣਾ ਤੇ ਵਿਦਵਾਨ ਹੋਰ ਕੋਈ ਨਹੀਂ ਸੀ।

ਸਿਆਲ ਆਉਣ ਵਾਲਾ ਸੀ।

ਪਹਿਲੀ ਬਰਫ਼ ਪੈਣ ਤੱਕ ਅਸੀਂ ਢਾਹੇ ਹੇਠਾਂ ਵਹਿੰਦੇ ਪਹਾੜੀ ਦਰਿਆ ਵਿੱਚੋਂ ਦੀ ਲੰਘ ਕੇ ਸਕੂਲ ਜਾਂਦੇ ਸਾਂ ਪਰ ਬਾਅਦ 'ਚ ਇਹ ਅਸਹਿ ਹੋ ਗਿਆ—ਬਰਫ਼ੀਲਾ ਪਾਣੀ ਲੱਤਾਂ ਸੁੰਨ ਕਰੀ ਜਾਂਦਾ ਸੀ। ਛੋਟੇ ਮੁੰਡਿਆਂ ਨੂੰ ਤਾਂ ਖਾਸ ਕਰਕੇ ਬੜੀ ਤਕਲੀਫ ਹੁੰਦੀ ਸੀ, ਉਹਨਾਂ ਦੀਆਂ ਅੱਖਾਂ ਵਿੱਚ ਤਾਂ ਅੱਥਰੂ ਵੀ ਭਰ ਆਉਂਦੇ। ਤਦ ਦੂਈਸ਼ੇਨ ਬੱਚਿਆਂ ਨੂੰ ਚੁੱਕ ਕੇ ਦਰਿਆ ਲੰਘਾਉਣ ਲੱਗ ਪਿਆ। ਕਿਸੇ ਨੂੰ ਮੋਢਿਆਂ ਤੇ ਬਿਠਾ ਲੈਂਦਾ, ਕਿਸੇ ਨੂੰ ਬਾਹਵਾਂ ਵਿੱਚ ਲੈ ਲੈਂਦਾ, ਤੇ ਇੰਜ, ਵਾਰੀ ਵਾਰੀ ਸਾਰੇ ਸ਼ਾਗਿਰਦਾਂ ਨੂੰ ਲੰਘਾ ਲੈਂਦਾ।

ਹੁਣ ਜਦੋਂ ਮੈਨੂੰ ਉਨ੍ਹਾਂ ਦਿਨਾਂ ਦੀ ਯਾਦ ਆਉਂਦੀ ਹੈ ਤਾਂ ਮੈਨੂੰ ਯਕੀਨ ਨਹੀਂ ਹੁੰਦਾ ਕਿ ਸਭ ਕੁੱਝ ਇਸ ਤਰਾਂ ਹੀ ਹੋਇਆ ਸੀ। ਪਰ ਓਦੋਂ ਲੋਕ ਆਪਣੇ ਜਾਹਲਪੁਣੇ ਜਾਂ ਬੇਸਮਝੀ ਵੱਸ ਦੂਈਸ਼ੇਨ ਦਾ ਮਜਾਕ ਉਡਾਇਆ ਕਰਦੇ ਸਨ। ਖਾਸ ਕਰਕੇ ਅਮੀਰ ਲੋਕ, ਜਿਹੜੇ ਸਿਆਲ ਵਿੱਚ ਵੀ ਪਹਾੜਾਂ ਉਤੇ ਹੀ ਰਹਿੰਦੇ ਸਨ ਤੇ ਹੇਠਾਂ ਆਟਾ ਪਿਹਾਉਣ ਲਈ ਹੀ ਚੱਕੀ 'ਤੇ ਆਇਆ ਕਰਦੇ ਸਨ। ਕਿੰਨੀ ਹੀ ਵਾਰ, ਜਦੋਂ ਅਸੀਂ ਦਰਿਆ ਪਾਰ ਕਰ ਰਹੇ ਹੁੰਦੇ ਸਾਂ, ਉਹ ਲੋਕ ਲਾਲ ਲੂਮੜੀ ਦੀ ਖੱਲ ਦੀਆਂ ਟੋਪੀਆਂ, ਭੇਡ ਦੀ ਖੱਲ ਦੇ ਵਧੀਆ ਕੋਟ ਪਾਈ, ਚੰਗੇ ਪਲ਼ੇ ਅਤੇ ਅਥਰੇ ਘੋੜਿਆਂ ਉੱਤੇ ਚੜ੍ਹੇ ਹੋਏ ਸਾਡੇ ਬਰਾਬਰ ਆ ਜਾਂਦੇ, ਹੈਰਾਨੀ ਵਿੱਚ ਡੇਲੇ ਪਾੜ-ਪਾੜ ਕੇ ਦੂਈਸ਼ੇਨ ਵੱਲ ਵੇਖਦੇ, ਫਿਰ ਠਹਾਕਾ ਮਾਰ ਕੇ ਹੱਸ ਪੈਂਦੇ ਤੇ ਇੱਕ ਦੂਜੇ ਨੂੰ ਅਰਕਾਂ ਮਾਰ ਕੇ ਕਹਿੰਦੇ-

"ਵੇਖੋ ਤਾਂ ਸਹੀ, ਇੱਕ ਜਣੇ ਨੂੰ ਮੋਢੇ ਤੇ ਬਿਠਾਇਆ ਹੋਇਐ ਤੇ ਦੂਜੇ ਨੂੰ ਬਾਹਵਾਂ 'ਚ ਲਿਆ ਹੋਇਐ!"

ਫਿਰ ਦੂਜਾ ਜਾਣਾ ਫਰਾਟੇ ਮਾਰਦੇ ਘੋੜੇ ਨੂੰ ਅੱਡੀ ਲਾਉਂਦਿਆਂ ਕਹਿੰਦਾ-

"ਮੈਂ ਵੀ ਉੱਲੂ ਦਾ ਬਾਟਾ ਰਿਹਾ! ਮੇਰਾ ਧਿਆਨ ਕਿਉਂ ਨਾ ਗਿਆ! ਇਹਨੂੰ ਬਣਾਉਣਾ ਚਾਹੀਦਾ ਸੀ ਆਪਣੀ ਦੂਜੀ ਰੰਨ!"

ਘੋੜਿਆਂ ਦੇ ਸੁੰਮਾਂ ਨਾਲ ਉਡਦੇ ਚਿੱਕੜ ਦੇ ਛਿੱਟਿਆਂ ਨਾਲ਼ ਸਾਨੂੰ ਲਬੇੜਦੇ ਹੋਏ ਤੇ ਹਿੜ ਹਿੜ ਕਰਦੇ ਹੋਏ ਉਹ ਚਲੇ ਜਾਂਦੇ।

ਉਦੋਂ ਮੇਰਾ ਕਿੰਨਾ ਜੀਅ ਕੀਤਾ ਸੀ ਕਿ ਦੌੜ ਕੇ ਇਨ੍ਹਾਂ ਊਤਾਂ ਕੋਲ਼ ਜਾਵਾਂ, ਉਹਨਾਂ ਦੇ ਘੋੜਿਆਂ ਦੀਆਂ ਲਗਾਮਾਂ ਫੜ ਲਵਾਂ ਤੇ ਖਿੱਲੀ ਉਡਾਉਣ ਵਾਲੇ ਇੰਨ੍ਹਾਂ ਬੂਥਿਆਂ ਉੱਤੇ


Academy of the Punjab in North America: http://www.apnaorg.com

ਕੜਕ ਕੇ ਇਹ ਗੱਲ ਮਾਰਾਂ– "ਸਾਡੇ ਅਧਿਆਪਕ ਬਾਰੇ ਏਦਾਂ ਦੀਆਂ ਗੱਲਾਂ ਕਰਨ ਦੀ ਤੁਹਾਡੀ ਹਿੰਮਤ ਕਿਵੇਂ ਹੋਈ! ਤੁਸੀਂ , ਊਤੋ! ਭੈੜੇ ਬੰਦਿਓ!"

ਪਰ ਮੇਰੇ ਵਰਗੀ ਮਾਮੂਲੀ ਜਿਹੀ ਕੁੜੀ ਦੀ ਗੱਲ ਕੌਣ ਸੁਣਦਾ ਸੀ? ਤੇ ਮੈਂ ਤਾਂ ਇਸ ਠੇਸ ਦੇ ਕੌੜੇ ਹੰਝੂ ਹੀ ਪੀ ਸਕਦੀ ਸਾਂ। ਪਰ ਦੂਈਸ਼ੇਨ ਜਿਵੇਂ ਇਨ੍ਹਾਂ ਅਪਮਾਨਜਨਕ ਗੱਲਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਸੀ, ਇਹੋ ਜਿਹੀ ਕੋਈ ਗੱਲ ਸੁਣ ਹੀ ਨਹੀਂ ਰਿਹਾ ਸੀ। ਉਹ ਕੋਈ ਹਸਾਉਣੀ ਗੱਲ ਜਾਂ ਚੁਟਕਲਾ ਸੁਣਾ ਦਿੰਦਾ ਤੇ ਅਸੀਂ ਸਭ ਕੁੱਝ ਭੁੱਲ ਜਾਂਦੇ ਤੇ ਹੱਸ ਹੱਸ ਕੇ ਦੂਹਰੇ ਹੋ ਜਾਂਦੇ।

ਦੂਈਸ਼ੇਨ ਨੇ ਭਾਵੇਂ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਨਾਲ਼ੇ ਉੱਤੇ ਪੁਲ਼ ਬਣਾਉਣ ਲਈ ਲੱਕੜਾਂ ਫਿਰ ਵੀ ਨਾ ਮਿਲੀਆਂ। ਇੱਕ ਵਾਰ, ਜਦੋਂ ਅਸੀਂ ਸਕੂਲੋਂ ਪਰਤ ਰਹੇ ਸਾਂ ਤਾਂ ਬੱਚਿਆਂ ਨੂੰ ਨਾਲ਼ੇ ਤੋਂ ਪਾਰ ਲੰਘਾ ਕੇ ਮੈਂ ਤੇ ਦੂਈਸ਼ੇਨ ਕੰਢੇ ਉਤੇ ਹੀ ਠਹਿਰ ਗਏ। ਅਸੀਂ ਲੰਘਣ ਵਾਸਤੇ ਪੱਥਰ ਤੇ ਘਾਹ–ਮਿੱਟੀ ਨਾਲ ਲਾਂਘਾ ਬਣਾਉਣ ਦਾ ਫੈਸਲਾ ਕੀਤਾ ਤਾਂ ਜੋ ਅੱਗੇ ਤੋਂ ਪੈਰ ਨਾ ਭਿਉਣੇ ਪੈਣ।

ਸੱਚੀ ਗੱਲ ਤਾਂ ਇਹ ਸੀ ਕਿ ਸਾਡੇ ਪਿੰਡ ਵਾਲਿਆਂ ਨੂੰ ਬੱਸ ਏਨਾ ਕੁ ਕੰਮ ਹੀ ਕਰਨਾ ਪੈਣਾ ਸੀ ਕਿ ਉਹ ਮਿਲ਼ ਕੇ ਨਾਲ਼ੇ ਦੇ ਆਰ  ਪਾਰ ਦੋ ਤਿੰਨ ਲੱਕੜੀ ਦੀਆਂ ਗੇਲੀਆਂ ਰੱਖ ਦਿੰਦੇ ਤੇ ਇਸ ਤਰਾਂ ਸਕੂਲੀ ਬੱਚਿਆਂ ਲਈ ਪੁਲ਼ ਬਣ ਜਾਂਦਾ। ਪਰ ਉਹਨੀ ਦਿਨੀਂ ਲੋਕ ਆਪਣੀ ਅਗਿਆਨਤਾ ਕਾਰਨ ਵਿਦਿਆ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਸਨ ਤੇ ਦੂਈਸ਼ੇਨ ਨੂੰ ਘੱਟੋ–ਘੱਟ ਇੱਕ ਖ਼ਬਤੀ ਸਮਝਦੇ ਸਨ ਜਿਹੜਾ ਬੱਚਿਆਂ ਨਾਲ਼ ਇਸ ਵਾਸਤੇ ਲੱਗਾ ਰਹਿੰਦਾ ਸੀ ਕਿ ਉਸ ਦੇ ਕਰਨ ਵਾਲ਼ਾ ਹੋਰ ਕੋਈ ਕੰਮ ਹੀ ਨਹੀਂ ਸੀ। ਉਹਨਾਂ ਦਾ ਵਤੀਰਾ ਇਹ ਸੀ–ਜੀਅ ਕਰਦਾ ਈ ਤਾਂ ਪੜ੍ਹਾ, ਨਹੀਂ ਤਾਂ ਸਾਰਿਆਂ ਨੂੰ ਘਰੀਂ ਭਜਾ। ਉਹ ਆਪ ਤਾਂ ਘੋੜਿਆਂ ਉੱਤੇ ਚੜ੍ਹੇ ਹੋਏ ਨਾਲ਼ੇ ਥਾਣੀ ਲੰਘ ਜਾਂਦੇ ਸਨ, ਉਹਨਾਂ ਨੂੰ ਪੁਲ਼ ਦੀ ਕੋਈ ਲੋੜ ਨਹੀਂ ਸੀ। ਪਰ ਸਾਡੇ ਲੋਕਾਂ ਨੂੰ ਇਹ ਜ਼ਰੂਰ ਹੀ ਸੋਚਣਾ ਚਾਹੀਦਾ ਸੀ ਕਿ ਇਹ ਗੱਭਰੂ, ਜਿਹੜਾ ਦੂਜਿਆਂ ਨਾਲ਼ੋਂ ਕਿਸੇ ਗੱਲੋਂ ਵੀ ਮਾੜਾ ਤੇ ਮੂਰਖ ਨਹੀਂ ਸੀ, ਮੁਸ਼ਕਲਾਂ ਤੇ ਥੁੜਾਂ ਝਾਗਦਾ ਹੋਇਆ, ਠੱਠਾ–ਮਖੌਲ ਤੇ ਬੇਇਜ਼ਤੀ ਸਹਾਰਦਾ ਹੋਇਆ ਉਹਨਾਂ ਦੇ ਬੱਚਿਆਂ ਨੂੰ ਕਿਸ ਦੀ ਖਾਤਰ ਪੜ੍ਹਾਉਂਦਾ ਹੈ, ਤੇ ਫਿਰ ਏਨੇ ਹਠ ਨਾਲ, ਏਨੀ ਅਣਮਨੁੱਖੀ ਦ੍ਰਿੜਤਾ ਨਾਲ?

ਉਸ ਦਿਨ, ਜਦੋਂ ਅਸੀਂ ਨਾਲ਼ੇ ਦੇ ਵਹਾਅ ਅੱਗੇ ਪੱਥਰ ਰੱਖ ਰਹੇ ਸਾਂ, ਜਮੀਨ ਉੱਤੇ ਬਰਫ਼ ਜੰਮ ਚੁੱਕੀ ਸੀ ਤੇ ਪਾਣੀ ਏਨਾ ਠੰਡਾ ਯੱਖ ਸੀ ਕਿ ਸਰੀਰ ਸੁੰਨ ਹੁੰਦਾ ਜਾ ਰਿਹਾ ਸੀ। ਮੈਂ ਤਾਂ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦੀ ਕਿ ਦੂਈਸ਼ੇਨ ਇਹ ਕਿਵੇਂ ਸਹਾਰ ਲੈਂਦਾ ਸੀ। ਉਹ ਨੰਗੇ ਪੈਰੀਂ , ਬਿਨਾਂ ਸਾਹ ਲਿਆਂ ਕਿਵੇਂ ਕੰਮ ਕਰ ਸਕਦਾ ਸੀ। ਮੈਂ ਬੜੀ ਮੁਸ਼ਕਲ ਨਾਲ ਪਾਣੀ ਵਿੱਚ ਪੈਰ ਰੱਖ ਰਹੀ ਸਾਂ। ਇੰਜ ਲਗਦਾ ਸੀ ਜਿਵੇਂ ਨਾਲੇ ਦਾ ਥੱਲਾ ਬਲਦੇ ਕੋਲਿਆਂ ਨਾਲ ਕੱਜਿਆ ਹੋਵੇ। ਜਦੋਂ ਮੈਂ ਨਾਲੇ ਦੇ ਅੱਧ ਵਿਚਕਾਰ ਗਈ ਤਾਂ ਮੇਰੀਆਂ ਪਿੰਡਲੀਆਂ ਠੰਡ ਨਾਲ਼ ਆਕੜ ਗਈਆਂ। ਮੈ ਨਾ ਹੀ ਚੀਕ ਸਕਦੀ ਸਾਂ ਤੇ ਨਾ ਹੀ ਖੜ੍ਹੀ ਰਹਿ ਸਕਦੀ ਸਾਂ। ਮੈਂ ਹੌਲੀ ਹੌਲੀ ਪਾਣੀ ਵੱਲ ਉਲਰਣ ਲੱਗੀ। ਦੂਈਸ਼ੇਨ ਨੇ


Academy of the Punjab in North America: http://www.apnaorg.com

ਪੱਥਰ ਸੁੱਟ ਦਿੱਤਾ ਤੇ ਛਾਲ ਮਾਰ ਕੇ ਮੇਰੇ ਕੋਲ ਆ ਗਿਆ, ਮੈਨੂੰ ਆਪਣੀਆਂ ਬਾਹਵਾਂ ਵਿੱਚ ਲਿਆ, ਕੰਢੇ ਵੱਲ ਦੌੜਿਆ ਤੇ ਆਪਣੇ ਫੌਜੀ ਕੋਟ ਉੱਤੇ ਬਿਠਾ ਦਿੱਤਾ। ਉਹ ਕਦੀ ਠੰਡ ਨਾਲ਼ ਨੀਲੇ, ਸੁੰਨ ਹੋਏ ਮੇਰੇ ਪੈਰ ਮਲ਼ਦਾ, ਕਦੀ ਮੇਰੇ ਠੰਡੇ ਹੱਥਾਂ ਨੂੰ ਆਪਣੀਆਂ ਹਥੇਲੀਆਂ ਵਿੱਚ ਲੈ ਕੇ ਆਪਣੇ ਬੁੱਲ੍ਹਾਂ ਲਾਗੇ ਲਿਆਉਂਦਾ ਤੇ ਆਪਣੇ ਸਾਹਾਂ ਨਾਲ਼ ਨਿੱਘੇ ਕਰਦਾ।

"ਨਹੀਂ, ਨਹੀਂ, ਅਲਤਿਨਾਈ, ਇਸ ਦੀ ਕੋਈ ਲੋੜ ਨਹੀਂ, ਤੂੰ ਇੱਥੇ ਹੀ ਬੈਠੀ ਰਹਿ ਤੇ ਨਿੱਘੀ ਹੋ ਲੈ, " ਦੂਈਸ਼ੇਨ ਨੇ ਆਖਿਆ, "ਮੈਂ ਆਪ ਹੀ ਇਹ ਕੰਮ ਨਿਬੇੜ ਲਵਾਂਗਾ...."

ਆਖਰਕਾਰ, ਜਦੋਂ ਪੱਥਰ ਲੱਗ ਗਏ ਤੇ ਲਾਂਘਾ ਤਿਆਰ ਹੋ ਗਿਆ ਤਾਂ ਬੂਟ ਪਾਉਂਦੇ ਹੋਏ ਦੂਈਸ਼ੇਨ ਨੇ ਮੇਰੇ ਵੱਲ ਵੇਖਿਆ। ਮੈਂ ਬੇਹੱਦ ਕੁੰਗੜੀ ਤੇ ਠਰੀ ਹੋਈ ਬੈਠੀ ਸਾਂ। ਉਹ ਮੁਸਕ੍ਰਾਇਆ।

"ਕਿਉਂ, ਮੇਰੀ ਮਦਦਗਾਰ, ਨਿੱਘ ਆਇਐ ? ਕੋਟ ਨੂੰ ਚੰਗੀ ਤਰਾਂ ਵਲੇਟ ਲੈ, ਏਦਾਂ!" ਫਿਰ ਉਹ ਥੋਹੜਾ ਜਿਹਾ ਚੁੱਪ ਰਹਿਣ ਮਗਰੋਂ ਬੋਲਿਆ, "ਉਸ ਦਿਨ, ਅਲਤਿਨਾਈ, ਤੂੰ ਹੀ ਸਕੂਲ ਅੱਗੇ ਗੋਹੇ ਛੱਡ ਗਈ ਸੈਂ ?

ਉਸ ਦੇ ਬੁੱਲ੍ਹਾਂ ਤੇ ਹਲਕੀ ਜਿਹੀ ਮੁਸਕਾਨ ਖਿੜ ਉੱਠੀ, ਮੰਨੋ ਉਹ ਮਨ ਹੀ ਮਨ ਕਹਿ ਰਿਹਾ ਹੋਵੇ : "ਮੈਂ ਵੀ ਇੰਝ ਹੀ ਸੋਚਿਆ ਸੀ।"

ਮੈਨੂੰ ਯਾਦ ਹੈ ਕਿ ਉਸ ਪਲ ਮੇਰੀਆਂ ਗੱਲ੍ਹਾਂ ਕਿਵੇਂ ਭਖ ਉੱਠੀਆਂ ਸਨ-ਇਸ ਦਾ ਮਤਲਬ ਇਹ ਹੈ ਕਿ ਅਧਿਆਪਕ ਨੂੰ ਇਸ ਗੱਲ ਦਾ ਪਤਾ ਸੀ, ਉਹ ਇਸ ਨੂੰ ਭੁੱਲਿਆ ਨਹੀਂ ਸੀ, ਹਾਲਾਂਕਿ ਇਹ ਬੜੀ ਮਾਮੂਲੀ ਜਿਹੀ ਗੱਲ ਸੀ। ਮੈਂ ਬੜੀ ਖੁਸ਼ ਸਾਂ ਤੇ ਦੂਈਸ਼ੇਨ ਮੇਰੀ ਖੁਸ਼ੀ ਨੂੰ ਜਾਣ ਗਿਆ ਸੀ।

"ਤੂੰ ਤਾਂ ਮੇਰੀਆਂ ਆਸਾਂ ਦਾ ਤਾਰਾ ਏ," ਉਸ ਨੇ ਬੜੇ ਸਨੇਹ ਨਾਲ ਮੈਨੂੰ ਪਲ਼ੋਸਦਿਆਂ ਹੋਇਆਂ ਕਿਹਾ। "ਤੂੰ ਪੜ੍ਹਨ 'ਚ ਹੁਸ਼ਿਆਰ ਏਂ...ਕਾਸ਼, ਮੈਂ ਤੈਨੂੰ ਪੜ੍ਹਨ ਲਈ ਕਿਸੇ ਵੱਡੇ ਸ਼ਹਿਰ 'ਚ ਭੇਜ ਸਕਦਾ ਹੁੰਦਾ! ਤੂੰ ਕੀ ਦੀ ਕੀ ਬਣ ਜਾਂਦੀ!"

ਦੂਈਸ਼ੇਨ ਤੇਜ਼ ਤੇਜ਼ ਪੁਲਾਘਾਂ ਭਰਦਾ ਹੋਇਆ ਕੰਢੇ ਵੱਲ ਚਲਾ ਗਿਆ।

ਤੇ ਹੁਣ ਵੀ ਉਸ ਦਾ ਆਕਾਰ ਮੇਰੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ— ਉਸ ਪਥਰੀਲੇ , ਸ਼ੋਰ ਮਚਾਉਂਦੇ ਛੋਟੇ ਜਿਹੇ ਨਾਲ਼ੇ ਦੇ ਕੰਢੇ ਖਲੋਤਾ, ਗਿੱਚੀ ਉੱਤੇ ਦੋਵੇਂ ਹੱਥ ਬੰਨ੍ਹ ਕੇ, ਚਮਕਦੀਆਂ ਅੱਖਾਂ ਨਾਲ਼ ਦੂਰ, ਸਾਹਮਣੇ ਵੱਲ ਵੇਖਦਾ ਹੋਇਆ, ਜਿੱਥੇ ਹਵਾ ਚਿੱਟੇ ਬੱਦਲ਼ਾਂ ਨੂੰ ਪਹਾੜਾਂ ਉੱਤੇ ਉਡਾ ਕੇ ਲਈ ਜਾ ਰਹੀ ਸੀ।

ਉਸ ਪਲ ਉਹ ਕੀ ਸੋਚ ਰਿਹਾ ਸੀ ? ਹੋ ਸਕਦਾ ਹੈ ਕਿ ਸਚਮੁਚ ਹੀ ਉਹ ਆਪਣੇ ਸੁਪਨਿਆਂ ਵਿੱਚ ਮੈਨੂੰ ਪੜ੍ਹਨ ਵਾਸਤੇ ਕਿਸੇ ਵੱਡੇ ਸ਼ਹਿਰ ਭੇਜ ਰਿਹਾ ਸੀ ? ਉਸ ਪਲ ਮੈਂ ਦੂਈਸ਼ੇਨ ਦੇ ਵੱਡੇ ਕੋਟ ਵਿੱਚ ਲਿਪਟੀ ਹੋਈ ਸੋਚ ਰਹੀ ਸਾਂ- "ਕਿੰਨਾ ਚੰਗਾ ਹੁੰਦਾ ਜੇ ਅਧਿਆਪਕ ਮੇਰਾ ਸਕਾ ਭਰਾ ਹੁੰਦਾ! ਕਾਸ਼ ਮੈਂ ਉਸ ਦੇ ਗਲ ਵਿੱਚ ਵਾਹਵਾਂ ਪਾ ਕੇ ਉਸ ਨੂੰ ਆਪਣੀ ਹਿੱਕੜੀ ਨਾਲ਼ ਲਾ ਲੈਂਦੀ ਤੇ ਅੱਖਾਂ ਸੁੰਗੇੜ ਕੇ ਉਸਦੇ ਕੰਨ ਵਿੱਚ ਮਿੱਠੇ-ਮਿੱਠੇ ਬੋਲ ਬੋਲਦੀ। ਹੇ ਰੱਬਾ, ਉਸ ਨੂੰ ਮੇਰਾ ਭਰਾ ਬਣਾਦੇ!"


Academy of the Punjab in North America: http://www.apnaorg.com

ਯਕੀਨਨ ਹੀ ਓਦੋਂ ਅਸੀਂ ਸਾਰੇ ਆਪਣੇ ਅਧਿਆਪਕ ਨਾਲ਼ ਉਸਦੇ ਮਨੁੱਖਪੁਣੇ, ਉਸਦੇ ਨੇਕ ਇਰਾਦਿਆਂ ਤੇ ਸਾਡੇ ਭਵਿੱਖ ਬਾਰੇ ਉਸ ਦੇ ਸੁਪਨਿਆਂ ਲਈ ਮੋਹ ਕਰਦੇ ਸਾਂ। ਉਦੋਂ ਅਸੀਂ ਭਾਵੇਂ ਬੱਚੇ ਹੀ ਸਾਂ ਫਿਰ ਵੀ, ਮੇਰਾ ਖਿਆਲ ਹੈ ਕਿ ਅਸੀਂ ਇਸ ਗੱਲ ਨੂੰ ਚੰਗੀ ਤਰਾਂ ਸਮਝਦੇ ਸਾਂ। ਨਹੀਂ ਤਾਂ ਸਾਡੇ ਲਈ ਕਿਹੜੀ ਮਜ਼ਬੂਰੀ ਸੀ ਕਿ ਅਸੀਂ ਹਰ ਰੋਜ਼ ਏਨੀ ਦੂਰ ਜਾਂਦੇ ਤੇ ਕਰੁਖ਼ੇ ਟਿੱਲੇ ਉੱਤੇ ਚੜ੍ਹਦੇ, ਬਰਫ਼ ਦੇ ਢੇਰਾਂ ਵਿੱਚ  ਖੁਭਦੇ ਹੋਏ, ਹਫਦੇ ਹੋਏ ਹਵਾ ਦੇ ਥਪੇੜੇ ਖਾਂਦੇ ? ਅਸੀਂ ਆਪਣੀ ਮਰਜ਼ੀ ਨਾਲ ਸਕੂਲ ਜਾਂਦੇ ਸਾਂ। ਸਾਨੂੰ ਕਿਸੇ ਨੇ ਵੀ ਉੱਥੇ ਜਾਣ ਲਈ ਮਜ਼ਬੂਰ ਨਹੀਂ ਕੀਤਾ ਸੀ ਤੇ ਉਸ ਠੰਡੇ ਢਾਰੇ ਵਿੱਚ ਸੁੰਨ ਹੋਣ ਲਈ ਸਾਨੂੰ ਕੋਈ ਵੀ ਮਜ਼ਬੂਰ ਨਹੀਂ ਕਰ ਸਕਦਾ ਸੀ ਜਿੱਥੇ ਸਾਡੇ ਸਾਹਾਂ ਦੀ ਹਵਾੜ ਬਰਫ਼ ਬਣ ਕੇ ਸਾਡੇ ਚਿਹਰਿਆਂ, ਹੱਥਾਂ ਤੇ ਕੱਪੜਿਆਂ ਉੱਤੇ ਜੰਮ ਜਾਂਦੀ। ਅਸੀਂ ਭੱਠੀ ਲਾਗੇ ਜਾ ਕੇ ਵਾਰੀ ਵਾਰੀ ਅੱਗ ਸੇਕਣ ਦੀ ਖੁੱਲ੍ਹ ਹੀ ਲੈ ਸਕਦੇ ਸਾਂ। ਜਦ ਕਿ ਬਾਕੀ ਸਾਰੇ ਬੱਚੇ ਆਪੋ ਆਪਣੀ ਥਾਂ ਉੱਤੇ ਬੈਠੇ ਹੋਏ ਦੂਈਸ਼ੇਨ ਦੀਆਂ ਗੱਲਾਂ ਸੁਣਦੇ ਰਹਿੰਦੇ ਸਨ।

ਇੰਝ ਹੀ ਇੱਕ ਦਿਨ, ਜਿਹੜਾ ਮੈਨੂੰ ਅੱਜ ਵੀ ਬੜੀ ਚੰਗੀ ਤਰਾਂ ਯਾਦ ਹੈ, ਕੜਾਕੇ ਦੀ ਠੰਡ ਪੈ ਰਹੀ ਸੀ। ਜਨਵਰੀ ਦੇ ਆਖਰੀ ਦਿਨ ਸਨ। ਦੂਈਸ਼ੇਨ ਨੇ ਹਮੇਸ਼ਾਂ ਵਾਂਗ ਸਾਨੂੰ ਘਰ ਘਰ ਜਾ ਕੇ ਇਕੱਠਿਆਂ ਕੀਤਾ ਤੇ ਸਕੂਲ ਲੈ ਗਿਆ। ਉਹ ਚੁੱਪ ਗੜੁੱਪ ਸੀ, ਚਿਹਰੇ ਉੱਤੇ ਸਖ਼ਤੀ ਦਾ ਪ੍ਰਭਾਵ ਸੀ ਉਸ ਦੇ ਭਰਵੱਟੇ ਬਾਜ਼ ਦੇ ਖੰਭਾਂ ਵਾਂਗ ਵਧੇ ਹੋਏ ਸਨ। ਉਸ ਦਾ ਚਿਹਰਾ ਕਾਲ਼ੇ ਤਪੇ ਹੋਏ ਲੋਹੇ ਦਾ ਬਣਿਆ ਹੋਇਆ ਲਗਦਾ ਸੀ। ਅਸੀਂ ਆਪਣੇ ਅਧਿਆਪਕ ਨੂੰ ਪਹਿਲਾਂ ਕਦੀ ਇਸ ਹਾਲਤ ਵਿੱਚ ਨਹੀਂ ਵੇਖਿਆ ਸੀ। ਉਸ ਨੂੰ ਵੇਖ ਕੇ ਅਸੀਂ ਵੀ ਚੁੱਪ ਹੋ ਗਏ। ਅਸੀਂ ਮਹਿਸੂਸ ਕੀਤਾ ਕਿ ਕੋਈ ਮਾੜੀ ਗੱਲ ਵਾਪਰ ਗਈ ਸੀ।

ਜਦੋਂ ਰਾਹ ਵਿੱਚ ਬਰਫ਼ ਦੇ ਵੱਡੇ ਵੱਡੇ ਢੇਰ ਆ ਜਾਂਦੇ ਸਨ ਤਾਂ ਦੂਈਸ਼ੇਨ ਆਮ ਤੌਰ ’ਤੇ ਆਪ ਅੱਗੇ ਜਾ ਕੇ ਰਾਹ ਪੱਧਰਾ ਕਰਦਾ ਸੀ, ਉਸ ਦੇ ਮਗਰ ਮੈਂ ਤੇ ਮੇਰੇ ਮਗਰ ਬਾਕੀ ਦੇ ਸਾਰੇ ਬੱਚੇ ਜਾਂਦੇ ਸਨ। ਇਸ ਵਾਰੀ ਵੀ, ਜਦੋਂ ਅਸੀਂ ਟਿੱਲੇ ਦੇ ਦਾਮਨ ਲਾਗੇ ਪੁੱਜੇ ਤਾਂ ਦੂਈਸ਼ੇਨ ਅੱਗੇ ਵਧਿਆ। ਉੱਥੇ ਰਾਤ ਵੇਲੇ ਬਰਫ਼ ਦੇ ਵੱਡੇ ਵੱਡੇ ਢੇਰ ਲੱਗ ਗਏ ਸਨ। ਕਦੀ ਕਦੀ ਜਦੋਂ ਬੰਦੇ ਦੀ ਪਿੱਠ ਹੀ ਦਿਖਾਈ ਦਿੰਦੀ ਹੈ ਤਾਂ ਝੱਟ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਹਾਲਤ ਕੀ ਹੈ, ਉਸ ਦੇ ਦਿਲ ਉੱਤੇ ਕੀ ਬੀਤ ਰਹੀ ਹੁੰਦੀ ਹੈ। ਉਸ ਵੇਲੇ ਵੀ ਸਾਨੂੰ ਇਹ ਗੱਲ ਸਾਫ਼ ਸੀ ਕਿ ਅਧਿਆਪਕ ਬੜਾ ਦੁਖੀ ਸੀ। ਉਹ ਸਿਰ ਸੁੱਟੀ ਤੁਰਿਆ ਜਾ ਰਿਹਾ ਸੀ ਤੇ ਬੜੀ ਔਖਿਆਈ ਨਾਲ ਲੱਤਾਂ ਘਸੀਟ ਰਿਹਾ ਸੀ। ਮੈਨੂੰ ਅਜੇ ਵੀ ਯਾਦ ਹੈ ਕਿ ਮੇਰੀਆਂ ਅੱਖਾਂ ਸਾਹਮਣੇ ਚਿੱਟੇ ਤੇ ਕਾਲ਼ੇ ਧੱਬੇ ਵਾਰੀ ਵਾਰੀ ਬੁਰੀ ਤਰਾਂ ਉੱਭਰ ਰਹੇ ਸਨ- ਅਸੀਂ ਇੱਕ ਦੂਜੇ ਦੇ ਪਿੱਛੇ ਹੋ ਕੇ ਪਹਾੜੀ ਉੱਤੇ ਚੜ੍ਹ ਰਹੇ ਸਾਂ—ਕਾਲ਼ੇ ਫੌਜੀ ਕੋਟ ਹੇਠਾਂ ਦੂਈਸ਼ੇਨ ਦਾ ਲੱਕ ਕੁੱਬਾ ਹੁੰਦਾ ਜਾ ਰਿਹਾ ਸੀ ਅਤੇ ਉਸ ਤੋਂ ਉੱਪਰ ਢਲਾਣ ਦੇ ਨਾਲ਼-ਨਾਲ਼ ਊਠ ਦੀ ਪਿੱਠ ਵਰਗੇ ਬਰਫ਼ ਦੇ ਢੇਰ ਸਨ। ਤੇਜ ਹਵਾ ਉਹਨਾਂ ਉੱਤੇ ਬਰਫ਼ ਦੀ ਪਤਲੀ ਪਰਤ ਨੂੰ ਉਡਾਈ ਜਾ ਰਹੀ ਸੀ ਅਤੇ ਉਸ ਤੋਂ ਵੀ ਉੱਪਰ—ਚਿੱਟੇ, ਧੁੰਦਲੇ ਅਸਮਾਨ ਵਿੱਚ ਇੱਕ ਕਾਲ਼ਾ ਬੱਦਲ਼ ਇਕੱਲਾ ਹੀ ਮੰਡਰਾ ਰਿਹਾ ਸੀ।

ਜਦੋਂ ਅਸੀਂ ਸਕੂਲ ਪਹੁੰਚ ਗਏ ਤਾਂ ਦੂਈਸ਼ੇਨ ਨੇ ਅੰਗੀਠੀ ਨਾ ਬਾਲ਼ੀ।



Academy of the Punjab in North America: http://www.apnaorg.com

"ਖੜ੍ਹੇ ਹੋ ਜਾਓ," ਉਸ ਨੇ ਹੁਕਮ ਦਿੱਤਾ।

ਅਸੀਂ ਖੜ੍ਹੇ ਹੋ ਗਏ।

"ਸਿਰਾਂ ਤੋਂ ਟੋਪੀਆਂ ਲਾਹੋ।"

ਅਸੀਂ ਆਗਿਆਕਾਰਾਂ ਵਾਂਗ ਟੋਪੀਆਂ ਲਾਹੀਆਂ ਤੇ ਉਸ ਨੇ ਵੀ ਆਪਣੇ ਸਿਰ ਤੋਂ ਬੂਦਿਓਨੋਵਕਾ* ਲਾਹੀ। ਸਾਨੂੰ ਸਮਝ ਨਹੀਂ ਆ ਰਹੀ ਸੀ ਕਿ ਵਿੱਚੋਂ ਗੱਲ ਕੀ ਹੈ। ਤਦ ਅਧਿਆਪਕ ਨੇ ਕੰਬਦੀ, ਥਿਰਕਦੀ ਅਵਾਜ ਵਿੱਚ ਕਿਹਾ-

"ਲੈਨਿਨ ਦਾ ਦਿਹਾਂਤ ਹੋ ਗਿਐ। ਦੁਨੀਆਂ ਭਰ ਦੇ ਲੋਕ ਇਸ ਵੇਲੇ ਸੋਗ ਮਨਾ ਰਹੇ ਨੇ। ਤੁਸੀਂ ਵੀ ਆਪਣੀ ਥਾਂ 'ਤੇ ਖੜ੍ਹੇ ਹੋ ਜਾਓ ਤੇ ਚੁੱਪ ਰਹੋ। ਇੱਧਰ , ਇਸ ਤਸਵੀਰ ਵਾਲ ਵੇਖੋ। ਇਹ ਦਿਨ ਤੁਹਾਨੂੰ ਸਦਾ ਯਾਦ ਰਹੇ।"

ਸਾਡੇ ਸਕੂਲ ਵਿੱਚ ਇੰਨੀ ਖਾਮੋਸ਼ੀ ਛਾ ਗਈ ਮਾਣੋ ਉਹ ਬਰਫ਼  ਦੀ ਢਿੱਗ ਹੇਠ ਦੱਬਿਆ ਗਿਆ ਹੋਵੇ। ਸਾਨੂੰ ਸੁਣਾਈ ਦੇ ਰਿਹਾ ਸੀ ਕਿ ਹਵਾ ਕਿਸ ਤਰਾਂ ਕੰਧਾਂ ਦੀਆਂ ਝੀਥਾਂ ਥਾਣੀ ਅੰਦਰ ਆ ਰਹੀ ਸੀ, ਕਿਸ ਤਰਾਂ ਬਰਫ਼-ਕਿਣਕੇ ਪਰਾਲੀ ਉੱਤੇ ਡਿਗਦੇ ਹੋਏ ਸਰਸਰ ਕਰ ਰਹੇ ਸਨ।

ਉਸ ਘੜੀ ਜਦੋਂ ਚਹਿਲ-ਪਹਿਲ ਵਾਲੇ ਸ਼ਹਿਰ ਸੱਨਾਟੇ ਵਿੱਚ ਡੁੱਬ ਗਏ ਸਨ, ਧਰਤੀ ਨੂੰ ਥਰਥਰਾਉਣ ਵਾਲੇ ਕਾਰਖਾਨੇ ਰੁਕ ਗਏ ਸਨ, ਜਦੋਂ ਖੜ-ਖੜ ਕਰਦੀਆਂ ਰੇਲ ਗੱਡੀਆਂ ਦੇ ਚੱਕੇ ਜਾਮ ਹੋ ਗਏ ਸਨ, ਜਦੋਂ ਸਾਰਾ ਸੰਸਾਰ ਸੋਗ ਵਿੱਚ ਡੁਬਿਆ ਹੋਇਆ ਸੀ—ਉਹ ਗਮ ਦੀ ਘੜੀ ਅਸੀਂ, ਜਨਤਾ ਦੇ ਹਿੱਸੇ ਦਾ ਇੱਕ ਛੋਟਾ ਜਿਹਾ ਕਿਣਕਾ, ਸਾਹ ਰੋਕ ਕੇ ਆਪਣੇ ਅਧਿਆਪਕ ਨਾਲ ਦੂਸਰਿਆਂ ਲਈ ਅਣਜਾਣ, ਠੰਡੀ ਸੀਤ ਕੋਠੜੀ ਵਿੱਚ, ਜਿਸ ਨੂੰ ਸਕੂਲ ਆਖਿਆ ਜਾਂਦਾ ਸੀ, ਮਾਤਮ ਮਨਾ ਰਹੇ ਸਾਂ ਤੇ ਮਨ ਹੀ ਮਨ ਲੈਨਿਨ ਦੇ ਅਨੁਯਾਈਆਂ ਵਿੱਚੋਂ ਆਪਣੇ ਆਪ ਨੂੰ ਸਭ ਤੋਂ ਨਜਦੀਕੀ, ਸਭ ਤੋਂ ਵੱਧ ਦੁਖੀ ਸਮਝਦੇ ਹੋਏ ਉਸ ਨੂੰ ਅਲਵਿਦਾ ਆਖ ਰਹੇ ਸਾਂ ਤੇ ਸਾਡਾ ਲੈਨਿਨ, ਜਿਸ ਨੇ ਢਿੱਲੀ ਜਿਹੀ ਫੌਜੀ ਜੈਕਟ ਪਾਈ ਹੋਈ ਸੀ, ਜ਼ਖਮੀ ਬਾਂਹ ਨੂੰ ਪੱਟੀ ਵਿੱਚ ਲਟਕਾਇਆ ਹੋਇਆ ਸੀ, ਦੀਵਾਰ ਉੱਤੇ ਸਾਡੇ ਵੱਲ ਪਹਿਲਾਂ ਹੀ ਵੇਖ ਰਿਹਾ ਸੀ ਤੇ ਆਪਣੀ ਸਪੱਸ਼ਟ, ਨਿਰਮਲ ਦ੍ਰਿਸ਼ਟੀ ਨਾਲ ਸਾਨੂੰ ਕਹਿ ਰਿਹਾ ਸੀ-"ਬੱਚਿਓ, ਕਾਸ਼ ਕਿ ਤੁਸੀਂ ਜਾਣਦੇ ਹੁੰਦੇ, ਕਿੰਨਾਂ ਰੌਸ਼ਨ ਭਵਿੱਖ ਤੁਹਾਡੀ ਰਾਹ ਵੇਖ ਰਿਹਾ ਹੈ!" ਉਸ ਖਾਮੋਸ਼ੀ ਦੀ ਘੜੀ ਮੈਨੂੰ ਇੰਝ ਲੱਗਾ ਜਿਵੇਂ ਉਹ ਸੱਚਮੁੱਚ ਹੀ ਮੇਰੇ ਭਵਿੱਕ ਬਾਰੇ ਸੋਚ ਰਿਹਾ ਸੀ।

ਦੂਈਸ਼ੇਨ ਨੇ ਆਸਤੀਨ ਨਾਲ਼ ਆਪਣੀਆਂ ਅੱਖਾਂ ਪੂੰਝੀਆਂ ਤੇ ਸਾਨੂੰ ਆਖਿਆ-

ਅੱਜ ਮੈਂ ਵੋਲੋਸਤ ਕੇਂਦਰ ਜਾਵਾਂਗਾ। ਮੈਂ ਪਾਰਟੀ ਵਿੱਚ ਆਪਣਾ ਨਾਂ ਲਿਖਵਾਉਣ ਜਾ ਰਿਹਾਂ। ਤਿੰਨ ਦਿਨਾਂ ਮਗਰੋਂ ਮੁੜ ਆਵਾਂਗਾ।"

ਉਹ ਤਿੰਨ ਦਿਨ ਮੈਨੂੰ ਸਦਾ ਹੀ ਸਿਆਲ਼ ਦੇ ਦੂਸਰੇ ਸਾਰੇ ਦਿਨਾਂ ਨਾਲੋਂ ਕਕਰੀਲੇ ਲਗਦੇ ਹਨ ਜਿਹੜੇ ਮੈਨੂੰ ਵੇਖਣੇ ਪਏ ਸਨ। ਇੰਝ ਲਗਦਾ ਸੀ ਜਿਵੇਂ ਕੁਦਰਤ ਦੀਆਂ

---

* ਰੂਸ ਵਿੱਚ ਅਕਤੂਬਰ 1917 ਦੇ ਇਨਕਲਾਬ ਮਗਰੋਂ ਬਣੀ ਲਾਲ ਫੌਜ ਦੇ ਯੋਧਿਆਂ ਦੀ ਟੋਪੀ।


Academy of the Punjab in North America: http://www.apnaorg.com

ਬਲਵਾਨ ਸ਼ਕਤੀਆਂ ਧਰਤੀ ਉੱਤੇ ਉਸ ਮਹਾਨ ਇਨਸਾਨ ਦੀ ਥਾਂ ਪੁਰ ਕਰਨ ਲਈ ਜ਼ੋਰ ਲਾ ਰਹੀਆਂ ਹੋਣ, ਜਿਹੜਾ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ ਸੀ, ਕੱਕਰ ਲੋਹੇ ਵਾਂਗ ਟੁਣਕ ਰਿਹਾ ਸੀ... ਕੁਦਰਤ ਦੀਆਂ ਸ਼ਕਤੀਆਂ ਬੇਚੈਨੀ ਵਿੱਚ ਛਟਪਟਾ ਰਹੀਆਂ ਸਨ, ਧਰਤੀ ਨਾਲ ਸਿਰ ਮਾਰ ਮਾਰ ਕੇ ਕੁਰਲਾ ਰਹੀਆਂ ਸਨ...

ਪਹਾੜਾਂ, ਜਿਨ੍ਹਾਂ ਉੱਤੇ ਕਾਲੇ ਬੱਦਲ ਨੀਵੇਂ ਨੀਵੇਂ ਉੱਡ ਰਹੇ ਸਨ, ਦੀ ਗੋਦ ਵਿੱਚ ਵਸੇ ਹੋਏ ਸਾਡੇ ਪਿੰਡ ਵਿੱਚ ਖਾਮੋਸ਼ੀ ਛਾਈ ਹੋਈ ਸੀ। ਚਿਮਨੀਆਂ ਵਿੱਚੋਂ ਧੂੰ ਦੀਆਂ ਪਤਲੀਆਂ ਪਤਲੀਆਂ ਲਕੀਰਾਂ ਜਿਹੀਆਂ ਨਿੱਕਲ਼ ਰਹੀਆਂ ਸਨ, ਲੋਕ ਘਰਾਂ ਵਿੱਚੋਂ ਬਾਹਰ ਨਹੀਂ ਨਿੱਕਲ਼ ਰਹੇ ਸਨ। ਇਸ ਤੋਂ ਇਲਾਵਾ ਬਘਿਆੜ ਵੀ ਅਚਾਨਕ ਬੜੇ ਭਿਆਨਕ ਬਣ ਗਏ ਸਨ। ਉਹ ਬੜੇ ਗੁਸਤਾਖ ਹੋ ਗਏ ਸਨ, ਦਿਨ ਵੇਲੇ ਵੀ ਰਾਹਾਂ ਵਿੱਚ ਆ ਧਮਕਦੇ ਸਨ, ਰਾਤ ਵੇਲੇ ਪਿੰਡ ਦੇ ਲਾਗੇ ਘੁੰਮਦੇ ਫਿਰਦੇ ਰਹਿੰਦੇ ਤੇ ਦਿਨ ਚੜ੍ਹਨ ਤੱਕ ਭੁੱਖਣ ਭਾਣੇ ਦਰਦਨਾਕ ਆਵਾਜ਼ ਵਿੱਚ ਹਵਾਂਕਦੇ ਰਹਿੰਦੇ।

ਪਤਾ ਨਹੀਂ ਕਿਉਂ, ਮੈਨੂੰ ਆਪਣੇ ਅਧਿਆਪਕ ਦੀ ਚਿੰਤਾ ਲੱਗੀ ਰਹਿੰਦੀ-ਉਹ ਫਰ ਕੋਟ ਤੋਂ ਬਗੈਰ ਇਕੱਲੇ ਫੌਜੀ ਕੋਟ ਵਿੱਚ ਇੰਨੀ ਸਖਤ ਠੰਡ ਕਿਵੇਂ ਸਹਾਰਦਾ ਹੋਵੇਗਾ? ਉਸ ਦਿਨ, ਜਿਸ ਦਿਨ ਦੂਈਸ਼ੇਨ ਨੇ ਵਾਪਸ ਆਉਣਾ ਸੀ, ਮੇਰਾ ਮੱਥਾ ਠਣਕਿਆ, ਕੋਈ ਚਿੰਤਾ ਮੈਨੂੰ ਅੰਦਰੋਂ ਅੰਦਰ ਖਾਣ ਲੱਗੀ। ਮੈਂ ਵਾਰ ਵਾਰ ਘਰੋਂ ਬਾਹਰ ਨਿੱਕਲ਼ਦੀ ਅਤੇ ਅੱਖਾਂ ਪਾੜ ਪਾੜ ਕੇ ਬਰਫ਼ ਨਾਲ ਕੱਜੀ ਸਤੇਪੀ ਵੱਲ ਵੇਖਦੀ-ਸ਼ਾਇਦ, ਅਧਿਆਪਕ ਰਾਹ ਵਿੱਚ ਕਿਤੇ ਨਜ਼ਰ ਆ ਜਾਵੇ? ਪਰ ਉੱਥੇ ਕੋਈ ਵੀ ਨਜ਼ਰ ਨਾ ਆਇਆ।

“ਕਿੱਥੇ ਹੈਂ ਤੂੰ, ਸਾਡੇ ਅਧਿਆਪਕ? ਮੈਂ ਤੇਰੇ ਹਾੜ੍ਹੇ ਪਾਵਾਂ ਵੇ, ਬਹੁਤੀ ਦੇਰ ਨਾ ਲਾ, ਛੇਤੀ ਛੇਤੀ ਮੁੜ ਆ। ਅਸੀਂ ਤੇਰੀ ਰਾਹ ਵੇਖ ਰਹੇ ਹਾਂ, ਸੁਣਦਾ ਏ! ਅਸੀਂ ਤੇਰੀ ਰਾਹ ਵੇਖ ਰਹੇ ਹਾਂ!”

ਪਰ ਸਤੇਪੀ ਨੇ ਮੇਰੀ ਇਸ ਮੂਕ ਪੁਕਾਰ ਦਾ ਕੋਈ ਜਵਾਬ ਨਾ ਦਿੱਤਾ, ਤੇ ਮੈਂ ਪਤਾ ਨਹੀਂ ਕਿਉਂ, ਰੋ ਰਹੀ ਸਾਂ।

ਮੇਰੀ ਚਾਚੀ ਮੇਰੇ ਵਾਰ ਵਾਰ ਬਾਹਰ ਜਾਣ ਕਾਰਨ ਖਿਝ ਗਈ ਸੀ।

“ਤੂੰ ਅੱਜ ਬੂਹਿਆਂ ਨੂੰ ਚੈਨ ਵੀ ਲੈਣ ਦਏਂਗੀ? ਅਰਾਮ ਨਾਲ ਬਹਿ ਜਾ ਤੇ ਕੱਤਣ ਦਾ ਕੰਮ ਕਰ। ਨਿਆਣਿਆਂ ਨੂੰ ਠੰਡ ਲਾ ਦਏਂਗੀ। ਤੂੰ ਇਕੇਰਾਂ ਹੋਰ ਬਾਹਰ ਨਿੱਕਲ ਕੇ ਵੇਖ ਸਹੀ!”

ਉਸਨੇ ਮੇਰੇ ਵੱਲ ਉਂਗਲ ਕਰਦਿਆਂ ਧਮਕੀ ਦਿੱਤੀ ਤੇ ਫਿਰ ਘਰੋਂ ਬਾਹਰ ਨਾ ਨਿਕਲਣ ਦਿੱਤਾ।

ਤਰਕਾਲਾਂ ਪੈ ਗਈਆਂ, ਪਰ ਸਾਨੂੰ ਪਤਾ ਨਹੀਂ ਸੀ ਕਿ ਦੂਈਸ਼ੇਨ ਮੁੜ ਆਇਆ ਸੀ ਜਾਂ ਨਹੀਂ। ਮੈਂ ਇਸ ਗੱਲੋਂ ਡਾਢੀ ਬੇਚੈਨ ਹੋ ਗਈ ਸਾਂ। ਕਦੀ ਤਾਂ ਇਹ ਸੋਚ ਕੇ ਮਨ ਨੂੰ ਧਰਵਾਸ ਦੇ ਲੈਂਦੀ ਕਿ ਦੂਈਸ਼ੇਨ ਸ਼ਾਇਦ ਪਿੰਡ ਪਹੁੰਚ ਹੀ ਗਿਆ ਹੋਵੇ, ਪਹਿਲਾਂ ਕਦੀ ਇੰਝ ਨਹੀਂ ਹੋਇਆ ਸੀ ਕਿ ਉਹ ਉਸ ਵੱਲੋਂ ਮਿੱਥੇ ਗਏ ਦਿਨ ਵਾਪਸ ਨਾ ਆਇਆ ਹੋਵੇ। ਫਿਰ ਅਚਾਨਕ ਮੈਨੂੰ ਲੱਗਾ ਜਿਵੇਂ ਉਹ ਬਿਮਾਰ ਹੋ ਗਿਆ ਹੈ ਤੇ ਹੌਲ਼ੀ ਹੌਲ਼ੀ ਤੁਰਦਾ ਆ


Academy of the Punjab in North America: http://www.apnaorg.com

ਰਿਹਾ ਹੈ। ਬਰਫ਼ਾਨੀ ਝੱਖੜ ਝੂਲ ਰਿਹਾ ਹੈ ਤੇ ਇਹੋ ਜਿਹੀ ਹਾਲਤ ਵਿੱਚ ਰਾਤ ਵੇਲੇ ਸਤੇਪੀ ਵਿੱਚ ਰਾਹ ਭੁੱਲ ਜਾਣਾ ਕੋਈ ਮੁਸ਼ਕਲ ਨਹੀਂ ਸੀ... ਮੇਰੇ ਕੋਲ਼ੋਂ ਠੀਕ ਤਰਾਂ ਕੰਮ ਨਹੀਂ ਹੋ ਰਿਹਾ ਸੀ, ਮੇਰੇ ਹੱਥ ਮੇਰੇ ਵੱਸ ਵਿੱਚ ਨਹੀਂ ਰਹੇ ਸਨ, ਧਾਗਾ ਵਾਰ ਵਾਰ ਟੁੱਟ ਰਿਹਾ ਸੀ ਜਿਸ ਨਾਲ ਮੇਰੀ ਚਾਚੀ ਬੁਖਲਾ ਉੱਠੀ ਸੀ–

"ਨੀ ਅੱਜ ਤੈਨੂੰ ਕੀ ਹੋ ਗਿਐ ? ਤੇਰੇ ਹੱਥਾਂ ਨੂੰ ਕਿਤੇ ਕਾਠ ਤਾਂ ਨਹੀਂ ਵੱਜ ਗਿਆ ?" ਚਾਚੀ ਨੂੰ ਗੁੱਸਾ ਚੜ੍ਹਦਾ ਗਿਆ। ਉਹ ਮੇਰੇ ਵੱਲ ਕਨੱਖੀਆਂ ਥਾਂਣੀ ਵੇਖੀ ਜਾ ਰਹੀ ਸੀ। ਫਿਰ ਉਸ ਦੇ ਸਬਰ ਦਾ ਪਿਆਲਾ ਨੱਕੋ ਨੱਕ ਭਰ ਗਿਆ–"ਹਾਏ ਹਾਏ ਨੀ ਤੈਨੂੰ ਮੌਤ ਵੀ ਨਹੀਂ ਪੈਂਦੀ! ਜਾ ਤੇ ਜਾ ਕੇ ਬੁੱਢੜੀ ਸਾਈਕਾਲ ਨੂੰ ਉਹਦੀ ਬੋਰੀ ਮੋੜ ਆ।"

ਇਹ ਗੱਲ ਸੁਣਦਿਆਂ ਹੀ ਮੈਂ ਖੁਸ਼ੀ ਵਿੱਚ ਆਈ ਭੁੜਕ ਪੈਣ ਲੱਗੀ ਸਾਂ। ਦੂਈਸ਼ੇਨ ਬੁੱਢੜੀ ਸਾਈਕਾਲ ਦੇ ਘਰ ਹੀ ਰਹਿੰਦਾ ਸੀ। ਬੁੱਢੜੀ ਸਾਈਕਾਲ ਤੇ ਬੁੱਢੜਾ ਕਰਤਨਬਾਈ ਮੇਰੇ ਨਾਨਕਿਆਂ ਵੱਲੋਂ ਦੂਰ ਦੇ ਰਿਸ਼ਤੇਦਾਰ ਸਨ। ਪਹਿਲਾਂ ਮੇਰਾ ਉਹਨਾਂ ਦੇ ਘਰ ਬੜਾ ਆਉਣਾ ਜਾਣਾ ਹੁੰਦਾ ਸੀ। ਕਦੀ ਕਦੀ ਤਾਂ ਮੈਂ ਰਾਤੀਂ ਸੌਂਦੀ ਵੀ ਉਹਨਾਂ ਕੋਲ਼ ਹੀ ਸਾਂ। ਪਤਾ ਨਹੀਂ ਕਿਉਂ, ਚਾਚੀ ਨੂੰ ਇਸ ਗੱਲ ਦਾ ਚੇਤਾ ਆ ਗਿਆ ਜਾਂ ਅੱਲਾ ਨੇ ਉਸ ਦੇ ਮਨ ਵਿੱਚ ਮਿਹਰ ਪਾ ਦਿੱਤੀ ਸੀ, ਉਸਨੇ ਬੋਰੀ ਮੇਰੇ ਹਵਾਲੇ ਕਰਦੀ ਨੇ ਆਖਿਆ–

"ਅੱਜ ਤੂੰ ਮੈਨੂੰ ਏਨਾ ਅਕਾਅ ਮਾਰਿਐ ਜਿਵੇਂ ਕਾਲ ਪੈਣ ਵੇਲੇ ਜਵੀ ਦਾ ਆਟਾ ਖਾਂਦਿਆਂ ਅੱਕ ਜਾਈਦੈ। ਜਾ, ਚਲੀ ਜਾ। ਜੇ ਬੁੱਢੜਾ ਬੁੱਢੜੀ ਤੈਨੂੰ ਰੱਖ ਲੈਣ ਤਾਂ ਰਾਤ ਉੱਥੇ ਹੀ ਕੱਟ ਲਈਂ। ਜਾ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ..."

ਮੈਂ ਦੌੜ ਕੇ ਵਿਹੜੇ 'ਚ ਚਲੀ ਗਈ। ਹਵਾ ਟੂਣੇਬਾਜਾਂ ਵਾਂਗ ਸ਼ੂਕ ਰਹੀ ਸੀ। ਉਹ ਇੱਕ ਪਲ ਰੁਕਦੀ ਤੇ ਫਿਰ ਮੇਰੇ ਉੱਤੇ ਟੁੱਟ ਪੈਂਦੀ, ਮੇਰੇ ਤਪਦੇ ਚਿਹਰੇ ਉਤੇ ਮੁੱਠਾਂ ਭਰ ਭਰ ਕੇ ਚੁਭਦੀ ਹੋਈ ਬਰਫ਼ ਸੁੱਟਣ ਲਗਦੀ। ਮੈਂ ਬੋਰੀ ਨੂੰ ਕੱਛ ਵਿੱਚ ਘੁੱਟ ਲਿਆ ਤੇ ਉਸੇ ਗਲੀ ਥਾਣੀਂ ਪਿੰਡ ਦੇ ਦੂਜੇ ਸਿਰੇ ਵੱਲ ਦੌੜ ਪਈ ਜਿਸ ਉਤੇ ਘੋੜਿਆਂ ਦੇ ਸੁੰਮਾਂ ਦੀਆਂ ਤਾਜ਼ਾ ਪੈੜਾਂ ਨਜ਼ਰ ਆ ਰਹੀਆਂ ਸਨ। ਮੇਰੇ ਦਿਮਾਗ ਨੂੰ ਇੱਕ ਹੀ ਸਵਾਲ ਕੁਰੇਦ ਰਿਹਾ ਸੀ– "ਅਧਿਆਪਕ ਮੁੜ ਆਇਆ ਹੈ ਜਾਂ ਨਹੀਂ, ਮੁੜ ਆਇਆ ਹੈ ਜਾਂ ਨਹੀਂ ?"

ਜਦੋਂ ਮੈਂ ਦੌੜਦੀ ਹੋਈ ਬੁੱਢੜੀ ਦੇ ਘਰ ਪਹੁੰਚੀ ਤਾਂ ਅਧਿਆਪਕ ਉੱਥੇ ਨਹੀਂ ਸੀ। ਜਦੋਂ ਮੈਂ ਹਫਦੀ ਹੋਈ ਬਰੂਹਾਂ ਉੱਤੇ ਜਾ ਰੁਕੀ ਤਾਂ ਸਾਈਕਾਲ ਡਰ ਗਈ–

"ਤੈਨੂੰ ਕੀ ਹੋਇਆ ਕੁੜੇ ? ਏਨਾ ਦੌੜਦੀ ਕਿਉਂ ਆਈ ਏਂ, ਕੋਈ ਮਾੜੀ ਖ਼ਬਰ ਲਿਆਈ ਏਂ ?"

"ਨਹੀਂ , ਬੱਸ ਓਦਾਂ ਈ। ਆਹ ਬੋਰੀ ਲਿਆਈ ਆਂ। ਅੱਜ ਰਾਤ ਮੈਂ ਤੁਹਾਡੇ ਘਰ ਰਹਿ ਲਵਾਂ ?"

"ਰਹਿ ਜਾ ਜ਼ਰੂਰ ਰਹਿ ਜਾ, ਮੇਰੀ ਲਾਡਲੀ। ਅੜੀਏ, ਤੂੰ ਤਾਂ ਮੇਰਾ ਤਰਾਹ ਹੀ ਕੱਢ ਦਿੱਤੈ! ਪਤਝੜ ਮਗਰੋਂ ਤੂੰ ਤਾਂ ਕਦੀ ਮੂੰਹ ਵੀ ਨਹੀਂ ਵਿਖਾਇਆ। ਆ, ਅੱਗ ਲਾਗੇ ਬਹਿ ਜਾ, ਰਤਾ ਨਿੱਘੀ ਹੋ ਲੈ।"

"ਬੁੱਢੜੀਏ ਮਾਸ ਕੜਾਹੀ ਵਿੱਚ ਪਾ ਲੈ। ਧੀ ਧਿਆਣੀ ਨੂੰ ਕੁੱਝ ਖਵਾ, ਦੂਈਸ਼ੇਨ ਵੀ


Academy of the Punjab in North America: http://www.apnaorg.com

ਆਉਣ ਹੀ ਵਾਲੈ," ਕਰਤਨਬਾਈ ਨੇ ਆਖਿਆ ਜਿਹੜਾ ਬਾਰੀ ਲਾਗੇ ਬੈਠਾ ਹੋਇਆ ਨਮਦੇ ਦੇ ਪੁਰਾਣੇ ਬੂਟ ਗੰਢ ਰਿਹਾ ਸੀ। " ਉਹਨੂੰ ਚਿਰੋਕਣਾ ਘਰ ਆ ਜਾਣਾ ਚਾਹੀਦਾ ਸੀ। ਚਲੋ, ਕੋਈ ਗੱਲ ਨਹੀਂ, ਰਾਤ ਪੈਣ ਤੱਕ ਆ ਜਾਵੇਗਾ। ਸਾਡਾ ਘੋੜਾ ਘਰ ਵੱਲ ਬੜਾ ਛੇਤੀ ਛੇਤੀ ਆਉਂਦੈ।"

ਅਛੋਪਲੇ ਹੀ ਰਾਤ ਦੇ ਪਰਦੇ ਨੇ ਬਾਰੀਆਂ ਨੂੰ ਆ ਢੱਕਿਆ ਸੀ। ਦਿਲੋਂ ਮੇਰਾ ਸਾਰਾ ਧਿਆਨ ਬਾਹਰ, ਗਲ਼ੀ ਵੱਲ ਸੀ। ਜਦੋਂ ਵੀ ਕੁੱਤੇ ਭੌਂਕਣ ਜਾਂ ਲੋਕਾਂ ਦੀਆਂ ਗੱਲਾਂ ਦੀ ਅਵਾਜ਼ ਆਉਂਦੀ ਤਾਂ ਮੇਰਾ ਦਿਲ ਧਕ ਧਕ ਕਰਨ ਲੱਗ ਪੈਂਦਾ। ਪਰ ਦੂਈਸ਼ੇਨ ਅਜੇ ਵੀ ਨਹੀਂ ਆਇਆ ਸੀ। ਏਨਾ ਹੀ ਚੰਗਾ ਹੋਇਆ ਸੀ ਕਿ ਸਾਈਕਾਲ ਦੀਆਂ ਗੱਲਾਂ ਸੁਣਦਿਆਂ ਸੁਣਦਿਆਂ ਵਕਤ ਲੰਘਦਾ ਜਾ ਰਿਹਾ ਸੀ।

ਇੰਝ ਅਸੀਂ ਉਸਦੇ ਆਉਣ ਦੀ ਉਡੀਕ ਕਰਦੇ ਰਹੇ। ਅੱਧੀ ਰਾਤ ਹੋਣ ਤੱਕ ਕਰਤਨਬਾਈ ਥੱਕ ਗਿਆ ਸੀ।

"ਬਿਸਤਰਾ ਵਿਛਾ ਦੇ, ਬੁੱਢੜੀਏ । ਅੱਜ ਉਹਨੇ ਨਹੀਂ ਆਉਣਾ। ਦੇਰ ਹੋ ਗਈ ਆ। ਉੱਥੇ ਅਫਸਰਾਂ ਨਾਲ ਕਈ ਕੰਮ ਹੁੰਦੇ ਆ, ਰੋਕ ਲਿਆ ਹੋਣਾ, ਨਹੀਂ ਤਾਂ ਚਿਰੋਕਣਾ ਘਰ ਆ ਗਿਆ ਹੁੰਦਾ।"

ਏਨਾ ਕਹਿ ਕੇ ਬੁੱਢੜਾ ਬਿਸਤਰੇ 'ਚ ਚਲਾ ਗਿਆ।

ਅੰਗੀਠੀ ਦੇ ਪਿੱਛੇ ਇੱਕ ਨੁੱਕਰ ਵਿੱਚ ਮੇਰੇ ਲਈ ਬਿਸਤਰਾ ਵਿਛਾ ਦਿੱਤਾ ਗਿਆ। ਪਰ ਮੈਨੂੰ ਨੀਂਦ ਨਹੀਂ ਆ ਰਹੀ ਸੀ। ਬੁੱਢੜਾ ਖੰਘਦਾ, ਬੁੜ ਬੁੜ ਕਰਦਾ ਤੇ ਸਾਰੀ ਰਾਤ ਅੱਲਾ ਦਾ ਨਾਂ ਲੈਂਦਾ ਰਿਹਾ ਸੀ ਤੇ ਫਿਰ ਬੇਚੈਨੀ ਵਿੱਚ ਬਰੜਾਉਣ ਲੱਗ ਪਿਆ–

ਅੱਲਾ ਜਾਣੇ, ਮੇਰੇ ਘੋੜੇ ਦਾ ਕੀ ਬਣਿਐਂ ? ਜੇ ਘਾਹ ਦਾ ਰੁੱਗ ਮੰਗੋ ਤਾਂ ਬਿਨਾਂ ਪੈਸੇ ਕੋਈ ਨਹੀਂ ਦਿੰਦਾ, ਤੇ ਜਵੀ ਪੈਸੇ ਦਿੱਤਿਆਂ ਵੀ ਨਹੀਂ ਮਿਲਦੀ।"

ਥੋੜ੍ਹੀ ਦੇਰ ਮਗਰੋਂ ਕਰਤਨਬਾਈ ਸੌਂ ਗਿਆ, ਪਰ ਹਵਾ ਅਜੇ ਵੀ ਚੈਨ ਨਹੀਂ ਲੈਣ ਦੇ ਰਹੀ ਸੀ। ਉਹ ਜਿਵੇਂ ਟਟੋਲ ਟਟੋਲ ਕੇ ਵਗ ਰਹੀ ਸੀ, ਛੱਤ ਦੇ ਸਿਰੇ ਨੂੰ ਆਪਣੀਆਂ ਪੰਜਾਂ ਖੁਰਦਰੀਆਂ ਉਂਗਲ਼ੀਆਂ ਨਾਲ਼ ਹਿਲਾ ਕੇ ਸ਼ੀਸ਼ਿਆਂ ਨੂੰ ਖਰੋਚ ਰਹੀ ਸੀ। ਵਿਹੜੇ ਵਿੱਚ ਕੰਧਾਂ ਨਾਲ਼ ਖਹਿ ਖਹਿ ਜਾਂਦੇ ਝੱਖੜ ਦੀ ਆਵਾਜ ਸੁਣਾਈ ਦੇ ਰਹੀ ਸੀ।

ਬੁੱਢੜੇ ਦੀਆਂ ਗੱਲਾਂ ਨਾਲ਼ ਮੈਨੂੰ ਕੋਈ ਧਰਵਾਸ ਨਾ ਮਿਲਿਆ। ਮੈਨੂੰ ਲੱਗ ਰਿਹਾ ਸੀ ਕਿ ਅਧਿਆਪਕ ਜ਼ਰੂਰ ਆਵੇਗਾ ਤੇ ਉਸ ਦੀਆਂ ਸੋਚਾਂ ਵਿੱਚ ਡੁੱਬੀ ਹੋਈ ਸਾਂ, ਮੈਂ ਕਲਪਨਾ ਕਰ ਰਹੀ ਸਾਂ ਕਿ ਉਹ ਰਾਹ ਵਿੱਚ ਤੁਰਿਆ ਆ ਰਿਹਾ ਸੀ ਤੇ ਆਲ਼ੇ ਦੁਆਲ਼ੇ ਬਰਫ਼ ਤੋਂ ਇਲਾਵਾ ਕੁੱਝ ਹੋਰ ਨਹੀਂ ਸੀ। ਮੈਨੂੰ ਨਹੀਂ ਪਤਾ ਕਿ ਕਿੰਨਾ ਚਿਰ ਮੇਰੀ ਅੱਖ ਲੱਗੀ ਰਹੀ ਸੀ, ਪਰ ਅਚਾਨਕ ਕਿਸੇ ਚੀਜ ਨੇ ਮੈਨੂੰ ਆਪਣਾ ਸਿਰ ਸਿਰਹਾਣੇ ਤੋਂ ਚੁੱਕਣ ਲਈ ਮਜ਼ਬੂਰ ਕਰ ਦਿੱਤਾ। ਹਵਾਂਕਣ ਦੀ ਬੈਠੀ ਜਿਹੀ ਨਾਸਲ਼ ਆਵਾਜ ਧਰਤੀ ਤੋਂ ਉੱਠੀ ਤੇ ਹਵਾ ਵਿੱਚ ਗੂੰਜੀ। ਬਘਿਆੜ! ਇੱਕ ਨਹੀਂ, ਕਈ ਸਨ। ਬਘਿਆੜ ਇੱਕ ਦੂਜੇ ਨੂੰ ਆਵਾਜਾਂ ਦਿੰਦੇ ਹੋਏ ਸਾਰੇ ਪਾਸਿਆਂ ਤੋਂ ਵਧਦੇ ਹੋਏ ਹੋਰ ਨੇੜੇ ਆਉਂਦੇ ਜਾ ਰਹੇ ਸਨ। ਉਹਨਾਂ ਦਾ ਚੀਕ-ਚਿਹਾੜਾ ਤੇ ਅਵਾਜਾਂ ਘੁਲ਼ ਮਿਲ਼ ਕੇ ਸਤੇਪੀ ਵਿੱਚ ਇੱਧਰ ਉੱਧਰ


Academy of the Punjab in North America: http://www.apnaorg.com

ਘੁੰਮ ਰਹੀਆਂ ਸਨ, ਹਵਾ ਵਗਣ ਕਾਰਨ ਕਦੀ ਨੇੜੇ ਆ ਜਾਂਦੀਆਂ ਤੇ ਕਦੀ ਦੂਰ ਚਲੀਆਂ ਜਾਂਦੀਆਂ। ਕਦੀ ਕਦੀ ਇੰਝ ਲਗਦਾ ਜਿਵੇਂ ਬਘਿਆੜ ਬਿਲਕੁਲ ਹੀ ਨੇੜੇ, ਪਿੰਡ ਦੇ ਸਿਰੇ ਉਤੇ ਪਹੁੰਚ ਗਏ ਹੋਣ।

"ਬਰਫ਼ਾਨੀ ਝੱਖੜ ਨੂੰ ਵਾਜਾਂ ਮਾਰ ਰਹੇ ਨੇ,"ਬੁੱਢੜੀ ਨੇ ਫੁਸ ਫੁਸ ਕੀਤਾ।

ਬੁੱਢੜਾ ਚੁੱਪ ਰਿਹਾ, ਬਿੜਕਾਂ ਲੈਂਦਾ ਰਿਹਾ ਤੇ ਫਿਰ ਬਿਸਤਰੇ ਚੋਂ ਭੁੜਕ ਕੇ ਉੱਤਰਿਆ।

"ਨਹੀਂ, ਬੁੱਢੜੀਏ, ਇਹ ਏਨੀ ਸਿੱਧੀ ਗੱਲ ਨਹੀਂ! ਉਹ ਕਿਸੇ ਦੇ ਪਿੱਛੇ ਪਏ ਹੋਏ ਨੇ। ਬੰਦੇ ਜਾਂ ਘੋੜੇ ਨੂੰ ਘੇਰਾ ਪਾ ਰਹੇ ਨੇ। ਸੁਣਦੀ ਏਂ? ਅੱਲਾ ਦੀ ਮਿਹਰ ਹੋਏ ਦੂਈਸ਼ੇਨ 'ਤੇ। ਉਹਨੂੰ ਕਿਸੇ ਦਾ ਡਰ ਭੈ ਨਹੀਂ, ਮੂਰਖ ਜਮਾਨੇ ਦਾ।" ਕਰਤਨਬਾਈ ਹਨੇਰੇ ਵਿੱਚ ਆਪਣਾ ਖੱਲ ਦਾ ਕੋਟ ਟਟੋਲਦਾ ਹੋਇਆ ਚਿੰਤਾ ਕਰਨ ਲੱਗਾ। "ਦੀਵਾ ਜਗਾਈਂ, ਬੁੱਢੜੀਏ, ਰਤਾ ਚਾਨਣ ਕਰੀਂ! ਛੇਤੀ ਕਰ, ਅੱਲਾ ਦੇ ਵਾਸਤੇ!"

ਡਰ ਨਾਲ਼ ਕੰਬਦੇ ਅਸੀਂ ਉੱਠ ਖੜ੍ਹੇ ਹੋਏ ਅਤੇ ਅਜੇ ਬੁੱਢੜੀ ਨੇ ਲੈਂਪ ਲੱਭੀ ਹੀ ਸੀ ਤੇ ਅੱਗ ਬਾਲ ਕੇ ਚਾਨਣ ਕੀਤਾ ਹੀ ਸੀ ਕਿ ਬਘਿਆੜਾਂ ਦਾ ਹਵਾਂਕਣਾ ਇੱਕਦਮ ਬੰਦ ਹੋ ਗਿਆ।

"ਦਬੋਚ ਲਿਆ, ਦੁਸ਼ਟਾਂ ਨੇ!" ਕਰਤਨਬਾਈ ਕੂਕਿਆ ਤੇ ਵੈਸਾਖੀ ਉਠਾਕੇ ਦਰਵਾਜੇ ਵੱਲ ਲਪਕਿਆ, ਪਰ ਉਸ ਵੇਲੇ ਕੁੱਤੇ ਭੌਂਕਣ ਲੱਗ ਪਏ। ਕੋਈ ਆਦਮੀ ਦੌੜਦਾ ਹੋਇਆ ਆਇਆ ਅਤੇ ਬੜੇ ਜ਼ੋਰ ਤੇ ਬੇਸਬਰੀ ਨਾਲ਼ ਦਰਵਾਜਾ ਖੜਕਾਉਣ ਲੱਗਾ।

ਕਮਰੇ ਅੰਦਰ ਬਰਫ਼ੀਲੀ ਬਦਲੋਟੀ ਆ ਵੜੀ। ਜਦੋਂ ਉਹ ਖਿੰਡ ਪੁੰਡ ਗਈ ਤਾਂ ਸਾਨੂੰ ਦੂਈਸ਼ੇਨ ਨਜ਼ਰ ਆਇਆ। ਉਸ ਦਾ ਚਿਹਰਾ ਪੀਲ਼ਾ ਵਸਾਰ ਵਰਗਾ ਸੀ, ਉਸ ਦਾ ਸਾਹ ਨਾਲ਼ ਸਾਹ ਨਹੀਂ ਮਿਲ਼ ਰਿਹਾ ਸੀ। ਉਹ ਲੜਖੜਾਉਂਦਾ ਹੋਇਆ ਅੰਦਰ ਆਇਆ ਤੇ ਕੰਧ ਨਾਲ਼ ਢੋਹ ਲਾ ਲਈ।

"ਬੰਦੂਕ!" ਉਸਨੇ ਹਫਦੇ ਹੋਏ ਆਖਿਆ।

ਪਰ ਸਾਨੂੰ ਤਾਂ ਜਿਵੇਂ ਉਸ ਦੀ ਗੱਲ ਦੀ ਸਮਝ ਹੀ ਨਾ ਆ ਰਹੀ ਹੋਵੇ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ, ਮੈਨੂੰ ਤਾਂ ਬੱਸ ਬੁੱਢੇ ਤੇ ਬੁੱਢੜੀ ਦਾ ਡੁਸਕਣਾ ਹੀ ਸੁਣਾਈ ਦਿੱਤਾ–

"ਕਾਲ਼ੀ ਭੇਡ ਦੀ ਬਲ਼ੀ ਦਿਆਂਗਾ, ਚਿੱਟੀ ਭੇਡ ਦੀ ਬਲ਼ੀ ਦਿਆਂਗਾ! ਪਵਿੱਤਰ ਬਾਊਬੇਦੀਨ ਤੇਰੀ ਰਾਖੀ ਕਰੇ। ਇਹ ਤੂੰ ਹੀ ਏਂ?"

"ਬੰਦੂਕ, ਬੰਦੂਕ ਦਿਓ!" ਦੂਈਸ਼ੇਨ ਨੇ ਫਿਰ ਆਖਿਆ।

"ਬੰਦੂਕ ਹੈ ਨਹੀਂ, ਤੂੰ ਕਿੱਥੇ ਚੱਲਿਐਂ?"

ਪਰ ਬੁੱਢੜਾ ਤੇ ਬੁੱਢੜੀ ਦੂਈਸ਼ੇਨ ਦੇ ਮੋਢਿਆਂ ਨਾਲ ਚੁੰਬੜ ਗਏ।

"ਕੋਈ ਲਾਠੀ ਹੀ ਦੇ ਦਿਓ।"

ਪਰ ਬੁੱਢੜੇ ਤੇ ਬੁੱਢੜੀ ਨੇ ਉਸਦਾ ਵਾਸਤਾ ਪਾਇਆ–

"ਜਦ ਤੱਕ ਅਸੀਂ ਜੀਂਦੇ ਹਾਂ, ਤੂੰ ਕਿਤੇ ਨਹੀਂ, ਕਿਤੇ ਨਹੀਂ ਜਾ ਸਕਦਾ। ਜੇ ਜਾਣਾ ਈ ਤਾਂ ਸਾਡੀ ਜਾਨ ਕੱਢ ਲੈ!"


Academy of the Punjab in North America: http://www.apnaorg.com

ਅਚਾਨਕ ਮੈਨੂੰ ਆਪਣੇ ਸਾਰੇ ਸਰੀਰ ਵਿੱਚ ਅਜੀਬ ਜਿਹੀ ਕਮਜੋਰੀ ਮਹਿਸੂਸ ਹੋਈ, ਤੇ ਮੈਂ ਬਿਸਤਰੇ 'ਚ ਜਾ ਕੇ ਚੁਪਚਾਪ ਲੰਮੀ ਪੈ ਗਈ।

"ਮੈਂ ਕੋਈ ਵੀ ਚਾਰਾ ਕਰ ਨਾ ਸਕਿਆ, ਐਨ ਘਰ ਲਾਗੇ ਆ ਕੇ ਦਬੋਚ ਲਿਆ।" ਦੂਈਸ਼ੇਨ ਨੇ ਜ਼ੋਰ ਨਾਲ਼ ਸਾਹ ਲਿਆ ਤੇ ਛਾਂਟਾ ਨੁੱਕਰ ਵਿੱਚ ਸੁੱਟ ਦਿੱਤਾ। "ਘੋੜਾ ਰਾਹ ਵਿੱਚ ਹੀ ਥੱਕ ਕੇ ਚੂਰ ਹੋ ਗਿਆ ਸੀ। ਫਿਰ ਬਘਿਆੜ ਪਿੱਛੇ ਲੱਗ ਗਏ, ਉਹ ਵਿਚਾਰਾ ਦੌੜਦਾ ਹੋਇਆ ਪਿੰਡ ਤੱਕ ਪਹੁੰਚਿਆ ਤੇ ਉੱਥੇ ਹੀ ਢੇਰ ਹੋ ਗਿਆ। ਉੱਥੇ ਹੀ ਬਘਿਆੜ ਉਸ ਉੱਤੇ ਟੁੱਟ ਪਏ।"

ਕੋਈ ਫ਼ਿਕਰ ਨਾ ਕਰ ਘੋੜੇ ਦਾ। ਏਨਾ ਹੀ ਸ਼ੁਕਰ ਆ ਕਿ ਤੇਰੀ ਜਾਨ ਬਚ ਗਈ ਏ। ਜੇ ਘੋੜਾ ਨਾ ਡਿਗਦਾ ਤਾਂ ਉਹਨਾਂ ਨੇ ਤੈਨੂੰ ਕਿਥੇ ਛੱਡਣਾ ਸੀ! ਸਾਰਿਆਂ ਦੇ ਰਖਵਾਲੇ ਬਾਊਬੇਦੀਨ ਦੀ ਮਿਹਰ ਨਾਲ਼ ਇਹ ਮਾਮਲਾ ਮੁੱਕ ਗਿਐ। ਹੁਣ ਕਪੜੇ ਲਾਹ ਤੇ ਅੱਗ ਲਾਗੇ ਬਹਿ ਜਾ। ਲਿਆ, ਤੇਰੇ ਬੂਟ ਲਾਹ ਦਿਆਂ", ਕਰਤਨਬਾਈ ਇਧਰ ਉਦਰ ਹੱਥ ਪੈਰ ਮਾਰਨ ਲੱਗਾ, "ਤੇ ਤੂੰ, ਬੁੱਢੜੀਏ, ਜੋ ਕੁਝ ਵੀ ਘਰ ਵਿਚ ਹੈ, ਗਰਮ ਕਰ ਦੇ..."

ਉਹ ਅੱਗ ਲਾਗੇ ਬੈਠ ਗਏ ਤਾਂ ਕਰਤਨਬਾਈ ਨੇ ਸੁਖ ਦਾ ਸਾਹ ਲਿਆ।

"ਚਲੋ, ਜੋ ਹੋਣਾ ਸੀ ਸੋ ਹੋ ਗਿਆ। ਪਰ ਤੂੰ ਉਥੋਂ ਏਨਾ ਕੁਵੇਲੇ ਕਿਉਂ ਤੁਰਿਆ?"

"ਵੋਲੋਸਤ ਕਮੇਟੀ ਦੀ ਮੀਟਿੰਗ ਬੜੀ ਦੇਰ ਤਕ ਚਲਦੀ ਰਹੀ। ਮੈਂ ਪਾਰਟੀ 'ਚ ਆਪਣਾ ਨਾਂ ਲਿਖਵਾ ਲਿਐ।"

"ਬੜੀ ਚੰਗੀ ਗੱਲ ਆ। ਪਰ ਤੂੰ ਅਗਲੇ ਦਿਨ ਸਵੇਰੇ ਤੁਰ ਪੈਂਦਾ। ਤੈਨੂੰ ਉਥੋਂ ਕੋਈ ਧੱਕ ਕੇ ਕੱਢ ਤਾਂ ਨਹੀਂ ਰਿਹਾ ਸੀ।"

"ਮੈਂ ਬੱਚਿਆਂ ਨਾਲ਼ ਅੱਜ ਹੀ ਮੁੜਨ ਦਾ ਵਾਅਦਾ ਕੀਤਾ ਸੀ", ਦੂਈਸ਼ੇਨ ਨੇ ਜਵਾਬ ਦਿੱਤਾ, "ਭਲ਼ਕੇ ਸਵੇਰੇ ਹੀ ਪੜ੍ਹਾਈ ਸ਼ੁਰੂ ਕਰ ਦਿਆਂਗੇ।"

"ਹੈਂ, ਕਮਲ਼ਾ!" ਕਰਤਨਬਾਈ ਭੁੜਕ ਪਿਆ ਅਤੇ ਗੁੱਸਾ ਚੜ੍ਹਨ ਕਾਰਨ ਜ਼ੋਰ ਜ਼ੋਰ ਦੀ ਸਿਰ ਮਾਰਨ ਲੱਗਾ। "ਸੁਣਦੀ ਏਂ, ਬੁੱਢੜੀਏ? ਵੱਖਦੀ ਏਂ, ਇਹਨੇ ਇਹਨਾਂ ਨਿਆਣਿਆਂ, ਇਹਨਾਂ ਨਲ਼ੀ-ਚੋਚੋਆਂ ਨਾਲ ਵਾਅਦਾ ਕੀਤਾ ਸੀ! ਜੇ ਤੇਰੀ ਜਾਨ ਨਾ ਬਚਦੀ, ਤਾਂ? ਰਤਾ ਸੋਚ, ਦਿਮਾਗ਼ ਤੋਂ ਕੰਮ ਲੈ, ਤੂੰ ਆਖਦਾ ਕੀ ਪਿਐਂ?"

"ਇਹ ਮੇਰਾ ਫ਼ਰਜ਼ ਏ, ਮੇਰਾ ਕੰਮ ਏ, ਬਾਪੂ ਜੀ! ਪਰ ਮਸਲਾ ਹੋਰ ਏ, ਪਹਿਲਾਂ ਮੈਂ ਆਮ ਤੌਰ 'ਤੇ ਪੈਦਲ ਹੀ ਜਾਂਦਾ ਹੁੰਦਾ ਸਾਂ, ਪਰ ਇਸ ਵਾਰੀ ਮੇਰੀ ਅਕਲ 'ਤੇ ਐਸਾ ਪਰਦਾ ਪਿਆ ਕਿ ਤੁਹਾਡੇ ਕੋਲੋਂ ਘੋੜਾ ਮੰਗ ਲਿਆ ਤੇ ਉਸ ਨੂੰ ਬਘਿਆੜਾਂ ਦੇ ਲੇਖੇ ਲਾ ਦਿੱਤਾ..."

"ਓਇ, ਛੱਡ ਇਸ ਗੱਲ ਨੂੰ, ਖਸਮਾਂ ਨੂੰ ਖਾਵੇ ਘੋੜਾ। ਬੜਾ ਨਕੰਮਾ ਘੋੜਾ ਸੀ। ਚਲੋ, ਤੇਰੀ ਜਾਨ ਦੀ ਖ਼ਾਤਰ ਉਹਦੀ ਬਲ਼ੀ ਦਿੱਤੀ ਗਈ ਸਮਝੋ!" ਕਰਤਨਬਾਈ ਨੇ ਉਤੇਜਤ ਹੁੰਦਿਆਂ ਆਖਿਆ।

"ਸਾਰੀ ਉਮਰ ਘੋੜੇ ਬਿਨਾਂ ਰਿਹਾਂ ਤੇ ਹੁਣ ਘੋੜੇ ਬਿਨਾਂ ਮੇਰੀ ਜਾਨ ਨਹੀਂ ਨਿਕਲਣ ਲੱਗੀ। ਜੇ ਸੋਵੀਅਤ ਰਾਜ ਕਾਇਮ ਰਿਹਾ ਤਾਂ ਕੋਈ ਹੋਰ ਘੋੜਾ ਮਿਲ਼ ਜਾਵੇਗਾ..."


Academy of the Punjab in North America: http://www.apnaorg.com

“ਬੜੇ ਕੰਮ ਦੀ ਗੱਲ ਆਖੀ ਊ, ਬੁੱਢੜਿਆ”, ਭਰੇ ਹੋਏ ਗਲ਼ੇ ਨਾਲ਼ ਸਾਈਕਾਲ ਨੇ ਆਖਿਆ। “ਹੋਰ ਮਿਲ਼ ਜਾਵੇਗਾ... ਲੈ ਪੁਤਰਾ, ਖਾ ਲੈ ਗਰਮ ਗਰਮ ਖਾਣਾ...”

ਉਹ ਚੁੱਪ ਹੋ ਗਏ। ਪਲ-ਕੁ ਮਗਰੋਂ ਬਲ਼ਦੇ ਗੋਹਿਆਂ ਨੂੰ ਠੀਕ ਕਰਦਿਆਂ ਕਰਤਨਬਾਈ ਸੋਚੀਂ ਪਿਆ ਹੋਇਆ ਫੁਸਫੁਸਾਇਆ:

“ਮੈਂ ਤੇਰੇ ਵੱਲ ਵੇਖਦੈਂ, ਦੂਈਸ਼ੇਨ। ਤੂੰ ਕੋਈ ਮੂਰਖ ਨਹੀਂ, ਸਗੋਂ ਸਿਆਣਾ ਮੁੰਡਾ ਏਂ। ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਤੂੰ ਇਸ ਸਕੂਲ ਤੇ ਨਾਸਮਝ ਨਿਆਣਿਆਂ ਦੇ ਝੰਜਟ ਵਿਚ ਕਾਹਦੇ ਲਈ ਪਿਆ ਏਂ? ਜਾਂ ਫਿਰ ਤੇਰੇ ਕਰਨ ਵਾਲ਼ਾ ਹੋਰ ਕੋਈ ਕੰਮ ਨਹੀਂ ਰਿਹਾ? ਤੂੰ ਕਿਸੇ ਨਾਲ ਵਾਗੀ ਦਾ ਕੰਮ ਕਰ ਲੈ, ਗੁੱਲੀ ਵੀ ਤੇ ਜੁੱਲੀ ਵੀ ਮਿਲ ਜਾਊ...”

“ਮੈਂ ਸਮਝਦਾਂ, ਬਾਪੂ ਜੀ, ਤੁਸੀਂ ਮੇਰੇ ਭਲੇ ਦੀ ਗੱਲ ਹੀ ਕਰ ਰਹੇ ਹੋ। ਪਰ ਜੇ ਇਹ ਨਾਸਮਝ ਬੱਚੇ ਬਾਅਦ ਵਿੱਚ ਤੁਹਾਡੇ ਵਰਗੀਆਂ ਹੀ ਗੱਲਾਂ ਕਰਨਗੇ ਕਿ ਸਕੂਲ ਦੀ ਕੀ ਲੋੜ ਏ, ਪੜ੍ਹਾਈ ਦੀ ਕੀ ਲੋੜ ਏ ਤਾਂ ਸੋਵੀਅਤ ਰਾਜ ਦਾ ਕੰਮ ਬਹੁਤਾ ਅੱਗੇ ਨਹੀਂ ਵਧਣਾ। ਤੁਸੀਂ ਇਹ ਤਾਂ ਚਾਹੁੰਦੇ ਹੀ ਓ ਕਿ ਇਹ ਰਾਜ ਕਾਇਮ ਰਹੇ, ਜੁੱਗ ਜੁੱਗ ਜੀਵੇ। ਇਸ ਵਾਸਤੇ, ਬਾਪੂ ਜੀ ਸਕੂਲ ਦਾ ਮੇਰੇ ਉਤੇ ਕੋਈ ਬੋਝ ਨਹੀਂ। ਜੇ ਕਿਤੇ ਮੈਂ ਬੱਚਿਆਂ ਨੂੰ ਹੋਰ ਚੰਗੀ ਤਰ੍ਹਾਂ ਪੜ੍ਹਾ ਸਕਦਾ! ਇਹ ਹੀ ਮੇਰਾ ਮਨਚਿੰਦਾ ਸੁਪਨਾ ਏ। ਵੇਖੋ ਨਾ, ਲੈਨਿਨ ਨੇ ਵੀ ਕਿਹਾ ਸੀ...”

“ਹਾਂ ਸੱਚ, ਇਕ ਗੱਲ ਦੱਸੀਂ...” ਕਰਤਨਬਾਈ ਨੇ ਦੂਈਸ਼ੇਨ ਦੀ ਗੱਲ ਟੋਕੀ ਤੇ ਪਲ-ਕੁ ਚੁੱਪ ਰਹਿਣ ਮਗਰੋਂ ਆਖਿਆ: “ਤੂੰ ਸਦਾ ਗ਼ਮ ਨਾਲ ਘੁਲ਼ਦਾ ਰਹਿੰਦਾ ਏਂ, ਪਰ ਤੇਰੇ ਰੋਣ ਨਾਲ ਲੈਨਿਨ ਨੇ ਮੁੜ ਨਹੀਂ ਆਉਣਾ। ਹਾਏ ਓਇ, ਜੇ ਕਿਤੇ ਇਸ ਦੁਨੀਆ ਵਿਚ ਐਸੀ ਤਾਕਤ ਹੁੰਦੀ! ਜਾਂ ਫਿਰ, ਤੂੰ ਸੋਚਦੈਂ ਕਿ ਹੋਰ ਕਿਸੇ ਨੂੰ ਦੁੱਖ ਨਹੀਂ, ਗ਼ਮ ਨਹੀਂ?... ਤੂੰ ਮੇਰੀਆਂ ਪੱਸਲ਼ੀਆਂ ਹੇਠ ਝਾਤ ਮਾਰ ਕੇ ਵੇਖ, ਮੇਰੇ ਦਿਲ ਵਿੱਚੋਂ ਗ਼ਮ ਦਾ ਗੁਬਾਰ ਨਿਕਲ਼ ਰਿਹਾ ਈ। ਮੈਨੂੰ ਨਹੀਂ ਪਤਾ ਕਿ ਇਹ ਤੇਰੇ ਵਿਚਾਰਾਂ ਨਾਲ਼ ਮੇਲ਼ ਖਾਂਦਾ ਕਿ ਨਹੀਂ। ਭਾਵੇਂ ਲੈਨਿਨ ਦਾ ਮਜ਼ਹਬ ਦੂਸਰਾ ਸੀ ਪਰ ਮੈਂ ਆਪਣੇ ਮਨ ਅੰਦਰ ਉਹਦੇ ਲਈ ਪੰਜ ਨਮਾਜ਼ ਪੜ੍ਹਦਾਂ। ਪਰ ਦੂਈਸ਼ੇਨ, ਮੇਰਾ ਖ਼ਿਆਲ ਆ, ਉਹਦੇ ਵਾਸਤੇ ਭਾਵੇਂ ਅਸੀਂ ਕਿੰਨਾ ਵੀ ਸੋਗ ਮਨਾਈਏ, ਇਸ ਦਾ ਕੋਈ ਫਾਇਦਾ ਨਹੀਂ। ਮੈਂ ਬੁੱਢਾ ਆਦਮੀ ਆਂ ਤੇ ਬੁੱਢਿਆਂ ਵਾਂਗ ਸੋਚਦਾਂ। ਮੈਂ ਤਾਂ ਇਹੋ ਆਖਾਂਗਾ ਕਿ ਲੈਨਿਨ ਹੁਣ ਵੀ ਲੋਕਾਂ ਦੇ ਦਿਲਾਂ ਅੰਦਰ ਜਿਊਂਦੈ। ਜਿਵੇਂ ਪਿਓ ਦਾ ਲਹੂ ਉਹਦੇ ਨਿਆਣਿਆਂ ਵਿੱਚ ਚਲਿਆ ਜਾਂਦੈ, ਉਵੇਂ ਹੀ ਲੈਨਿਨ ਵੀ ਪੀੜ੍ਹੀ ਦਰ ਪੀੜ੍ਹੀ ਜ਼ਿੰਦਾ ਰਹੇਗਾ...”

“ਤੁਹਾਡੀਆਂ ਇਹਨਾਂ ਗੱਲਾਂ ਲਈ ਸ਼ੁਕਰੀਆ, ਬਾਪੂ ਜੀ। ਤੁਹਾਡੀਆਂ ਗੱਲਾਂ ਸੱਚੀਆਂ ਨੇ। ਲੈਨਿਨ ਸਾਥੋਂ ਸਦਾ ਲਈ ਵਿਛੜ ਗਿਐ ਪਰ ਅਸੀਂ ਉਹਦੇ ਨਕਸ਼ੇ ਕਦਮ ’ਤੇ ਚਲਾਂਗੇ...”

ਇਸ ਗਲਬਾਤ ਨੂੰ ਸੁਣਦਿਆਂ ਹੌਲ਼ੀ ਹੌਲ਼ੀ ਮੇਰਾ ਚਿਤ ਟਿਕਾਣੇ ਆ ਗਿਆ ਸੀ। ਪਹਿਲਾਂ ਪਹਿਲਾਂ ਤਾਂ ਮੈਨੂੰ ਇਹ ਸਭ ਕੁਝ ਸੁਪਨੇ ਵਰਗਾ ਹੀ ਲਗਦਾ ਸੀ। ਮੈਨੂੰ ਬੜਾ ਚਿਰ


Academy of the Punjab in North America: http://www.apnaorg.com

ਯਕੀਨ ਨਹੀਂ ਆ ਰਿਹਾ ਸੀ ਕਿ ਦੂਈਸ਼ੇਨ ਸਹੀ ਸਲਾਮਤ ਵਾਪਸ ਆ ਗਿਆ ਸੀ। ਪਰ ਮਗਰੋਂ ਬਹਾਰ ਦੇ ਹੜ੍ਹ* ਵਾਂਗ ਮੁਕਤ ਹੋਏ ਮੇਰੇ ਦਿਲ ਅੰਦਰ ਇਕਸਾਰ, ਬੇਮੁਹਾਰੀ ਖ਼ੁਸ਼ੀ ਫੁੱਟ ਪਈ ਤੇ ਇਸ ਦੇ ਨਿੱਘੇ ਵਹਾ ਵਿਚ ਮੇਰਾ ਗਚ ਭਰ ਆਇਆ ਤੇ ਮੈਂ ਫੁੱਟ ਫੁੱਟ ਕੇ ਰੋਣ ਲੱਗ ਪਈ। ਸ਼ਾਇਦ ਪਹਿਲਾਂ ਕਦੀ ਵੀ ਕਿਸੇ ਨੂੰ ਵੀ ਏਨੀ ਖ਼ੁਸ਼ੀ ਨਹੀਂ ਹੋਈ ਸੀ ਜਿੰਨੀ ਉਸ ਪਲ ਮੈਨੂੰ ਹੋਈ ਸੀ। ਓਦੋਂ ਮੇਰੇ ਲਈ ਕਿਸੇ ਵੀ ਚੀਜ਼ ਦੀ ਹੋਂਦ ਨਹੀਂ ਰਹੀ ਸੀ : ਨਾ ਕੱਚੇ ਘਰ ਦੀ, ਨਾ ਹੀ ਬਾਹਰ ਤੂਫ਼ਾਨੀ ਰਾਤ ਦੀ, ਬਘਿਆੜਾਂ ਦੇ ਵੱਗ ਦੀ, ਜਿਹੜਾ ਪਿੰਡ ਦੇ ਬਾਹਰਵਾਰ ਕਰਤਨਬਾਈ ਦੇ ਇਕੋ ਇਕ ਘੋੜੇ ਦੀ ਬੋਟੀ ਬੋਟੀ ਤੋੜ ਰਿਹਾ ਸੀ। ਕਿਸੇ ਵੀ ਚੀਜ਼ ਦੀ ਹੋਂਦ ਨਹੀਂ ਸੀ! ਮੈਂ ਆਪਣੇ ਦਿਲ, ਆਪਣੀ ਚੇਤਨਾ, ਆਪਣੇ ਸਮੁਚੇ ਵਜੂਦ ਅੰਦਰ ਅਪਾਰ ਸੁਖ ਮਹਿਸੂਸ ਕਰ ਰਹੀ ਸਾਂ ਜਿਹੜਾ ਚਾਨਣ ਵਾਂਗ ਅਸੀਮ ਤੇ ਅਨੰਤ ਸੀ। ਮੈਂ ਆਪਣਾ ਸਿਰ ਢਕ ਲਿਆ, ਬੁੱਲ੍ਹ ਭੀਚ ਲਏ, ਤਾਂ ਜੋ ਮੈਨੂੰ ਰੋਂਦੀ ਹੋਈ ਨੂੰ ਕੋਈ ਸੁਣ ਨਾ ਲਏ। ਪਰ ਦੂਈਸ਼ੇਨ ਨੇ ਸੁਣ ਹੀ ਲਿਆ ਸੀ।

"ਅੰਗੀਠੀ ਲਾਗੇ ਕੌਣ ਰੋਂਦਾ ਪਿਐ?" ਦੂਈਸ਼ੇਨ ਨੇ ਪੁੱਛਿਆ।

"ਅਲਤਿਨਾਈ ਆ, ਬੜੀ ਡਰ ਗਈ ਆ, ਤਾਹੀਓਂ ਰੋਂਦੀ ਪਈ ਆ", ਸਾਈਕਾਲ ਨੇ ਆਖਿਆ।

"ਅਲਤਿਨਾਈ? ਉਹ ਕਿਥੋਂ ਆਈ?" ਦੂਈਸ਼ੇਨ ਆਪਣੀ ਥਾਂ ਤੋਂ ਭੁੜਕ ਕੇ ਉੱਠਿਆ ਤੇ ਮੇਰੇ ਸਿਰਹਾਣੇ ਲਾਗੇ ਗੋਡਿਆਂ ਦੇ ਭਾਰ ਬੈਠ ਕੇ ਮੇਰੇ ਮੋਢਿਆਂ ਨੂੰ ਹਿਲਾਇਆ। "ਅਲਤਿਨਾਈ, ਤੈਨੂੰ ਕੀ ਹੋਇਐ? ਤੂੰ ਰੋਂਦੀ ਕਿਉਂ ਪਈ ਏਂ?"

ਮੈਂ ਆਪਣਾ ਮੂੰਹ ਕੰਧ ਵੱਲ ਮੋੜ ਲਿਆ ਤੇ ਮੇਰੀਆਂ ਅੱਖਾਂ ਵਿਚੋਂ ਹੰਝੂ ਪਹਿਲਾਂ ਨਾਲੋਂ ਵੀ ਜ਼ੋਰ ਜ਼ੋਰ ਦੀ ਵਹਿਣ ਲੱਗੇ।

"ਵਾਹ ਅਲਤਿਨਾਈ, ਭਲਾ ਏਨਾ ਡਰਨਾ ਵੀ ਕੀ ਹੋਇਐ? ਤੂੰ ਏਡੀ ਵੱਡੀ ਹੋ ਗਈ ਏਂ, ਫਿਰ ਵੀ ਰੋਈ ਜਾ ਰਹੀ ਏਂ... ਜ਼ਰਾ ਮੇਰੇ ਵੱਲ ਮੂੰਹ ਕਰ..."

ਮੈਂ ਦੂਈਸ਼ੇਨ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਹੰਝੂਆਂ ਨਾਲ ਭਿੱਜਾ ਆਪਣਾ ਚਿਹਰਾ ਉਸ ਦੇ ਮੋਢੇ ਨਾਲ ਜੋੜ ਕੇ ਜਾਰੋ ਜਾਰ ਰੋਣ ਲੱਗ ਪਈ। ਮੇਰੇ ਹੰਝੂ ਰੋਕਿਆਂ ਵੀ ਰੁਕ ਨਹੀਂ ਰਹੇ ਸਨ। ਖ਼ੁਸ਼ੀ ਦਾ ਬੁਖ਼ਾਰ ਮੇਰਾ ਅੰਗ ਅੰਗ ਤੋੜੀ ਜਾ ਰਿਹਾ ਸੀ, ਮੇਰੇ ਵਿਚ ਇਸ ਉਤੇ ਕਾਬੂ ਪਾਉਣ ਜੋਗੀ ਸੱਤਿਆ ਵੀ ਨਹੀਂ ਰਹੀ ਸੀ।

"ਇਹਦਾ ਕਿਤੇ ਦਿਲ ਤਾਂ ਨਹੀਂ ਹਿਲ ਗਿਆ?" ਕਰਤਨਬਾਈ ਚਿੰਤਾਵਾਨ ਹੋ ਗਿਆ ਤੇ ਨਮਦੇ ਤੋਂ ਉਠ ਖਲੋਤਾ। "ਬੁੱਢੜੀਏ, ਕੋਈ ਮੰਤਰ ਪੜ੍ਹ, ਛੇਤੀ ਛੇਤੀ ਕਰ..."

ਸਾਰਿਆਂ ਨੂੰ ਅਚਾਨਕ ਹੱਥਾਂ ਪੈਰਾਂ ਦੀ ਪੈ ਗਈ।

ਸਾਈਕਾਲ ਮੰਤਰ ਪੜ੍ਹਨ ਲੱਗੀ, ਉਸ ਨੇ ਮੇਰੇ ਮੂੰਹ ਉਤੇ ਗਰਮ ਤੇ ਠੰਡੇ ਪਾਣੀ ਦੇ ਛਿਟੇ ਮਾਰੇ, ਮੈਨੂੰ ਭਾਫ ਲੁਆਈ ਤੇ ਮੇਰੇ ਨਾਲ ਨਾਲ ਉਹ ਵੀ ਰੋਣ ਲੱਗ ਪਈ।

ਕਾਸ਼ ਕਿ ਉਹ ਜਾਣਦੇ ਹੁੰਦੇ ਕਿ ਮੇਰਾ "ਦਿਲ ਹਿਲ ਜਾਣ" ਦਾ ਕਾਰਨ ਉਹ ਅਪਾਰ

* ਜਿਨ੍ਹਾਂ ਇਲਾਕਿਆਂ ਵਿੱਚ ਬਰਫ਼ ਪੈਂਦੀ ਹੈ ਉਥੇ ਬਹਾਰ ਦੀ ਰੁੱਤੇ ਬਰਫ਼ ਪਿਘਲਣ ਕਾਰਨ ਹੜ੍ਹ ਆਉਂਦੇ ਹਨ। —ਅਨੁ:



Academy of the Punjab in North America: http://www.apnaorg.com

ਖੁਸ਼ੀ ਸੀ, ਜਿਸ ਬਾਰੇ ਦੱਸ ਸਕਣ ਦੀ ਮੇਰੇ ਵਿਚ ਤਾਕਤ ਨਹੀਂ ਰਹੀ ਸੀ। ਹਾਂ, ਜੇ ਤਾਕਤ ਹੁੰਦੀ ਤਾਂ ਵੀ ਮੈਂ ਦੱਸ ਨਹੀਂ ਸਕਣਾ ਸੀ।

ਜਦ ਤਕ ਮੇਰਾ ਚਿਤ ਟਿਕਾਣੇ ਨਹੀਂ ਆਇਆ ਮੈਂ ਸੌਂ ਨਾ ਸਕੀ। ਦੂਈਸ਼ੇਨ ਮੇਰੇ ਸਿਰਹਾਣੇ ਬੈਠਾ ਹੋਇਆ ਆਪਣੇ ਸ਼ੀਤਲ ਹੱਥ ਨਾਲ ਮੇਰੇ ਤਪਦੇ ਮੱਥੇ ਨੂੰ ਸਹਿਲਾਉਂਦਾ ਰਿਹਾ।

* * *

ਸਿਆਲ ਆਪਣਾ ਡੇਰਾ-ਡੰਡਾ ਚੁੱਕ ਕੇ ਦੱਰੇ ਦੇ ਪਾਰ ਚਲਾ ਗਿਆ ਸੀ। ਬਹਾਰ ਜਿਵੇਂ ਆਪਣੇ ਨੀਲੇ ਇੱਜੜ ਭਜਾਈ ਆ ਰਹੀ ਸੀ। ਪਿਘਲਦੀ, ਗਿੱਲੀ ਮੈਦਾਨੀ ਭੋਂ ਉਤੋਂ ਗਰਮ , ਸਿਲ੍ਹੀਆਂ ਹਵਾਵਾਂ ਪਹਾੜਾਂ ਵੱਲ ਉਠੀਆਂ। ਉਹ ਆਪਣੇ ਨਾਲ ਧਰਤੀ ਦੀ ਬਹਾਰ ਰੁੱਤ ਤੇ ਸੱਜਰੇ ਦੁੱਧ ਦੀ ਮਹਿਕ ਲੈ ਕੇ ਗਈਆਂ। ਪਹਾੜਾਂ ਉਤੇ ਬਰਫ਼ ਤਿੜਕਣ ਪਿਘਲਣ ਲੱਗੀ, ਛੋਟੇ ਛੋਟੇ ਨਾਲ਼ੇ ਕਲ-ਕਲ ਕਰਨ ਲੱਗੇ ਤੇ ਫਿਰ ਇਕ ਦੂਜੇ ਨਾਲ਼ ਮਿਲ਼ਦੇ ਹੋਏ ਤਬਾਹੀ ਮਚਾਉਂਦੇ ਤੂਫਾਨੀ ਦਰਿਆਵਾਂ ਦਾ ਰੂਪ ਧਾਰ ਕੇ ਗਰਜਦੇ ਗੜ੍ਹਕਦੇ ਹੋਏ ਟੋਇਆਂ ਖੱਡਾਂ ਨੂੰ ਭਰਨ ਲੱਗੇ।

ਸੰਭਵ ਹੈ ਕਿ ਉਹ ਮੇਰੀ ਜਵਾਨੀ ਦੀ ਪਹਿਲੀ ਬਹਾਰ ਸੀ। ਜੋ ਵੀ ਹੋਵੇ, ਉਹ ਮੈਨੂੰ ਪਿਛਲੀਆਂ ਬਹਾਰਾਂ ਨਾਲੋਂ ਸੁਹਾਵਣੀ ਲਗਦੀ ਸੀ। ਉਸ ਟਿੱਬੇ ਤੋਂ, ਜਿਸ ਉਤੇ ਸਾਡਾ ਸਕੂਲ ਸੀ, ਬਹਾਰ ਦਾ ਸ਼ਾਨਦਾਰ ਨਜ਼ਾਰਾ ਨਜ਼ਰ ਆਉਂਦਾ ਸੀ। ਇੰਝ ਲਗਦਾ ਸੀ ਜਿਵੇਂ ਧਰਤੀ ਪਹਾੜਾਂ ਉਤੋਂ ਆਪਣੀਆਂ ਬਾਹਵਾਂ ਫੈਲਾਈ ਧੁੱਪ ਵਿਚ ਚਮਕਦੀ ਤੇ ਹਲਕੀ ਹਲਕੀ, ਛੂਈ ਮੂਈ ਧੁੰਦ ਵਿਚ ਲਿਪਟੀ ਹੋਈ ਸਤੇਪੀ ਵੱਲ ਦੌੜੀ ਜਾ ਰਹੀ ਸੀ ਤੇ ਰੁਕ ਸਕਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਕਿਤੇ ਦੂਰ, ਬੜੀ ਦੂਰ ਬਰਫ਼ ਪਿਘਲਣ ਕਾਰਨ ਬਣੀਆਂ ਝੀਲਾਂ ਦੀ ਨੀਲੱਤਣ ਨਿਖਰ ਰਹੀ ਸੀ। ਕਿਤੇ ਦੂਰ, ਬੜੀ ਦੂਰ ਘੋੜਿਆਂ ਦੇ ਵੱਗ ਜ਼ੋਰ ਜ਼ੋਰ ਦੀ ਹਿਣਹਿਣਾ ਰਹੇ ਸਨ। ਕਿਤੇ ਦੂਰ, ਬੜੀ ਦੂਰ ਅਸਮਾਨ ਵਿਚ ਸਾਰਸ ਉੱਡ ਰਹੇ ਸਨ। ਜਿਹੜੇ ਆਪਣੇ ਪਰਾਂ ਉਤੇ ਚਿੱਟੇ ਬੱਦਲ਼ਾਂ ਦੇ ਟੁਕੜੇ ਚੁੱਕੀ ਲਈ ਜਾਂਦੇ ਲਗਦੇ ਸਨ। ਉਹ ਸਾਰਸ ਕਿਧਰੋਂ ਆਏ ਸਨ ਅਤੇ ਕਿਸ ਤਰ੍ਹਾਂ ਏਨੀ ਉੱਚੀ ਦਿਲ ਨੂੰ ਚੀਰਦੀਆਂ ਜਾਂਦੀਆਂ ਆਵਾਜ਼ਾਂ ਵਿਚ ਪੁਕਾਰ ਰਹੇ ਸਨ ?...

ਬਹਾਰ ਆਉਣ ਨਾਲ ਅਸੀਂ ਸਾਰੇ ਬੜੇ ਖੁਸ਼ ਰਹਿਣ ਲੱਗੇ। ਅਸੀਂ ਤਰ੍ਹਾਂ ਤਰ੍ਹਾਂ ਦੀਆਂ ਖੇਡਾਂ ਘੜਦੇ ਬਣਾਉਂਦੇ, ਅਕਾਰਨ ਹੀ ਹੱਸਦੇ ਰਹਿੰਦੇ, ਛੁੱਟੀ ਹੋਣ ਮਗਰੋਂ ਸਕੂਲ ਤੋਂ ਪਿੰਡ ਤਕ ਦੌੜਦੇ ਭਜਦੇ ਜਾਂਦੇ ਤੇ ਸਾਰਾ ਰਾਹ ਟਾਹਰਾਂ ਮਾਰਦੇ ਰਹਿੰਦੇ। ਚਾਚੀ ਨੂੰ ਇਹ ਗੱਲ ਚੰਗੀ ਨਹੀਂ ਲਗਦੀ ਸੀ, ਉਹ ਬੁਰਾ ਭਲਾ ਕਹਿਣ ਦਾ ਕੋਈ ਵੀ ਮੌਕਾ ਹੱਥੋਂ ਜਾਣ ਨਹੀਂ ਦਿੰਦੀ ਸੀ।

“ਤੂੰ ਹਰ ਵੇਲੇ ਟੱਪਦੀ ਕੀ ਰਹਿੰਦੀ ਏਂ, ਕਾਲੇ ਮੂੰਹ ਵਾਲੀਏ ? ਤੈਨੂੰ ਇਸ ਗੱਲ ਦਾ ਰਤਾ ਵੀ ਫਿਕਰ ਨਹੀਂ ਕਿ ਅਜੇ ਤਕ ਕੁਆਰੀ ਬੈਠੀ ਏਂ। ਚੰਗੇ ਘਰਾਂ ਦੀਆਂ ਕੁੜੀਆਂ ਕਦੋਂ ਦੀਆਂ ਵਿਆਹੀਆਂ ਗਈਆਂ ਨੇ, ਧੀਆਂ ਪੁੱਤਾਂ ਵਾਲੀਆਂ ਬਣ ਗਈਆਂ ਨੇ... ਤੇ ਤੂੰ ਏਂ ਕਿ ਸਕੂਲ ਦਾ ਲੜ ਫੜੀ ਬੈਠੀ ਏਂ... ਕੋਈ ਨਹੀਂ, ਤੂੰ ਰਤਾ ਖਲੋ, ਤੈਨੂੰ ਅਕਲ



Academy of the Punjab in North America: http://www.apnaorg.com

ਸਿਖਾਵਾਂਗੀ...”

ਪਰ ਸੱਚੀ ਗੱਲ ਤਾਂ ਇਹ ਹੈ ਕਿ ਮੈਂ ਚਾਚੀ ਦੀਆਂ ਧਮਕੀਆਂ ਦੀ ਬਹੁਤੀ ਪਰਵਾਹ ਨਹੀਂ ਕਰਦੀ ਸਾਂ। ਇਹ ਕੋਈ ਨਵੀਂ ਗੱਲ ਨਹੀਂ ਸੀ। ਉਹ ਤਾਂ ਸਾਰੀ ਉਮਰ ਮੈਨੂੰ ਝਿੜਕਦੀ-ਝੰਬਦੀ ਰਹੀ ਸੀ ਤੇ ਮੇਰੇ ਬਾਰੇ ਇਹ ਕਹਿਣਾ ਕਿ ਮੈਂ ਅਜੇ ਤਕ ਕੁਆਰੀ ਬੈਠੀ ਸਾਂ, ਬਿਲਕੁਲ ਬੇਇਨਸਾਫੀ ਵਾਲੀ ਗੱਲ ਸੀ। ਉਸ ਬਹਾਰ ਦੀ ਰੁੱਤੇ ਮੇਰਾ ਕਦ-ਕਾਠ ਕੁਝ ਜ਼ਿਆਦਾ ਹੀ ਵਧ ਗਿਆ ਸੀ।

“ਤੂੰ ਅਜੇ ਝਾਟੋ ਜਿਹੀ ਬਾਲੜੀ ਏਂ,” ਦੂਈਸ਼ੇਨ ਹੱਸ ਕੇ ਆਖਦਾ, “ਤੇ ਤੇਰੇ ਵਾਲ ਵੀ ਲਾਖੇ ਲਗਦੇ ਨੇ।”

ਉਸ ਦੀਆਂ ਗੱਲਾਂ ਦਾ ਮੈਂ ਜ਼ਰਾ ਵੀ ਬੁਰਾ ਨਹੀਂ ਮਨਾਉਂਦੀ ਸਾਂ। ਪਰ ਮੈਂ ਇਹ ਗੱਲ ਮਨ ਹੀ ਮਨ ਜ਼ਰੂਰ ਕਹਿੰਦੀ: ਮੈਂ ਝਾਟੋ ਤਾਂ ਭਾਵੇਂ ਹਾਂ ਪਰ ਮੇਰੇ ਵਾਲ਼ ਬਿਲਕੁਲ ਲਾਖੇ ਨਹੀਂ ਸਨ। ਹਾਂ, ਤੇ ਜਦੋਂ ਮੈਂ ਵੱਡੀ ਹੋ ਜਾਵਾਂਗੀ, ਅਸਲੀ ਲਾੜੀ ਬਣ ਜਾਵਾਂਗੀ ਤਾਂ ਫਿਰ ਭਲਾ ਇਹੋ ਜਿਹੀ ਰਹਾਂਗੀ ਜਿਹੋ ਜਿਹੀ ਅੱਜ ਹਾਂ? ਓਦੋਂ ਮੇਰੀ ਚਾਚੀ ਨੂੰ ਪਤਾ ਲੱਗੇਗਾ ਕਿ ਮੈਂ ਕਿੰਨੀ ਸੁਹਣੀ ਹਾਂ। ਦੂਈਸ਼ੇਨ ਕਹਿੰਦਾ ਹੈ ਕਿ ਮੇਰੀਆਂ ਅੱਖਾਂ ਤਾਰਿਆਂ ਵਾਂਗ ਚਮਕਦੀਆਂ ਹਨ ਤੇ ਮੇਰਾ ਚਿਹਰਾ ਨਿਰਛਲ ਹੈ।

ਇਕ ਵਾਰ ਜਦੋਂ ਮੈਂ ਸਕੂਲ ਤੋਂ ਦੌੜਦੀ ਹੋਈ ਘਰ ਪੁੱਜੀ ਤਾਂ ਵੇਖਿਆ ਕਿ ਵਿਹੜੇ ਵਿੱਚ ਦੋ ਓਪਰੇ ਘੋੜੇ ਖੜੇ ਸਨ। ਉਹਨਾਂ ਦੀਆਂ ਕਾਠੀਆਂ ਤੇ ਸਾਜ਼ ਵੇਖਣ ਤੋਂ ਲਗਦਾ ਸੀ ਕਿ ਉਹਨਾਂ ਦੇ ਮਾਲਕ ਪਹਾੜਾਂ ਤੋਂ ਆਏ ਸਨ। ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਹੋਇਆ ਸੀ ਕਿ ਲੋਕ ਬਾਜ਼ਾਰ ਵੱਲੋਂ ਆਉਂਦਿਆਂ ਜਾਂ ਚੱਕੀ ਵੱਲ ਜਾਂਦਿਆਂ ਰਾਹ ਵਿਚ ਸਾਡੇ ਘਰ ਆ ਜਾਂਦੇ ਹੁੰਦੇ ਸਨ।

ਮੈਨੂੰ ਬਰੂਹਾਂ ਤੋਂ ਹੀ ਚਾਚੀ ਦਾ ਬਨਾਉਟੀ, ਕੰਨਾਂ ਦੇ ਪਰਦੇ ਪਾੜਦਾ ਉੱਚਾ ਹਾਸਾ ਸੁਣਾਈ ਦਿੱਤਾ। “ਤੂੰ ਬਹੁਤਾ ਉਦਾਸ ਨਾ ਹੋ, ਮੁੰਡਿਆ, ਤੂੰ ਘਾਟੇ ਵਿਚ ਨਹੀਂ ਰਹਿਣ ਲੱਗਾ। ਜਦੋਂ ਇਹ ਕਬੂਤਰੀ ਤੈਨੂੰ ਮਿਲ਼ ਗਈ ਤਾਂ ਮੇਰੇ ਗੁਣ ਗਾਏਂਗਾ। ਖੀ-ਖੀ-ਖੀ!” ਜਵਾਬ ਵਿਚ ਹਾਂ ਵਿਚ ਹਾਂ ਮਿਲਾਉਂਦਿਆਂ, ਜ਼ੋਰ ਜ਼ੋਰ ਨਾਲ ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ, ਪਰ ਜਿਉਂ ਹੀ ਮੈਂ ਬਰੂਹਾਂ ’ਤੇ ਪੈਰ ਰੱਖਿਆ ਤਾਂ ਸਾਰੇ ਜਣੇ ਚੁੱਪ ਹੋ ਗਏ। ਘਰ ਦੇ ਅੰਦਰ ਨਮਦੇ ਉਤੇ ਵਿਛੇ ਦਸਤਰਖ਼ਾਨ ਉਤੇ ਲਾਲ ਮੂੰਹ ਵਾਲਾ ਇਕ ਭਾਰੀ-ਭਰਕਮ ਆਦਮੀ ਬੁੱਤ ਬਣਿਆ ਬੈਠਾ ਹੋਇਆ ਸੀ। ਉਸ ਨੇ ਲੂੰਬੜੀ ਦੀ ਖੱਲ ਦੀ ਟੋਪੀ ਪਾਈ ਹੋਈ ਸੀ ਜਿਸ ਨੇ ਮੁੜ੍ਹਕੇ ਨਾਲ ਗੜੁਚ ਉਸ ਦੇ ਮੱਥੇ ਨੂੰ ਢੱਕਿਆ ਹੋਇਆ ਸੀ। ਉਸ ਨੇ ਟੋਪੀ ਹੇਠੋਂ ਕਨੱਖੀਆਂ ਥਾਣੀਂ ਮੇਰੇ ਵੱਲ ਵੇਖਿਆ ਤੇ ਖੰਘੂਰਾ ਮਾਰ ਕੇ ਅੱਖਾਂ ਨੀਵੀਆਂ ਪਾ ਲਈਆਂ।

“ਇਹ ਮੇਰੀ ਧੀ ਮੁੜ ਆਈ ਏ। ਆ ਖਾਂ, ਮੇਰੀ ਲਾਡੋ।” ਚਾਚੀ ਨੇ ਮਮੂਲੀ ਜਿਹਾ ਹੱਸਦਿਆਂ ਬੜੇ ਲਾਡ-ਪਿਆਰ ਨਾਲ ਮੇਰਾ ਸਵਾਗਤ ਕੀਤਾ।

ਚਾਚਾ ਤੇ ਇਕ ਹੋਰ ਓਪਰਾ ਮਰਦ ਨਮਦੇ ਦੇ ਇਕ ਸਿਰੇ ਉਤੇ ਅਲਹਿਦਾ ਬੈਠੇ ਹੋਏ


Academy of the Punjab in North America: http://www.apnaorg.com

ਸਨ। ਉਹ ਤਾਸ਼ ਖੇਡ ਰਹੇ ਸਨ, ਵੋਦਕਾ ਪੀ ਰਹੇ ਤੇ ਬੇਸ਼ਬਾਰਮਾਕ* ਖਾ ਰਹੇ ਸਨ। ਦੋਵੇਂ ਹੀ ਨਸ਼ੇ ਵਿਚ ਚੂਰ ਸਨ ਅਤੇ ਜਦੋਂ ਉਹ ਤਾਸ਼ ਦੇ ਪੱਤੇ ਸੁਟਦੇ ਤਾਂ ਉਹਨਾਂ ਦੇ ਸਿਰ ਅਜੀਬ ਤਰ੍ਹਾਂ ਹਿਲਦੇ ਸਨ।

ਸੁਰਮਈ ਰੰਗ ਦੀ ਸਾਡੀ ਬਿੱਲੀ ਅਛੋਪਲੇ ਜਿਹੇ ਦਸਤਰਖ਼ਾਨ ਦੇ ਨੇੜੇ ਗਈ ਤਾਂ ਲਾਲ-ਮੂੰਹੇਂ ਨੇ ਆਪਣੀਆਂ ਹੱਡਲ ਉਂਗਲਾਂ ਨਾਲ ਏਨੇ ਜ਼ੋਰ ਨਾਲ ਬਿੱਲੀ ਦੇ ਸਿਰ ਉਤੇ ਪਟੋਕੀ ਮਾਰੀ ਕਿ ਬਿੱਲੀ ਦੇ ਮਿਆਂਕ ਨਿਕਲ ਗਏ ਤੇ ਉਹ ਭੁੜਕ ਕੇ ਇਕ ਪਾਸੇ ਹੋਈ ਤੇ ਦੌੜ ਕੇ ਕਮਰੇ ਦੀ ਮੁੱਨਕਰ ਵਿਚ ਬੈਠ ਗਈ। ਆਏ ਹਾਏ, ਉਸ ਵਿਚਾਰੀ ਨੂੰ ਕਿੰਨੀ ਪੀੜ ਹੋਈ ਸੀ! ਮੈਂ ਉਥੋਂ ਚਲੀ ਜਾਣਾ ਚਾਹੁੰਦੀ ਸਾਂ ਪਰ ਮੈਨੂੰ ਸੁਝ ਨਹੀਂ ਰਿਹਾ ਸੀ ਕਿ ਇੰਜ ਕਰਾਂ ਕਿਵੇਂ। ਪਰ ਉਸੇ ਵੇਲੇ ਚਾਚੀ ਨੇ ਮੇਰਾ ਮਸਲਾ ਹੱਲ ਕਰ ਦਿੱਤਾ:

"ਧੀਏ," ਉਸ ਨੇ ਆਖਿਆ, "ਕੜਾਹੀ ਵਿਚ ਖਾਣਾ ਪਿਆ ਏ, ਖਾ ਲੈ, ਨਹੀਂ ਤਾਂ ਠੰਡਾ ਹੋ ਜਾਵੇਗਾ।"

ਮੈਂ ਚਲੀ ਗਈ, ਪਰ ਮੈਨੂੰ ਚਾਚੀ ਦਾ ਇਸ ਤਰ੍ਹਾਂ ਦਾ ਵਿਹਾਰ ਬਿਲਕੁਲ ਚੰਗਾ ਨਾ ਲੱਗਾ। ਮੈਨੂੰ ਮਨ ਹੀ ਮਨ ਚਿੰਤਾ ਹੋਣ ਲੱਗੀ, ਮੇਰਾ ਮੱਥਾ ਠਣਕਿਆ।

ਕੋਈ ਦੋ ਘੰਟੇ ਮਗਰੋਂ ਮਹਿਮਾਨ ਆਪਣੇ ਘੋੜਿਆਂ ਉਤੇ ਸਵਾਰ ਹੋ ਕੇ ਪਹਾੜਾਂ ਵੱਲ ਚਲੇ ਗਏ। ਉਹਨਾਂ ਦੇ ਜਾਣ ਦੀ ਦੇਰ ਸੀ ਕਿ ਚਾਚੀ ਮੈਨੂੰ ਰੋਜ਼ ਵਾਂਗ ਹੀ ਬੁਰਾ ਭਲਾ ਕਹਿਣ ਲੱਗ ਪਈ ਤੇ ਮੇਰੇ ਮਨ ਤੋਂ ਵੀ ਬੋਝ ਲੱਥ ਗਿਆ। "ਇਸ ਦਾ ਮਤਲਬ ਸੀ ਕਿ ਚਾਚੀ ਨਸ਼ੇ ਵਿਚ ਆਈ ਹੋਈ ਹੀ ਏਨੀ ਮਿਹਰਬਾਨ ਸੀ," ਮੈਂ ਸਾਰੀ ਗੱਲ ਦਾ ਨਿਰਖ਼ ਕੱਢਿਆ।

ਇਸ ਘਟਨਾ ਦੇ ਕੁੱਝ ਦਿਨ ਮਗਰੋਂ ਬੁੱਢੜੀ ਸਾਈਕਾਲ ਸਾਡੇ ਘਰ ਆਈ। ਉਸ ਵੇਲੇ ਮੈਂ ਵਿਹੜੇ ਵਿੱਚ ਸਾਂ, ਪਰ ਮੈਂ ਉਸ ਨੂੰ ਇਹ ਕਹਿੰਦਿਆ ਸੁਣ ਲਿਆ ਸੀ:

"ਹਾਏ, ਹਾਏ ਨੀ, ਅੱਲਾ ਬਚਾਏ! ਤੂੰ ਤਾਂ ਕੁੜੀ ਦਾ ਭੱਠਾ ਬਿਠਾਉਣ ਲੱਗੀ ਏਂ।"

ਇਕ ਦੂਜੀ ਦੀ ਗੱਲ ਟੁਕਦੀਆਂ ਚਾਚੀ ਤੇ ਸਾਈਕਾਲ ਬੜੀ ਗਰਮਾ-ਗਰਮੀ ਵਿਚ ਕਿਸੇ ਗੱਲ ਉਤੇ ਝਗੜ ਰਹੀਆਂ ਸਨ ਅਤੇ ਬਾਅਦ ਵਿਚ ਬੁੱਢੜੀ ਭਰੀ-ਪੀਤੀ ਘਰ ਵਿਚੋਂ ਨਿਕਲ ਗਈ ਸੀ। ਜਾਂਦਿਆਂ ਜਾਂਦਿਆਂ ਉਸ ਨੇ ਮੇਰੇ ਵੱਲ ਗੁੱਸੈਲ਼ੀ, ਪਰ ਨਾਲ ਹੀ, ਦਿਆਲੂ ਨਜ਼ਰ ਸੁੱਟੀ ਤੇ ਚੁਪ-ਚੁਪੀਤੀ ਚਲੀ ਗਈ। ਮੈਂ ਬੜੀ ਪਰੇਸ਼ਾਨ ਹੋ ਉੱਠੀ। ਉਸ ਨੇ ਮੇਰੇ ਵੱਲ ਇਸ ਤਰ੍ਹਾਂ ਕਿਉਂ ਵੇਖਿਆ ਸੀ, ਮੇਰੇ ਕੋਲੋਂ ਇਹੋ ਜਿਹੀ ਕਿਹੜੀ ਖ਼ੁਨਾਮੀ ਹੋ ਗਈ ਸੀ ਜਿਸ ਕਾਰਨ ਉਹ ਏਨੀ ਖ਼ਫਾ ਹੋ ਗਈ ਸੀ?

ਅਗਲੇ ਦਿਨ ਸਕੂਲ ਵਿਚ ਮੇਰਾ ਧਿਆਨ ਇਕਦਮ ਇਸ ਗੱਲ ਵੱਲ ਗਿਆ ਕਿ ਦੂਈਸ਼ੇਨ ਬੜਾ ਉਦਾਸ ਸੀ ਤੇ ਕਿਸੇ ਚਿੰਤਾ ਵਿਚ ਡੁੱਬਿਆ ਹੋਇਆ ਸੀ। ਉਂਝ ਉਹ ਪੂਰੀ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੇ ਮਨ ਦਾ ਭਾਵ ਚਿਹਰੇ ਉਤੇ ਨਾ ਆਵੇ। ਮੈਂ ਇਕ ਹੋਰ ਗੱਲ ਇਹ ਵੇਖੀ ਕਿ ਉਹ ਮੇਰੇ ਕੋਲੋਂ ਨਜ਼ਰਾਂ ਚੁਰਾ ਰਿਹਾ ਸੀ। ਛੁੱਟੀ ਹੋਣ ਮਗਰੋਂ ਜਦੋਂ ਬੱਚਿਆਂ ਦੀ ਢਾਣੀ ਸਕੂਲ ਵਿੱਚੋਂ ਨਿਕਲ਼ੀ ਤਾਂ ਦੂਈਸ਼ੇਨ ਨੇ ਮੈਨੂੰ ਵਾਜ ਮਾਰੀ:

---

*** ਬੇਸ਼ਬਾਰਮਾਕ — ਮੈਦੇ ਤੇ ਭੇਡ ਦੇ ਮਾਸ ਤੋਂ ਬਣਿਆ ਕਿਰਗੀਜ਼ ਕੌਮੀ ਖਾਣਾ।**



Academy of the Punjab in North America: http://www.apnaorg.com

"ਅਲਤਿਨਾਈ, ਰੁਕੀਂ।" ਅਧਿਆਪਕ ਮੇਰੇ ਕੋਲ ਆਇਆ, ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ ਤੇ ਆਪਣਾ ਹੱਥ ਮੇਰੇ ਮੋਢੇ ਉਤੇ ਰਖ ਦਿੱਤਾ। "ਤੂੰ ਘਰ ਨਾ ਜਾਵੀਂ। ਤੂੰ ਮੇਰਾ ਮਤਲਬ ਸਮਝੀ ਏਂ, ਅਲਤਿਨਾਈ?"

ਡਰ ਨਾਲ ਮੇਰੀ ਜਾਨ ਨਿਕਲ ਗਈ ਤੇ ਬੱਸ ਹੁਣ ਹੀ ਸਾਰੀ ਗੱਲ ਸਮਝ ਵਿਚ ਆਈ ਕਿ ਚਾਚੀ ਮੇਰੇ ਨਾਲ ਕੀ ਕਰਨਾ ਚਾਹੁੰਦੀ ਸੀ।

"ਤੇਰੀ ਖਾਤਰ ਜਵਾਬ ਮੈਂ ਆਪੇ ਦਿਆਂਗਾ," ਦੂਈਸ਼ੇਨ ਨੇ ਆਖਿਆ। "ਹਾਲ ਦੀ ਘੜੀ ਤੂੰ ਸਾਡੇ ਕੋਲ ਰਹੇਂਗੀ। ਤੂੰ ਮੇਰੇ ਕੋਲੋਂ ਬਹੁਤਾ ਦੂਰ ਨਾ ਜਾਈਂ।"

ਮੇਰੇ ਚਿਹਰੇ ਦਾ ਰੰਗ, ਸ਼ਾਇਦ, ਫੱਕ ਹੋ ਗਿਆ ਸੀ। ਦੂਈਸ਼ੇਨ ਨੇ ਮੇਰੀ ਠੋਡੀ ਫੜ ਕੇ ਮੇਰੀਆਂ ਅੱਖਾਂ ਵਿਚ ਝਾਕਿਆ ਤੇ ਹਮੇਸ਼ਾ ਵਾਂਗ ਮੁਸਕ੍ਰਾ ਕੇ ਆਖਿਆ:

"ਤੂੰ ਡਰ ਨਾ, ਅਲਤਿਨਾਈ।" ਉਹ ਹਸ ਕੇ ਬੋਲਿਆ। "ਜਦੋਂ ਮੈਂ ਤੇਰੇ ਨਾਲ਼ ਹੋਵਾਂ ਤੂੰ ਕਿਸੇ ਕੋਲ਼ੋਂ ਵੀ ਡਰਿਆ ਨਾ ਕਰ। ਪਹਿਲਾਂ ਵਾਂਗ ਹੀ ਪੜ੍ਹਿਆ ਕਰ ਤੇ ਸਕੂਲ ਜਾਇਆ ਕਰ। ਹੋਰ ਕੋਈ ਫ਼ਿਕਰ ਨਾ ਕਰ... ਉਂਝ, ਮੈਨੂੰ ਪਤੈ ਕਿ ਤੂੰ ਬੜੀ ਡਰਪੋਕ ਏਂ...ਹਾਂ ਸੱਚ, ਮੈਨੂੰ ਯਾਦ ਆਇਐ, ਮੈਂ ਤੈਨੂੰ ਇਕ ਗੱਲ ਚਿਰੋਕਣੀ ਦੱਸਣੀ ਚਾਹੁੰਦਾ ਹਾਂ।" ਉਹ ਫਿਰ ਹੱਸ ਪਿਆ, ਸ਼ਾਇਦ ਕੋਈ ਹਸਾਉਣੀ ਗੱਲ ਚੇਤੇ ਆ ਗਈ ਸੀ। "ਤੈਨੂੰ ਚੇਤੈ, ਜਦੋਂ ਉਸ ਦਿਨ ਕਰਤਨਬਾਈ ਸਵੇਰੇ ਸਵਖ਼ਤੇ ਉੱਠ ਕੇ ਕਿਧਰੇ ਗ਼ਾਇਬ ਹੋ ਗਿਆ ਸੀ? ਤੇਰਾ ਕੀ ਖ਼ਿਆਲ ਏ, ਉਹ ਕਿੱਥੇ ਗਿਆ ਸੀ? ਉਹ ਜਾਦੂਗਰਨੀ, ਜਾਇਨਾਕ ਦੀ ਬੁੱਢੜੀ ਨੂੰ ਲੈ ਕੇ ਆਇਆ ਸੀ। 'ਕਿਸ ਵਾਸਤੇ?' ਮੈਂ ਪੁੱਛਿਆ। 'ਇਹ ਮੰਤਰ ਪੜ੍ਹੇਗੀ', ਉਸ ਨੇ ਆਖਿਆ, 'ਵੇਖੋ ਨਾ, ਅਲਤਿਨਾਈ ਦਾ ਤਾਂ ਡਰ ਨਾਲ ਦਿਲ ਹੀ ਹਿੱਲ ਗਿਐ।' ਤੇ ਮੈਂ ਆਖਿਆ: 'ਭਜਾ ਦਿਓ ਇਸ ਨੂੰ ਏਥੋਂ, ਨਹੀਂ ਤਾਂ ਘਟੋ ਘਟ ਇਕ ਭੇਡ ਦੇ ਕੇ ਹੀ ਇਸ ਕੋਲੋਂ ਪਿਛਾ ਛੁਡਾ ਸਕੋਗੇ ਤੇ ਅਸੀਂ ਕੋਈ ਏਨੇ ਅਮੀਰ ਨਹੀਂ। ਅਸੀਂ ਇਸ ਨੂੰ ਘੋੜਾ ਵੀ ਨਹੀਂ ਦੇ ਸਕਦੇ-ਉਹ ਤਾਂ ਬਘਿਆੜਾਂ ਦੀ ਭੇਟ ਚੜ੍ਹ ਗਿਐ..." ਤੂੰ ਉਸ ਵੇਲੇ ਸੁੱਤੀ ਹੋਈ ਸੈਂ। ਇੰਜ, ਮੈਂ ਉਸ ਜਾਦੂਗਰਨੀ ਨੂੰ ਉਥੋਂ ਕੱਢਿਆ। ਉਸ ਦਿਨ ਤੋਂ ਬਾਅਦ ਕਰਤਨਬਾਈ ਨੇ ਪੂਰਾ ਹਫ਼ਤਾ ਮੇਰੇ ਨਾਲ ਕੋਈ ਬੋਲ-ਚਾਲ ਨਾ ਰੱਖੀ। ਨਾਰਾਜ਼ ਹੋ ਗਿਆ ਸੀ। ਉਹ ਮੈਨੂੰ ਆਖਣ ਲੱਗਾ: "ਤੂੰ ਮੇਰੀ, ਬੁੱਢੇ ਆਦਮੀ ਦੀ ਹੇਠੀ ਕਰਵਾ ਦਿੱਤੀ ਆ।' ਕੁਝ ਵੀ ਹੋਵੇ, ਬੁੱਢੜਾ ਤੇ ਬੁੱਢੜੀ ਦੋਵੇਂ ਹੀ ਬੜੇ ਚੰਗੇ ਨੇ, ਏਨੇ ਨੇਕ-ਦਿਲ ਲੋਕ ਘਟ ਵਧ ਹੀ ਮਿਲਦੇ ਨੇ। ਚਲ, ਹੁਣ ਘਰ ਚੱਲੀਏ, ਅਲਤਿਨਾਈ, ਆ ਚੱਲੀਏ..."

ਮੈਂ ਆਪਣੇ ਆਪ ਨੂੰ ਕਾਬੂ ਰੱਖਣ ਦਾ ਬੜਾ ਜਤਨ ਕੀਤਾ ਤਾਂ ਜੋ ਅਧਿਆਪਕ ਨੂੰ ਐਵੇਂ ਕੋਈ ਪਰੇਸ਼ਾਨੀ ਨਾ ਹੋਵੇ, ਪਰ ਮੈਂ ਮਨ ਹੀ ਮਨ ਬੜੀ ਚਿੰਤਾਵਾਨ ਹੁੰਦੀ ਜਾ ਰਹੀ ਸਾਂ। ਅਸਲ ਵਿੱਚ, ਮੇਰੀ ਚਾਚੀ ਕਿਸੇ ਵੀ ਪਲ ਉਥੇ ਆ ਸਕਦੀ ਸੀ ਅਤੇ ਮੈਨੂੰ ਜ਼ਬਰਦਸਤੀ ਘਸੀਟ ਕੇ ਲਿਜਾ ਸਕਦੀ ਸੀ ਅਤੇ ਉਥੋਂ ਦੇ ਲੋਕ ਮੇਰੇ ਨਾਲ ਜਿਹੋ ਜਿਹਾ ਚਾਹੁੰਦੇ ਉਹੋ ਜਿਹਾ ਹੀ ਸਲੂਕ ਕਰ ਸਕਦੇ ਸਨ, ਪਿੰਡ ਵਿਚ ਕੋਈ ਵੀ ਉਹਨਾਂ ਨੂੰ ਰੋਕਣ ਵਾਲਾ ਨਹੀਂ ਸੀ। ਮੇਰੀ ਇਕ ਪਲ ਵੀ ਅੱਖ ਨਾ ਲੱਗ ਸਕੀ, ਮੈਨੂੰ ਹਰ ਵੇਲੇ ਇਸ ਗੱਲ ਦਾ ਡਰ ਸੀ ਕਿ ਕੋਈ ਮੁਸੀਬਤ ਆਉਣ ਵਾਲੀ ਸੀ।



Academy of the Punjab in North America: http://www.apnaorg.com

ਦੂਈਸ਼ੇਨ ਮੇਰੇ ਮਨ ਦੀ ਹਾਲਤ ਨੂੰ ਜ਼ਰੂਰ ਹੀ ਸਮਝਦਾ ਸੀ ਅਤੇ ਸ਼ਾਇਦ ਇਸ ਵਾਸਤੇ ਕਿ ਮੇਰਾ ਜੀਅ ਲਾਇਆ ਜਾਵੇ, ਉਹ ਅਗਲੇ ਦਿਨ ਦੋ ਬੂਟੇ ਸਕੂਲ ਵਿਚ ਲੈ ਕੇ ਆਇਆ। ਛੁੱਟੀ ਮਗਰੋਂ ਉਸ ਨੇ ਮੇਰਾ ਹਥ ਫੜ ਲਿਆ ਤੇ ਇਕ ਪਾਸੇ ਲੈ ਗਿਆ।

"ਅਲਤਿਨਾਈ, ਹੁਣ ਆਪਾਂ ਇਕ ਕੰਮ ਕਰਾਂਗੇ", ਉਸ ਨੇ ਰਹੱਸਮਈ ਢੰਗ ਨਾਲ ਮੁਸਕ੍ਰਾਉਂਦਿਆਂ ਆਖਿਆ। "ਇਹ ਪੋਪਲਰ ਦੇ ਬੂਟੇ ਤੇਰੇ ਲਈ ਲਿਆਇਆ ਹਾਂ। ਆਪਾਂ ਇਹਨਾਂ ਨੂੰ ਇਥੇ ਲਾ ਦਿਆਂਗੇ ਤੇ ਜਦੋਂ ਇਹ ਵੱਡੇ ਹੋ ਜਾਣਗੇ, ਤਗੜੇ ਹੋ ਜਾਣਗੇ ਤਾਂ ਤੂੰ ਵੀ ਸਿਆਣੀ ਹੋ ਜਾਵੇਂਗੀ ਤੇ ਇਕ ਚੰਗੀ ਇਨਸਾਨ ਬਣੇਂਗੀ। ਤੂੰ ਨੇਕ-ਦਿਲ ਏਂ ਤੇ ਤੈਨੂੰ ਗਿਆਨ ਦੀ ਭੁੱਖ ਏ। ਮੈਨੂੰ ਸਦਾ ਇੰਝ ਲਗਦੈ ਕਿ ਤੂੰ ਸਾਇੰਸਦਾਨ ਬਣੇਂਗੀ। ਮੈਨੂੰ ਪੂਰਾ ਵਿਸ਼ਵਾਸ ਏ, ਇਹ ਗੱਲ ਤੇਰੀ ਕਿਸਮਤ ਵਿਚ ਲਿਖੀ ਹੋਈ ਏ। ਅਜੇ ਤੂੰ ਬਾਲੜੀ ਏਂ, ਛਮਕ ਜਿਹੀ ਏਂ, ਇਹਨਾਂ ਛੋਟੇ ਛੋਟੇ ਪੋਪਲਰਾਂ ਵਰਗੀ। ਚੱਲ ਆ, ਅਲਤਿਨਾਈ, ਇਹਨਾਂ ਨੂੰ ਆਪਣੇ ਹੱਥੀਂ ਲਾਈਏ। ਮੇਰੀ ਇਹ ਸ਼ੁਭ-ਇੱਛਾ ਏ ਕਿ ਗਿਆਨ ਦਾ ਰਾਹ ਹੀ ਤੇਰੇ ਸੁਖ ਦਾ ਰਾਹ ਹੋਵੇ, ਮੇਰੀਆਂ ਅੱਖਾਂ ਦੇ ਤਾਰੇ..."

ਬੂਟੇ ਮੇਰੇ ਜਿੰਨੇ ਹੀ ਉੱਚੇ ਸਨ, ਪੋਪਲਰ ਦੇ ਛੋਟੇ ਛੋਟੇ ਬੂਟੇ ਜਿਨ੍ਹਾਂ ਦੇ ਤਣਿਆਂ ਵਿਚ ਨੀਲੱਤਣ ਦੀ ਭਾਹ ਵਜਦੀ ਸੀ। ਜਦੋਂ ਅਸੀਂ ਉਹਨਾਂ ਨੂੰ ਸਕੂਲ ਦੇ ਲਾਗੇ ਲਾ ਦਿੱਤਾ ਤਾਂ ਪਹਾੜ ਵਲੋਂ ਹਵਾ ਦਾ ਇਕ ਬੁਲ੍ਹਾ ਆਇਆ ਤੇ ਪਹਿਲੀ ਵਾਰ ਉਹਨਾਂ ਦੀਆਂ ਪੱਤੀਆਂ ਕੰਬੀਆਂ ਮਾਨੋ ਉਹਨਾਂ ਵਿਚ ਜਾਨ ਫੂਕ ਦਿੱਤੀ ਗਈ ਹੋਵੇ। ਪੱਤੀਆਂ ਕੰਬੀਆਂ, ਪੋਪਲਰ ਦੇ ਬੂਟੇ ਹਿੱਲੇ, ਹੁਲਾਰੇ ਲੈਣ ਲੱਗੇ...

"ਵੇਖ, ਕਿੰਨੇ ਸੁਹਣੇ ਲਗਦੇ ਨੇ!" ਦੂਈਸ਼ੇਨ ਨੇ ਪਿਛੇ ਹਟਦਿਆਂ ਕਿਹਾ। "ਤੇ ਹੁਣ ਉਸ ਚਸ਼ਮੇਂ ਤੋਂ ਇਥੋਂ ਤਕ ਇਕ ਖ਼ਾਲ਼ ਪੁੱਟਾਂਗੇ। ਤੇ ਫਿਰ ਤੂੰ ਵੇਖੀਂ ਇਹ ਪੋਪਲਰ ਕਿੰਨੇ ਸੁਹਣੇ ਨਿਕਲਦੇ ਨੇ! ਇਹ ਇਥੇ, ਇਸ ਟਿੱਲੇ ਉਤੇ ਦੋ ਭਰਾਵਾਂ ਵਾਂਗ ਖੜੇ ਰਹਿਣਗੇ। ਇਹ ਸਦਾ ਵਿਖਾਈ ਦਿੰਦੇ ਰਹਿਣਗੇ ਤੇ ਭਲੇ ਲੋਕ ਇਹਨਾਂ ਨੂੰ ਵੇਖ ਕੇ ਖੁਸ਼ ਹੋਇਆ ਕਰਨਗੇ। ਓਦੋਂ ਜ਼ਿੰਦਗੀ ਦਾ ਰੂਪ ਵੀ ਕੁਝ ਹੋਰ ਹੀ ਹੋਵੇਗਾ, ਅਲਤਿਨਾਈ। ਭਵਿੱਖ ਇਸ ਨਾਲੋਂ ਚੰਗੇਰਾ ਹੋਵੇਗਾ..."

ਹੁਣ ਵੀ ਮੇਰੇ ਕੋਲ਼ ਇਸ ਗੱਲ ਦਾ ਥੋੜ੍ਹਾ ਜਿੰਨਾ ਵੀ ਪ੍ਰਗਟਾਅ ਕਰਨ ਲਈ ਸ਼ਬਦ ਨਹੀਂ ਹਨ ਕਿ ਦੂਈਸ਼ੇਨ ਦੀ ਇਸ ਨੇਕ-ਦਿਲੀ ਨੇ ਮੈਨੂੰ ਕਿੰਨਾ ਟੁੰਬਿਆ ਸੀ। ਓਦੋਂ ਮੈਂ ਉਥੇ ਖੜ੍ਹੀ ਉਸ ਵੱਲ ਵੇਖਦੀ ਹੀ ਰਹਿ ਗਈ ਸਾਂ। ਮੈਂ ਇਸ ਤਰ੍ਹਾਂ ਵੇਖੀ ਜਾ ਰਹੀ ਸਾਂ ਜਿਵੇਂ ਪਹਿਲੀ ਵਾਰ ਮੈਨੂੰ ਉਸ ਦਾ ਚਿਹਰਾ ਨਜ਼ਰ ਆ ਰਿਹਾ ਹੋਵੇ ਕਿ ਉਹ ਕਿੰਨਾ ਸੁਹਣਾ ਹੈ, ਕਿੰਨਾ ਉਜਲਾ ਹੈ, ਉਸ ਦੀਆਂ ਅੱਖਾਂ ਵਿੱਚ ਕਿੰਨੀ ਕੋਮਲਤਾ ਤੇ ਦਿਆਲਤਾ ਹੈ, ਜਿਵੇਂ ਮੈਨੂੰ ਕਦੀ ਪਤਾ ਹੀ ਨਾ ਲੱਗਾ ਹੋਵੇ ਕਿ ਉਸ ਦੇ ਹੱਥ ਕਿੰਨੇ ਮਜ਼ਬੂਤ, ਕਿੰਨੇ ਛੁਹਲ਼ੇ ਹਨ, ਦਿਲ ਨੂੰ ਨਿੱਘ ਪਹੁੰਚਾਣ ਵਾਲ਼ੀ ਉਸ ਦੀ ਮੁਸਕਾਨ ਕਿੰਨੀ ਨਿਰਛਲ ਹੈ। ਓਦੋਂ ਇਕ ਨਵੀਂ, ਅਣਜਾਣ ਭਾਵਨਾ ਗਹਿਰੀ ਉਤੇਜਨਾ ਨਾਲ ਮੇਰੇ ਦਿਲ ਵਿਚ ਉੱਠੀ, ਉਸ ਸੰਸਾਰ ਵਿਚੋਂ, ਜੋ ਮੇਰੇ ਲਈ ਉਸ ਵੇਲੇ ਤਕ ਇਕ ਭੇਦ ਬਣਿਆ ਹੋਇਆ ਸੀ। ਮੈਂ ਮਨ ਹੀ ਮਨ ਦੂਈਸ਼ੇਨ ਨੂੰ ਇਹ ਕਹਿਣ ਲਈ ਮਚਲ ਰਹੀ ਸਾਂ: "ਹੇ ਅਧਿਆਪਕ, ਇਸ ਗਲ ਲਈ


Academy of the Punjab in North America: http://www.apnaorg.com

ਤੇਰਾ ਸ਼ੁਕਰੀਆ ਕਿ ਤੂੰ ਏਨੇ ਚੰਗੇ ਇਨਸਾਨ ਦੇ ਰੂਪ ਵਿਚ ਜਨਮ ਲਿਐ...ਮੈਂ ਤੈਨੂੰ ਆਪਣੇ ਦਿਲ ਵਿਚ ਸਮੋ ਲੈਣਾ ਚਾਹੁੰਦੀ ਹਾਂ!" ਪਰ ਮੇਰੀ ਹਿੰਮਤ ਨਹੀਂ ਹੋ ਰਹੀ ਸੀ, ਮੈਨੂੰ ਇਹ ਗੱਲ ਕਹਿਣ ਤੋਂ ਸ਼ਰਮ ਆ ਰਹੀ ਸੀ। ਸ਼ਾਇਦ, ਮੈਨੂੰ ਇਹ ਗੱਲ ਕਹਿਣੀ ਚਾਹੀਦੀ ਸੀ..

ਪਰ ਉਸ ਵੇਲੇ ਅਸੀਂ ਨਿਰਮਲ ਆਕਾਸ਼ ਦੇ ਥੱਲੇ, ਪਹਾੜਾਂ ਦੀ ਗੋਦ ਵਿਚ, ਜਿਸ ਉਤੇ ਬਹਾਰ ਦੀ ਹਰਿਆਲੀ ਦੀ ਚਾਦਰ ਵਿਛੀ ਹੋਈ ਸੀ, ਆਪਣੀਆਂ ਆਪਣੀਆਂ ਸੋਚਾਂ ਵਿਚ ਡੁੱਬੇ ਹੋਏ ਟਿੱਲੇ ਉਤੇ ਖੜੇ ਸਾਂ। ਉਸ ਘੜੀ ਮੈਂ ਆਪਣੇ ਸਿਰ ਉਤੇ ਮੰਡਰਾ ਰਹੇ ਖ਼ਤਰੇ ਬਾਰੇ ਬਿਲਕੁਲ ਹੀ ਭੁਲ ਗਈ ਸਾਂ। ਮੈਂ ਸੋਚਿਆ ਵੀ ਨਹੀਂ ਸੀ ਕਿ ਭਲ਼ਕੇ ਮੇਰੇ ਨਾਲ ਕੀ ਬੀਤੇਗੀ, ਮੈਨੂੰ ਇਸ ਗੱਲ ਦਾ ਧਿਆਨ ਹੀ ਨਾ ਰਿਹਾ ਕਿ ਅੱਜ, ਦੂਸਰੇ ਦਿਨ ਵੀ ਚਾਚੀ ਮੈਨੂੰ ਲੱਭਣ ਨਹੀਂ ਆਈ ਸੀ, ਜਾਂ ਫਿਰ ਉਹਨਾਂ ਨੇ ਮੈਨੂੰ ਬਿਲਕੁਲ ਭੁਲਾ ਦਿੱਤਾ ਸੀ, ਮੈਨੂੰ ਇਸ ਤਰ੍ਹਾਂ ਚੈਨ ਨਾਲ ਰਹਿਣ ਵਾਸਤੇ ਛੱਡ ਦਿੱਤਾ ਸੀ ? ਪਰ ਦੂਈਸ਼ੇਨ ਨੂੰ ਇਸ ਗੱਲ ਦੀ ਚਿੰਤਾ ਸੀ।

"ਤੂੰ, ਅਲਤਿਨਾਈ ਬਹੁਤਾ ਘਬਰਾ ਨਾ, ਅਸੀਂ ਕੋਈ ਨਾ ਕੋਈ ਰਾਹ ਲੱਭ ਲਵਾਂਗੇ", ਜਦੋਂ ਅਸੀਂ ਪਿੰਡ ਵੱਲ ਜਾ ਰਹੇ ਸਾਂ ਤਾਂ ਉਸ ਨੇ ਆਖਿਆ। "ਪਰਸੋਂ ਮੈਂ ਵੋਲੋਸਤ ਜਾਵਾਂਗਾ। ਮੈਂ ਉਥੇ ਤੇਰੇ ਬਾਰੇ ਗੱਲ ਕਰਾਂਗਾ। ਹੋ ਸਕਦੈ, ਏਨੀ ਕੁ ਗੱਲ ਬਣਾ ਹੀ ਸਕਾਂ ਕਿ ਤੈਨੂੰ ਸ਼ਹਿਰ ਵਿਚ ਪੜ੍ਹਾਈ ਕਰਨ ਲਈ ਭੇਜ ਦਿੱਤਾ ਜਾਵੇ। ਤੂੰ ਜਾਣਾ ਚਾਹੁੰਦੀ ਏਂ ?"

"ਜਿਵੇਂ ਤੁਸੀਂ ਆਖੋਗੇ ਮਾਸਟਰ ਜੀ, ਉਵੇਂ ਹੀ ਕਰਾਂਗੀ", ਮੈਂ ਜਵਾਬ ਦਿੱਤਾ।

ਇਹ ਗੱਲ ਮੇਰੀ ਸਮਝ ਤੋਂ ਬਾਹਰ ਸੀ ਕਿ ਸ਼ਹਿਰ ਕਿਹੋ ਜਿਹਾ ਹੁੰਦਾ ਹੈ, ਪਰ ਮੇਰੇ ਲਈ ਦੂਈਸ਼ੇਨ ਦੀ ਆਖੀ ਗੱਲ ਹੀ ਕਾਫ਼ੀ ਸੀ ਕਿ ਮੈਂ ਸ਼ਹਿਰ ਵਿਚ ਰਹਿਣ ਦੇ ਸੁਪਨੇ ਲੈਣ ਲੱਗ ਪੈਂਦੀ। ਕਦੀ ਤਾਂ ਮੈਂ ਉਸ ਨਾਵਾਕਫ਼ੀਅਤ ਬਾਰੇ ਸੋਚ ਕੇ ਡਰ ਜਾਂਦੀ ਜੋ ਮੇਰੇ ਸਾਮ੍ਹਣੇ ਆਉਣ ਵਾਲੀ ਸੀ, ਕਦੀ ਮੇਰਾ ਹੌਸਲਾ ਬੱਝ ਜਾਂਦਾ, ਮੁਕਦੀ ਗੱਲ ਇਹ ਕਿ ਮੇਰੇ ਉਤੇ ਸ਼ਹਿਰ ਜਾਣ ਦੀ ਧੁਨ ਸਵਾਰ ਹੋ ਚੁੱਕੀ ਸੀ।

ਅਗਲੇ ਦਿਨ ਸਕੂਲ ਵਿਚ ਵੀ ਮੈਂ ਇਹਨਾਂ ਹੀ ਸੋਚਾਂ ਵਿਚ ਪਈ ਹੋਈ ਸਾਂ ਕਿ ਸ਼ਹਿਰ ਵਿਚ ਕਿਸ ਦੇ ਕੋਲ ਰਹਾਂਗੀ, ਕਿਵੇਂ ਗੁਜ਼ਾਰਾ ਕਰਾਂਗੀ, ਜੇ ਕੋਈ ਮੈਨੂੰ ਆਪਣੇ ਕੋਲ ਰਖ ਲਵੇਗਾ ਤਾਂ ਮੈਂ ਉਸ ਦੇ ਵਾਸਤੇ ਲੱਕੜਾਂ ਪਾੜ ਦਿਆ ਕਰਾਂਗੀ, ਪਾਣੀ ਲਿਆ ਦਿਆ ਕਰਾਂਗੀ, ਕਪੜੇ ਧੋ ਦਿਆ ਕਰਾਂਗੀ, ਜੋ ਕੁਝ ਵੀ ਕਰਨ ਲਈ ਆਖਿਆ ਜਾਵੇਗਾ, ਕਰਾਂਗੀ। ਜਮਾਤ ਵਿੱਚ ਬੈਠੀ ਮੈਂ ਸੋਚਾਂ ਵਿਚ ਏਨੀ ਖੁਭੀ ਹੋਈ ਸਾਂ ਕਿ ਅਚਾਨਕ ਤ੍ਰਬਕ ਉੱਠੀ-ਸਾਡੇ ਖ਼ਸਤਾਹਾਲ ਸਕੂਲ ਦੀਆਂ ਦੀਵਾਰਾਂ ਪਿਛੋਂ ਘੋੜਿਆਂ ਦੇ ਪੌੜਾਂ ਦੀ ਟਾਪ ਸੁਣਾਈ ਦਿੱਤੀ। ਇਹ ਅਚਾਨਕ ਹੋ ਗਿਆ ਸੀ, ਤੇ ਘੋੜੇ ਸਰਪਟ ਦੌੜੇ ਆ ਰਹੇ ਸਨ। ਇੰਜ ਲਗਦਾ ਸੀ ਕਿ ਉਹ ਸਾਡੇ ਸਕੂਲ ਨੂੰ ਹੀ ਦਰੜ ਕੇ ਰਖ ਦੇਣਗੇ। ਅਸੀਂ ਸਾਰੇ ਚੌਕੰਨੇ ਹੋ ਗਏ, ਠਠੰਬਰ ਗਏ।

"ਤੁਸੀਂ ਆਪਣੇ ਕੰਮ ਵਿੱਚ ਲੱਗੇ ਰਹੋ, ਓਧਰ ਧਿਆਨ ਨਾ ਦਿਓ।" ਦੂਈਸ਼ੇਨ ਨੇ ਝਟਪਟ ਆਖਿਆ।


Academy of the Punjab in North America: http://www.apnaorg.com

ਪਰ ਉਸੇ ਵੇਲੇ ਖੜੱਕ ਕਰ ਕੇ ਦਰਵਾਜ਼ਾ ਖੁਲ੍ਹਿਆ ਤੇ ਬਰੂਹਾਂ ਵਿਚ ਮੇਰੀ ਚਾਚੀ ਵਿਖਾਈ ਦਿੱਤੀ। ਉਸ ਦੇ ਮੂੰਹ ਉਤੇ ਸ਼ੋਰੀ, ਲਲਕਾਰਦੀ ਹੋਈ ਮੁਸਕਾਨ ਨੱਚ ਰਹੀ ਸੀ। ਦੂਈਸ਼ੇਨ ਦਰਵਾਜ਼ੇ ਕੋਲ ਗਿਆ:

"ਤੁਹਾਨੂੰ ਕੀ ਕੰਮ ਏ?"

"ਉਹ ਕੰਮ ਏ, ਜਿਸ ਨਾਲ ਤੇਰਾ ਕੋਈ ਵਾਸਤਾ ਨਹੀਂ। ਮੈਂ ਆਪਣੀ ਛੋਕਰੀ ਦਾ ਵਿਆਹ ਕਰਨਾ ਏ। ਨੀ, ਨਿਥਾਵੀਏਂ!" ਤੇ ਚਾਚੀ ਮੇਰੇ ਵੱਲ ਝਪਟੀ ਪਰ ਦੂਈਸ਼ੇਨ ਨੇ ਉਸ ਦਾ ਰਾਹ ਰੋਕ ਲਿਆ।

"ਇਥੇ ਤਾਂ ਸਿਰਫ਼ ਸਕੂਲੀ ਬੱਚੀਆਂ ਹੀ ਨੇ, ਤੇ ਵਿਆਹੁਣ ਜੋਗੀ ਅਜੇ ਕੋਈ ਵੀ ਨਹੀਂ", ਦੂਈਸ਼ੇਨ ਨੇ ਦ੍ਰਿੜ੍ਹਤਾ ਤੇ ਯਕੀਨ ਨਾਲ ਆਖਿਆ।

"ਵੇਖ ਲਵਾਂਗੇ ਇਹ ਵੀ! ਵੇ ਮਰਦੋ, ਫੜ ਲਓ ਇਸ ਛੋਕਰੀ ਨੂੰ, ਲੈ ਚਲੋ ਧੂਹ ਕੇ ਇਸ ਕੁੱਤੀ ਨੂੰ!"

ਚਾਚੀ ਨੇ ਇਕ ਘੁੜ-ਸਵਾਰ ਵੱਲ ਹੱਥ ਨਾਲ਼ ਇਸ਼ਾਰਾ ਕੀਤਾ। ਇਹ ਉਹ ਹੀ ਲਾਲ-ਮੂੰਹਾਂ ਸੀ ਜਿਸ ਨੇ ਲੂੰਬੜੀ ਦੀ ਖ਼ੱਲ ਦੀ ਟੋਪੀ ਪਾਈ ਹੋਈ ਸੀ। ਉਸ ਦੇ ਮਗਰ ਮਗਰ ਦੋ ਹੋਰ ਆਦਮੀ ਘੋੜਿਆਂ ਤੋਂ ਉਤਰ ਕੇ ਤੇਜ਼ੀ ਨਾਲ ਸਾਡੇ ਵੱਲ ਆ ਰਹੇ ਸਨ। ਉਹਨਾਂ ਦੇ ਹੱਥਾਂ ਵਿਚ ਲਾਠੀਆਂ ਸਨ।

ਦੂਈਸ਼ੇਨ ਆਪਣੀ ਥਾਂ ਤੋਂ ਪਿੱਛੇ ਨਹੀਂ ਹਟਿਆ।

"ਤੂੰ, ਬਦਜ਼ਾਤ ਕੁੱਤਿਆ, ਦੂਸਰਿਆਂ ਦੀਆਂ ਕੁੜੀਆਂ ਨੂੰ ਇਥੇ ਇੰਝ ਰਖਿਆ ਹੋਇਐ ਜਿਵੇਂ ਤੇਰੀਆਂ ਰੰਨਾਂ ਹੋਣ। ਹਟ ਜਾ ਲਾਂਭੇ!"

ਲਾਲ-ਮੂੰਹਾ ਰਿੱਛ ਵਾਂਗ ਦੂਈਸ਼ੇਨ ਉਤੇ ਝਪਟਿਆ।

"ਤੁਹਾਨੂੰ ਅੰਦਰ ਆਉਣ ਦਾ ਕੋਈ ਹੱਕ ਨਹੀਂ, ਇਹ ਸਕੂਲ ਏ!" ਦੂਈਸ਼ੇਨ ਨੇ ਕਿਹਾ, ਜਿਸ ਨੇ ਦਰਵਾਜ਼ੇ ਦੀ ਚੁਗਾਠ ਨੂੰ ਘੁੱਟ ਕੇ ਫੜਿਆ ਹੋਇਆ ਸੀ।

"ਮੈਂ ਆਖਿਆ ਸੀ ਨਾ!" ਚਾਚੀ ਭੌਂਕੀ। "ਇਹ ਆਪ ਚਿਰਾਂ ਤੋਂ ਕੁੜੀ ਨਾਲ ਗੁਲਛਰੇ ਉਡਾਉਂਦਾ ਫਿਰਦੈ। ਮੁਫ਼ਤ ਵਿਚ ਇਸ ਕੁੱਤੀ ਨੂੰ ਫਸਾ ਲਿਐ!"

"ਮੈਂ ਤੇਰੇ ਸਕੂਲ ਉਤੇ ਥੁੱਕਦਾ ਵੀ ਨਹੀਂ!" ਛਾਂਟਾ ਹਿਲਾਉਂਦਾ ਹੋਇਆ ਲਾਲ-ਮੂੰਹਾਂ ਕੜਕਿਆ।

ਪਰ ਦੂਈਸ਼ੇਨ ਨੇ ਉਸ ਉਤੇ ਪਹਿਲਾਂ ਹੀ ਵਾਰ ਕਰ ਦਿੱਤਾ। ਉਸ ਨੇ ਪੂਰੇ ਜ਼ੋਰ ਨਾਲ਼ ਉਸ ਦੇ ਢਿੱਡ ਵਿਚ ਲੱਤ ਦੇ ਮਾਰੀ। ਲਾਲ-ਮੂੰਹੇਂ ਦੀ ਲੇਰ ਨਿਕਲ ਗਈ ਤੇ ਡਿਗ ਪਿਆ। ਉਸੇ ਵੇਲੇ ਲਾਠੀਆਂ ਵਾਲ਼ੇ ਦੋ ਆਦਮੀ ਅਧਿਆਪਕ ਉਤੇ ਟੁਟ ਪਏ। ਬੱਚੇ ਡਾਡਾਂ ਮਾਰਦੇ ਹੋਏ ਦੌੜ ਕੇ ਮੇਰੇ ਕੋਲ ਆ ਗਏ। ਉਹਨਾਂ ਲੋਕਾਂ ਨੇ ਧੱਕੇ ਮਾਰ ਮਾਰ ਕੇ ਦਰਵਾਜ਼ਾ ਟੋਟੇ ਟੋਟੇ ਕਰ ਦਿੱਤਾ। ਮੈਂ ਗੁੱਥ-ਮਗੁੱਥਾ ਹੋਣ ਵਾਲ਼ਿਆਂ ਵੱਲ ਵਧੀ। ਮੈਂ ਆਪਣੇ ਨਾਲ ਚੰਬੜੇ ਹੋਏ ਬੱਚਿਆਂ ਨੂੰ ਵੀ ਨਾਲ਼ ਹੀ ਧੂਹ ਕੇ ਲੈ ਗਈ।

"ਮਾਸਟਰ ਜੀ ਨੂੰ ਛੱਡ ਦਿਓ! ਉਹਨਾਂ ਨੂੰ ਨਾ ਮਾਰੋ! ਲਓ, ਲੈ ਚਲੋ ਮੈਨੂੰ, ਪਰ ਮਾਸਟਰ ਜੀ ਨੂੰ ਨਾ ਮਾਰੋ!"


Academy of the Punjab in North America: http://www.apnaorg.com

ਦੂਈਸ਼ੇਨ ਨੇ ਮੇਰੇ ਵੱਲ ਵੇਖਿਆ। ਉਹ ਖ਼ੂਨ ਨਾਲ਼ ਲਥਪਥ ਹੋਇਆ ਬੜਾ ਭਿਆਨਕ ਤੇ ਕਠੋਰ ਨਜ਼ਰ ਆ ਰਿਹਾ ਸੀ। ਉਸ ਨੇ ਭੁੰਜੇ ਪਿਆ ਹੋਇਆ ਦਰਵਾਜ਼ੇ ਦਾ ਤਖ਼ਤਾ ਚੁੱਕ ਲਿਆ ਤੇ ਇਸ ਨੂੰ ਹਿਲਾਉਂਦਾ ਹੋਇਆ ਚੀਕਿਆ:

"ਦੌੜ ਜਾਓ, ਬੱਚਿਓ, ਪਿੰਡ ਵੱਲ ਦੌੜ ਜਾਓ! ਤੂੰ ਵੀ ਦੌੜ ਜਾ, ਅਲਤਿਨਾਈ!" ਉਸ ਦੀ ਆਵਾਜ਼ ਇਕ ਚੀਕ ਬਣ ਕੇ ਟੁੱਟ ਗਈ।

ਉਹਨਾਂ ਲੋਕਾਂ ਨੇ ਦੂਈਸ਼ੇਨ ਦੀ ਬਾਂਹ ਤੋੜ ਦਿੱਤੀ ਸੀ। ਬਾਂਹ ਨੂੰ ਹਿੱਕ ਨਾਲ ਜੋੜ ਕੇ ਉਹ ਪਿੱਛੇ ਹਟ ਗਿਆ। ਪਰ ਮੋਟੀ ਮੱਤ ਵਾਲ਼ੇ, ਹਲ਼ਕਾਏ ਝੋਟਿਆਂ ਵਾਂਗ ਅੜਿੰਗਦੇ ਹੋਏ ਉਹ ਲੋਕ ਬੇਸਹਾਰਾ ਦੂਈਸ਼ੇਨ ਨੂੰ ਕੁੱਟਣ ਲੱਗ ਪਏ।

"ਕੁੱਟੋ, ਕੁੱਟੋ, ਸਿਰ ਪਾੜ ਦਿਓ, ਜਾਨੋਂ ਮਾਰ ਦਿਓ।"

ਉਸੇ ਵੇਲੇ ਕ੍ਰੋਧ ਵਿਚ ਸੜਦੀ ਹੋਈ ਮੇਰੀ ਚਾਚੀ ਤੇ ਲਾਲ-ਮੂੰਹਾਂ ਮੇਰੇ ਵੱਲ ਲਪਕੇ। ਉਹਨਾਂ ਮੇਰੀ ਗੁੱਤ ਫੜ ਲਈ ਤੇ ਮੈਨੂੰ ਘਸੀਟ ਕੇ ਵਿਹੜੇ ਵਿਚ ਲੈ ਗਏ। ਮੈਂ ਪੂਰਾ ਜ਼ੋਰ ਲਾ ਕੇ ਆਪਾ ਛੁਡਾਉਣ ਦੀ ਕੋਸ਼ਿਸ਼ ਕਰ ਰਹੀ ਸਾਂ। ਮੈਨੂੰ ਇਕ ਪਲ ਲਈ ਚੀਕ-ਚਿਹਾੜਾ ਪਾ ਰਹੇ ਬੱਚੇ ਵਿਖਾਈ ਦਿੱਤੇ ਤੇ ਦੂਈਸ਼ੇਨ ਕੰਧ ਲਾਗੇ ਸੀ, ਜਿਸ ਉਤੇ ਪਏ ਹੋਏ ਲਹੂ ਦੇ ਛਿੱਟੇ ਜੰਮ ਕੇ ਕਾਲ਼ੇ ਹੋ ਗਏ ਸਨ।

"ਮਾਸਟਰ ਜੀ!"

ਪਰ ਦੂਈਸ਼ੇਨ ਮੇਰੀ ਕੋਈ ਮਦਦ ਨਹੀਂ ਕਰ ਸਕਦਾ ਸੀ। ਉਹ ਅਜੇ ਵੀ ਖਲੋਤਾ ਹੋਇਆ ਸੀ ਤੇ ਘਸੁੰਨ ਵੱਜਣ ਕਾਰਨ ਇੰਝ ਲੜਖੜਾ ਰਿਹਾ ਸੀ ਜਿਵੇਂ ਸ਼ਰਾਬੀ ਹੋਵੇ। ਉਹ ਆਪਣਾ ਲੁੜਕ ਰਿਹਾ ਸਿਰ ਚੁਕਣ ਦਾ ਜਤਨ ਕਰਦਾ ਪਰ ਉਹ ਵਹਿਸ਼ੀ ਲੋਕ ਉਸ ਨੂੰ ਅੰਨ੍ਹੇਵਾਹ ਕੁੱਟੀ ਜਾ ਰਹੇ ਸਨ। ਮੈਨੂੰ ਭੁੰਜੇ ਸੁੱਟ ਦਿੱਤਾ ਗਿਆ, ਰੱਸੀ ਨਾਲ਼ ਮੇਰੇ ਹੱਥ ਬੰਨ੍ਹ ਦਿੱਤੇ ਗਏ। ਉਸ ਵੇਲੇ ਦੂਈਸ਼ੇਨ ਜ਼ਮੀਨ ਉਤੇ ਡਿਗ ਪਿਆ।

"ਮਾਸਟਰ ਜੀ!"

ਪਰ ਮੇਰਾ ਮੂੰਹ ਬੰਦ ਕਰ ਦਿੱਤਾ ਗਿਆ ਅਤੇ ਚੁੱਕ ਕੇ ਘੋੜੇ ਉਤੇ ਪਾ ਦਿੱਤਾ।

ਲਾਲ-ਮੂੰਹਾਂ ਪਹਿਲਾਂ ਹੀ ਘੋੜੇ ਉਤੇ ਚੜ੍ਹ ਕੇ ਬੈਠਾ ਹੋਇਆ ਸੀ। ਉਸ ਨੇ ਮੈਨੂੰ ਆਪਣੀਆਂ ਬਾਂਹਵਾਂ ਤੇ ਹਿੱਕ ਨਾਲ਼ ਦਬ ਕੇ ਜਕੜ ਲਿਆ। ਤੇ ਦੂਜੇ ਦੋ ਜਣੇ ਵੀ, ਜਿਹੜੇ ਦੂਈਸ਼ੇਨ ਨੂੰ ਕੁੱਟ ਰਹੇ ਸਨ, ਪਲਾਕੀ ਮਾਰ ਕੇ ਘੋੜਿਆਂ ਉਤੇ ਚੜ੍ਹ ਗਏ ਤੇ ਚਾਚੀ ਨਾਲ਼ ਨਾਲ਼ ਦੌੜੀ ਜਾਂਦੀ ਮੇਰੇ ਸਿਰ ਵਿਚ ਮੁੱਕੀਆਂ ਮਾਰੀ ਜਾਂਦੀ ਸੀ।

"ਕਿਉਂ, ਆਇਆ ਸਵਾਦ! ਇੰਝ, ਹਾਂ ਇੰਝ ਮੈਂ ਤੈਨੂੰ ਆਪਣੇ ਘਰੋਂ ਦਫ਼ਾ ਕਰਦੀ ਆਂ ਤੇ ਤੇਰੇ ਮਾਸਟਰ ਦਾ ਟੈਂਟਾ ਵੀ ਮੁਕ ਗਿਐ..."

ਪਰ ਟੈਂਟਾ ਅਜੇ ਮੁਕਿਆ ਨਹੀਂ ਸੀ। ਅਚਾਨਕ ਪਿਛੋਂ ਲਾਚਾਰੀ-ਭਰੀ ਆਵਾਜ਼ ਆਈ:

"ਆਲ-ਤਿਨਾ-ਈ!"

ਮੈਂ ਘੋੜੇ ਦੀ ਕਾਠੀ ਉਤੋਂ ਝੂਲਦਾ ਆਪਣਾ ਸਿਰ ਬੜੀ ਮੁਸ਼ਕਲ ਨਾਲ਼ ਚੁੱਕਿਆ ਤੇ ਪਿੱਛੇ ਵੱਲ ਵੇਖਿਆ। ਦੂਈਸ਼ੇਨ ਸਾਡੇ ਪਿਛੇ ਪਿਛੇ ਦੌੜਦਾ ਆ ਰਿਹਾ ਸੀ। ਕੁੱਟ ਕੁੱਟ ਕੇ


Academy of the Punjab in North America: http://www.apnaorg.com

ਅਧ-ਮੋਇਆ ਕੀਤੇ ਤੇ ਲਹੂ ਨਾਲ ਲੱਥਪੱਥ ਉਸ ਨੇ ਹੱਥ ਵਿਚ ਇਕ ਪੱਥਰ ਚੁਕਿਆ ਹੋਇਆ ਸੀ। ਉਸ ਦੇ ਮਗਰ ਮਗਰ ਸਾਡੇ ਸਕੂਲ ਦੇ ਸਾਰੇ ਬੱਚੇ ਰੋਂਦੇ-ਕੁਰਲਾਉਂਦੇ ਦੌੜੇ ਜਾ ਰਹੇ ਸਨ।

"ਰੁਕ ਜਾਓ, ਵਹਿਸ਼ੀਓ! ਰੁਕ ਜਾਓ! ਇਸ ਨੂੰ ਛੱਡ ਦਿਓ, ਛੱਡ ਦਿਓ! ਅਲਤਿਨਾਈ!" ਉਹ ਸਾਡੇ ਨੇੜੇ ਪਹੁੰਚਦਾ ਹੋਇਆ ਚੀਕਿਆ।

ਜ਼ਾਲਮ ਲੋਕ ਜ਼ਰਾ-ਕੁ ਰੁਕੇ, ਤੇ ਘੋੜਿਆਂ ਉਤੇ ਚੜ੍ਹੇ ਹੋਏ ਦੋ ਜਣੇ ਦੂਈਸ਼ੇਨ ਦੁਆਲ਼ੇ ਚੱਕਰ ਲਾਉਣ ਲੱਗ ਪਏ। ਦੂਈਸ਼ੇਨ ਨੇ ਟੁੱਟੀ ਬਾਂਹ ਵਾਲਾ ਕਫ਼ ਦੰਦਾਂ ਵਿਚ ਲੈ ਲਿਆ, ਤਾਂ ਜੋ ਅਟਕਣ ਨਾ ਪਵੇ, ਅਤੇ ਨਿਸ਼ਾਨਾ ਬੰਨ੍ਹ ਕੇ ਪੱਥਰ ਮਾਰਿਆ ਪਰ ਖੁੰਝ ਗਿਆ। ਤਦ ਉਹਨਾਂ ਦੋਹਾਂ ਜਣਿਆਂ ਨੇ ਡਾਂਗਾਂ ਮਾਰ ਕੇ ਦੂਈਸ਼ੇਨ ਨੂੰ ਇਕ ਛਪੜੀ ਵਿਚ ਸੁੱਟ ਦਿੱਤਾ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਮੈਂ ਕੇਵਲ ਏਨਾ ਹੀ ਵੇਖ ਸਕੀ ਕਿ ਸਾਡੇ ਸਕੂਲ ਦੇ ਬੱਚੇ ਦੌੜਦੇ ਹੋਏ ਅਧਿਆਪਕ ਕੋਲ ਚਲੇ ਗਏ ਸਨ ਤੇ ਡਰ ਦੇ ਮਾਰੇ ਉਸ ਦੇ ਲਾਗੇ ਹੀ ਖੜੇ ਰਹਿ ਗਏ ਸਨ।

ਮੈਨੂੰ ਚੇਤਾ ਨਹੀਂ ਹੈ ਕਿ ਉਹ ਲੋਕ ਮੈਨੂੰ ਕਿਵੇਂ ਤੇ ਕਿਥੇ ਲੈ ਗਏ ਸਨ। ਜਦੋਂ ਮੇਰੀਆਂ ਅੱਖਾਂ ਖੁਲ੍ਹੀਆਂ ਤਾਂ ਮੈਂ ਇਕ ਤੰਬੂ ਵਿਚ ਸਾਂ। ਤੰਬੂ ਦੇ ਖੁਲ੍ਹੇ ਮਘੋਰੇ ਥਾਣੀਂ ਸ਼ਾਂਤ ਤੇ ਨਿਰਭੈ ਅਗੇਤੇ ਤਾਰੇ ਝਾਕ ਰਹੇ ਸਨ। ਲਾਗੇ ਹੀ ਕਿਤੇ ਕਿਸੇ ਵਹਿੰਦੇ ਦਰਿਆ ਦੀ ਕਲਕਲ, ਤੇ ਭੇਡਾਂ ਦੇ ਇੱਜੜ ਦੀ ਰਾਖੀ ਕਰ ਰਹੇ ਆਜੜੀਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਬੁਝੀ ਹੋਈ ਅੰਗੀਠੀ ਲਾਗੇ ਲੱਕੜੀ ਵਾਂਗ ਸੁੱਕੇ ਹੋਏ ਚਿਹਰੇ ਵਾਲ਼ੀ ਇਕ ਉਦਾਸ ਜਿਹੀ ਬੁੱਢੜੀ ਬੈਠੀ ਹੋਈ ਸੀ। ਉਸ ਦੇ ਚਿਹਰੇ ਦਾ ਰੰਗ ਕਾਲੀ ਮਿੱਟੀ ਵਰਗਾ ਸੀ। ਮੈਂ ਮੂੰਹ ਦੂਜੇ ਪਾਸੇ ਫੇਰ ਲਿਆ...ਕਾਸ਼, ਮੈਂ ਆਪਣੀ ਨਜ਼ਰ ਨਾਲ ਉਸ ਆਦਮੀ ਦੀ ਜਾਨ ਕੱਢ ਸਕਦੀ!

"ਕਲ-ਮੂੰਹੀਏ, ਉਠਾ ਇਸ ਨੂੰ", ਲਾਲ-ਮੂੰਹੇਂ ਨੇ ਹੁਕਮ ਦਿੱਤਾ।

ਕਾਲ਼ੀ ਔਰਤ ਮੇਰੇ ਨੇੜੇ ਆਈ ਤੇ ਆਪਣੇ ਸਖ਼ਤ, ਖੁਰਦਰੇ ਹੱਥ ਨਾਲ਼ ਮੇਰਾ ਮੋਢਾ ਹਿਲਾਇਆ।

"ਆਪਣੀ ਸੌਂਕਣ ਨੂੰ ਸਿੱਧੇ ਰਾਹ ਪਾ ਲੈ, ਸਮਝਾ-ਬੁਝਾ ਲੈ। ਜੇ ਨਹੀਂ ਮੰਨਦੀ ਤਾਂ ਵੀ ਮੈਂ ਇਹਨੂੰ ਸਿੱਧੀ ਕਰ ਲਵਾਂਗਾ।"

ਉਹ ਤੰਬੂ ਵਿੱਚੋਂ ਬਾਹਰ ਨਿਕਲ ਗਿਆ। ਕਾਲ਼ੀ ਔਰਤ ਆਪਣੀ ਥਾਂ ਤੋਂ ਨਾ ਹਿੱਲੀ ਤੇ ਮੂੰਹੋਂ ਇਕ ਵੀ ਗੱਲ ਨਾ ਕੱਢੀ। ਸ਼ਾਇਦ ਉਹ ਗੁੰਗੀ ਹੋਵੇ? ਠੰਡੀ ਸਵਾਹ ਵਰਗੀਆਂ ਉਸ ਦੀਆਂ ਬੁਝੀਆਂ ਹੋਈਆਂ ਭਾਵਹੀਣ ਅੱਖਾਂ ਮੇਰੇ ਵੱਲ ਵੇਖ ਰਹੀਆਂ ਸਨ। ਅਜਿਹੀਆਂ ਕੁੱਤੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੇ ਭਾਗਾਂ ਵਿੱਚ ਜੰਮਦਿਆਂ ਹੀ ਕੁੱਟਮਾਰ ਲਿਖੀ ਹੁੰਦੀ ਹੈ। ਦੁਸ਼ਟ ਲੋਕ ਜਿਹੜੀ ਚੀਜ਼ ਵੀ ਹੱਥ ਲੱਗੇ ਉਸੇ ਨਾਲ਼ ਹੀ ਇਹਨਾਂ ਦੇ ਸਿਰ ਪਾੜਦੇ ਰਹਿੰਦੇ ਹਨ ਅਤੇ ਇਹਨਾਂ ਨੂੰ ਇਸ ਦੀ ਆਦਤ ਹੋ ਜਾਂਦੀ ਹੈ। ਇਹਨਾਂ ਦੀਆਂ ਅੱਖਾਂ ਵਿੱਚ ਏਨੀ ਮਾਯੂਸੀ ਤੇ ਜੜ੍ਹਤਾ ਆ ਜਾਂਦੀ ਹੈ ਕਿ ਵੇਖ ਕੇ ਡਰ ਲਗਦਾ ਹੈ। ਕਾਲ਼ੀ ਔਰਤ ਦੀਆਂ ਮੁਰਦਾ ਅੱਖਾਂ ਨੂੰ ਵੇਖ ਕੇ ਮੈਨੂੰ ਇੰਝ ਲੱਗਾ ਕਿ ਮੈਂ ਆਪ ਵੀ ਹੁਣ ਜੀਊਂਦਿਆਂ ਵਿਚ


Academy of the Punjab in North America: http://www.apnaorg.com

ਨਹੀਂ ਰਹੀ ਸਾਂ ਤੇ ਕਬਰ ਵਿਚ ਪਈ ਹੋਈ ਸੀ। ਮੈਂ ਇਸ ਗੱਲ ਉਤੇ ਪੂਰਾ ਯਕੀਨ ਕਰ ਲੈਣਾ ਸੀ ਜੇ ਦਰਿਆ ਦਾ ਸ਼ੋਰ ਸੁਣਾਈ ਨਾ ਦਿੰਦਾ ਹੁੰਦਾ। ਦਰਿਆ ਦਾ ਪਾਣੀ ਛਪ-ਛਪ ਕਰਦਾ, ਸ਼ੋਰ ਮਚਾਉਂਦਾ ਹੋਇਆ ਆਪਣੇ ਪਹਾੜੀ ਰਾਹ ਉਤੇ ਵਹਿੰਦਾ ਜਾ ਰਿਹਾ ਸੀ- ਉਹ ਅਜ਼ਾਦ ਸੀ...

ਤੈਨੂੰ ਲੱਖ ਲਾਅਨਤ, ਚਾਚੀ, —ਨੀਚੇ ਚਾਰ ਜ਼ਮਾਨੇ ਦੀਏ!...ਤੂੰ ਮੇਰੇ ਹੰਝੂਆਂ, ਮੇਰੇ ਲਹੂ ਵਿਚ ਡੁੱਬ ਕੇ ਮਰ ਜਾਏਂ!... ਉਸ ਰਾਤ, ਪੰਦਰ੍ਹਾਂ ਸਾਲ ਦੀ ਉਮਰ ਵਿਚ ਮੇਰਾ ਕੁਆਰ ਭੰਗ ਕਰ ਦਿੱਤਾ ਗਿਆ...ਮੈਂ ਉਸ ਜਾਬਰ ਦੇ ਧੀਆਂ ਪੁੱਤਾਂ ਨਾਲ਼ੋਂ ਵੀ ਛੋਟੀ ਉਮਰ ਦੀ ਸਾਂ...

ਤੀਸਰੀ ਰਾਤ ਮੈਂ ਉਥੋਂ ਹਰ ਹੀਲੇ ਦੌੜ ਜਾਣ ਦਾ ਮਨ ਬਣਾ ਲਿਆ। ਮੈਂ ਰਾਹ ਵਿੱਚ ਭਾਵੇਂ ਮਰ ਜਾਵਾਂ, ਮੇਰਾ ਪਿੱਛਾ ਕਰਨ ਵਾਲੇ ਮੈਨੂੰ ਆ ਕੇ ਭਾਵੇਂ ਫੜ ਲੈਣ, ਪਰ ਮੈਂ ਆਖ਼ਰੀ ਸਵਾਸ ਤਕ ਲੜਦੀ ਰਹਾਂਗੀ—ਉਸੇ ਤਰਾਂ, ਜਿਸ ਤਰਾਂ ਮੇਰਾ ਅਧਿਆਪਕ ਦੂਈਸ਼ੇਨ ਲੜਦਾ ਰਿਹਾ ਸੀ।

ਮੈਂ ਹਨੇਰੇ ਵਿਚ ਦੱਬੇ ਪੈਰ ਦਰਵਾਜ਼ੇ, ਵੱਲ ਗਈ, ਉਸ ਨੂੰ ਟਟੋਲ ਕੇ ਲੱਭਿਆ। ਉਹ ਘੋੜੇ ਦੇ ਵਾਲ਼ਾਂ ਦੀਆਂ ਡੋਰੀਆਂ ਨਾਲ ਕੱਸ ਕੇ ਬੰਨ੍ਹਿਆ ਹੋਇਆ ਸੀ। ਡੋਰੀਆਂ ਦੀਆਂ ਗੰਢਾਂ ਏਨੀਆਂ ਪੇਚੀਦਾ ਤੇ ਪੀਡੀਆਂ ਸਨ ਕਿ ਉਹਨਾਂ ਨੂੰ ਹਨੇਰੇ ਵਿੱਚ ਖੋਲ੍ਹਣਾ ਅਸੰਭਵ ਸੀ। ਤਦ ਮੈਂ ਤੰਬੂ ਦਾ ਢਾਂਚਾ ਚੁੱਕ ਕੇ ਹੇਠੋਂ ਦੀ ਕਿਸੇ ਤਰਾਂ ਰੀਂਗ ਕੇ ਲੰਘਣ ਦਾ ਜਤਨ ਕੀਤਾ। ਮੈਂ ਬੜਾ ਜ਼ੋਰ ਲਾਇਆ ਪਰ ਤੰਬੂ ਹਿਲਿਆ ਤੱਕ ਨਹੀਂ ਸੀ—ਉਸ ਨੂੰ ਬਾਹਰੋਂ ਵੀ ਰੱਸਿਆਂ ਨਾਲ਼ ਕੱਸ ਕੇ ਜ਼ਮੀਨ ਵਿੱਚ ਕਿੱਲੀਆਂ ਠੋਕ ਕੇ ਬੰਨ੍ਹਿਆ ਹੋਇਆ ਸੀ।

ਹੁਣ ਇਕ ਹੀ ਚਾਰਾ ਬਾਕੀ ਰਹਿ ਗਿਆ ਸੀ। ਉਹ ਇਹ ਕਿ ਕੋਈ ਤਿਖ਼ੀ ਚੀਜ਼ ਲੱਭੀ ਜਾਵੇ ਤੇ ਦਰਵਾਜ਼ੇ ਵਾਲ਼ੀਆਂ ਡੋਰੀਆਂ ਕੱਟ ਦਿੱਤੀਆਂ ਜਾਣ। ਮੈਂ ਹਰ ਥਾਂ ਫੋਲਾ-ਫਾਲੀ ਕੀਤੀ ਪਰ ਇੱਕ ਛੋਟੀ ਜਿਹੀ ਕਿੱਲੀ ਤੋਂ ਇਲਾਵਾ ਹੋਰ ਕੋਈ ਵੀ ਚੀਜ਼ ਮੇਰੇ ਹੱਥ ਨਾ ਲੱਗੀ। ਤੰਗ ਆ ਕੇ ਮੈਂ ਕਿੱਲੀ ਨਾਲ਼ ਹੀ ਤੰਬੂ ਹੇਠਾਂ ਜ਼ਮੀਨ ਪੁੱਟਣੀ ਸ਼ੁਰੂ ਕਰ ਦਿੱਤੀ। ਇਸ ਕੰਮ ਵਿਚ ਸਫ਼ਲਤਾ ਮਿਲਣ ਦੀ ਆਸ ਬੜੀ ਥੋੜ੍ਹੀ ਸੀ, ਪਰ ਹੁਣ ਮੈਂ ਇਸ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਹੀ ਸਾਂ। ਮੇਰੇ ਦਿਮਾਗ ਵਿੱਚ ਇਕੋ ਇਕ ਆਸਹੀਣ ਵਿਚਾਰ ਚੱਕਰ ਲਾਈ ਜਾ ਰਿਹਾ ਸੀ ਕਿ ਜਾਂ ਤਾਂ ਇਥੋਂ ਨਿਕਲ ਜਾਵਾਂ ਜਾਂ ਮਰ ਜਾਵਾਂ, ਪਰ ਮੈਂ ਉਸ ਦੀ ਨੱਕ ਵਿਚ ਸੁੜ-ਸੁੜ ਤੇ ਉਸ ਦੇ ਖ਼ੌਫ਼ਨਾਕ ਘੁਰਾੜੇ ਹੋਰ ਨਹੀਂ ਸੁਣਨਾ ਚਾਹੁੰਦੀ ਸਾਂ, ਇਥੇ ਹੋਰ ਇਕ ਪਲ ਵੀ ਨਹੀਂ ਰਹਿਣਾ ਚਾਹੁੰਦੀ ਸਾਂ, ਜੇ ਮਰਨਾ ਹੀ ਹੈ ਤਾਂ ਆਜ਼ਾਦ ਹੈਸੀਅਤ ਵਿਚ, ਜੂਝਦਿਆਂ ਹੋਇਆਂ ਮਰਨਾ ਹੈ, ਪਰ ਮੈਂ ਹਾਰ ਨਹੀਂ ਮੰਨਣੀ।

ਸ਼ਬਦ "ਤੋਕੋਲ" ਦਾ ਮਤਲਬ ਹੈ ਦੂਜੀ ਵਹੁਟੀ। ਕਿੰਨੀ ਨਫ਼ਰਤ ਹੈ ਮੈਨੂੰ ਇਸ ਸ਼ਬਦ ਨਾਲ਼! ਕਿਸ ਨੇ, ਕਿਸ ਭੈੜੇ ਜ਼ਮਾਨੇ ਵਿੱਚ ਇਹ ਸ਼ਬਦ ਘੜਿਆ ਸੀ? ਕਿਸੇ ਔਰਤ ਲਈ ਇਸ ਤੋਂ ਵਧ ਬੇਇਜ਼ਤੀ ਵਾਲ਼ੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਹ ਆਪਣੀ ਮਰਜ਼ੀ ਤੋਂ ਉਲ਼ਟ ਕਿਸੇ ਦੀ ਦੂਜੀ ਵਹੁਟੀ ਬਣੇ, ਆਪਣੇ ਜਿਸਮ ਤੇ ਰੂਹ ਨੂੰ ਕਿਸੇ ਦੀ ਗ਼ੁਲਾਮ ਬਣਾ ਦੇਵੇ? ਜਾਗੋ, ਬਦਨਸੀਬ ਔਰਤੋ, ਕਬਰਾਂ ਵਿੱਚੋਂ ਉਠੋ, ਲਿਤਾੜੀਆਂ, ਅਪਮਾਨਿਤ,


Academy of the Punjab in North America: http://www.apnaorg.com

ਮਨੁੱਖੀ ਗੌਰਵ ਤੋਂ ਵਿਹੂਣੀਆਂ ਔਰਤਾਂ ਦੀਆਂ ਰੂਹੋ, ਉਠੋ! ਤਸੀਹੇ ਝੱਲ ਝੱਲ ਕੇ ਸ਼ਹੀਦ ਹੋਣ ਵਾਲ਼ਿਓ, ਜਾਗੋ, ਤਾਂ ਜੋ ਉਸ ਪੁਰਾਣੇ ਜ਼ਮਾਨੇ ਦਾ ਹਨੇਰਾ ਵੀ ਕੰਬ ਉਠੇ! ਇਹ ਮੈਂ ਆਖ ਰਹੀ ਹਾਂ, ਜਿਹੜੀ ਦੂਜੀ ਵਹੁਟੀ ਵਾਲੀ ਬਦਨਸੀਬੀ ਨੂੰ ਭੋਗਣ ਵਾਲੀਆਂ ਤੁਹਾਡੇ ਸਾਰੀਆਂ ਵਿਚੋਂ ਆਖ਼ਰੀ ਹਾਂ।

ਉਸ ਰਾਤ ਮੈਨੂੰ ਪਤਾ ਨਹੀਂ ਸੀ ਕਿ ਇਹ ਸ਼ਬਦ ਉਚਾਰਨਾ ਮੇਰੀ ਕਿਸਮਤ ਵਿੱਚ ਲਿਖਿਆ ਹੋਇਆ ਸੀ। ਉਸ ਰਾਤ ਮੈਂ ਝੱਲੀ ਹੋਈ ਜਨੂੰਨਣਾਂ ਵਾਂਗ ਤੰਬੂ ਹੇਠ ਜ਼ਮੀਨ ਪੁੱਟੀ ਜਾ ਰਹੀ ਸਾਂ। ਜ਼ਮੀਨ ਪਥਰੀਲੀ ਸੀ, ਕਿੱਲੀ ਨਾਲ਼ ਪੱਟੀ ਨਹੀਂ ਜਾ ਰਹੀ ਸੀ। ਫਿਰ ਮੈਂ ਨਹੁੰਆਂ ਨਾਲ਼ ਪੁੱਟਣ ਲੱਗ ਪਈ। ਮੇਰੀਆਂ ਉਂਗਲਾਂ ਲਹੂ-ਲੁਹਾਨ ਹੋ ਗਈਆਂ ਸਨ। ਜਦ ਤਕ ਤੰਬੂ ਹੇਠੋਂ ਹੱਥ ਲੰਘਾਉਣ ਜੋਗੀ ਮੋਰੀ ਪੁੱਟੀ ਗਈ ਤਦ ਤਕ ਸਵੇਰ ਦੀ ਲੋਅ ਹੋ ਗਈ ਸੀ। ਕੁੱਤੇ ਭੌਂਕਣ ਲੱਗੇ, ਗੁਆਂਢ ਵਿੱਚ ਸੁੱਤੇ ਲੋਕ ਜਾਗ ਪਏ। ਘੋੜਿਆਂ ਦਾ ਵੱਗ ਸੁੰਮਾਂ ਨਾਲ਼ ਟੱਪ-ਟਾਪ ਕਰਦਾ ਪਾਣੀ ਪੀਣ ਲਈ ਚਲਾ ਗਿਆ ਤੇ ਫੁੜਕਦੇ ਮਾਰਦੀਆਂ ਉਂਘਲਾਉਂਦੀਆਂ ਹੋਈਆਂ ਭੇਡਾਂ ਦਾ ਇੱਜੜ ਵੀ ਤੁਰ ਪਿਆ। ਮਗਰੋਂ ਕੋਈ ਜਾਣਾ ਤੰਬੂ ਦੇ ਨੇੜੇ ਆਇਆ, ਉਸ ਨੂੰ ਬਾਹਰੋਂ ਬੰਨ੍ਹ ਕੇ ਰਖਣ ਵਾਲ਼ੇ ਰੱਸੇ ਖੋਲ੍ਹ ਤੇ ਨਮਦੇ ਲਾਹੁਣ ਲੱਗਾ। ਇਹ ਚੁੱਪ ਰਹਿਣ ਵਾਲ਼ੀ ਕਾਲ਼ੀ ਔਰਤ ਸੀ।

ਇਸ ਦਾ ਮਤਲਬ ਸੀ ਕਿ ਪਿੰਡ ਦੇ ਇਹ ਲੋਕ ਕਿਸੇ ਦੂਸਰੀ ਥਾਂ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਮੈਨੂੰ ਚੇਤਾ ਆਇਆ ਕਿ ਕੱਲ੍ਹ ਮੈਂ ਲੋਕਾਂ ਨੂੰ ਇਹ ਗੱਲਾਂ ਕਰਦਿਆਂ ਸੁਣਿਆ ਸੀ ਕਿ ਸਵੇਰੇ ਹੀ ਤੰਬੂ ਉਖਾੜ ਕੇ ਪਹਿਲਾਂ ਦੱਰੇ ਵੱਲ ਨਵੀਂ ਥਾਂ ਉਤੇ ਰਹਿਣ ਲਈ ਚਲੇ ਜਾਣਗੇ ਅਤੇ ਅੱਗੋਂ ਸਾਰੀਆਂ ਗਰਮੀਆਂ ਦੱਰੇ ਤੋਂ ਪਾਰ ਦੂਰ ਪਹਾੜਾਂ ਵਿੱਚ ਬਿਤਾਉਣਗੇ। ਮੈਂ ਹੋਰ ਵੀ ਮਾਯੂਸ ਹੋ ਗਈ ਕਿਉਂਕਿ ਉਥੋਂ ਦੌੜ ਨਿਕਲਣਾ ਸੌ ਗੁਣਾ ਮੁਸ਼ਕਲ ਸੀ।

ਮੈਂ ਪੁੱਟੇ ਹੋਏ ਟੋਏ ਲਾਗੇ ਜਿਵੇਂ ਬੈਠੀ ਸਾਂ ਉਵੇਂ ਹੀ ਬੈਠੀ ਰਹੀ, ਬਿਲਕੁਲ ਹਿਲੀ ਨਾ। ਲੁਕਾਉਣ ਵਾਲੀ ਗੱਲ ਹੀ ਕਿਹੜੀ ਸੀ ਤੇ ਲੁਕਾਉਂਦੀ ਵੀ ਕਿਉਂ...ਉਸ ਕਾਲ=ੀ ਔਰਤ ਨੇ ਤੰਬੂ ਹੇਠਾਂ ਪੁਟਿਆ ਹੋਇਆ ਟੋਇਆ ਤਾਂ ਵੇਖ ਲਿਆ ਸੀ ਪਰ ਉਹ ਬੋਲੀ ਕੁਝ ਵੀ ਨਾ। ਉਹ ਚੁੱਪ ਕਰ ਕੇ ਆਪਣੇ ਕੰਮ ਲੱਗੀ ਰਹੀ। ਉਂਝ ਵੀ ਉਸ ਦੇ ਵਿਹਾਰ ਤੋਂ ਲਗਦਾ ਸੀ ਕਿ ਉਸ ਦਾ ਕਿਸੇ ਵੀ ਗੱਲ ਨਾਲ਼ ਕੋਈ ਸਰੋਕਾਰ ਨਹੀਂ ਸੀ, ਜਾਪਦਾ ਸੀ ਕਿ ਜੀਵਨ ਉਸ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਭਾਵਨਾ ਨਹੀਂ ਜਗਾਉਂਦਾ ਸੀ। ਇਥੋਂ ਤਕ ਕਿ ਉਸ ਨੇ ਆਪਣੇ ਖਾਵੰਦ ਨੂੰ ਜਗਾਇਆ ਵੀ ਨਾ, ਨਵੀਂ ਥਾਂ ਤੇ ਜਾਣ ਲਈ ਤਿਆਰੀ ਕਰਨ ਵਿਚ ਹੱਥ ਵਟਾਉਣ ਲਈ ਵੀ ਨਾ ਆਖਿਆ। ਉਹ ਕੰਬਲਾਂ ਤੇ ਫ਼ਰ-ਕੋਟਾਂ ਹੇਠਾਂ ਪਿਆ ਰਿੱਛ ਵਾਂਗ ਘੁਰਾੜੇ ਮਾਰ ਰਿਹਾ ਸੀ।

ਸਾਰੇ ਨਮਦੇ ਵਲ੍ਹੇਟ ਲਏ ਗਏ ਸਨ, ਤੰਬੂ ਦਾ ਢਾਂਚਾ ਨੰਗਾ ਹੋ ਗਿਆ ਸੀ ਤੇ ਮੈਂ ਉਸ ਵਿਚ ਇੰਝ ਬੈਠੀ ਹੋਈ ਸਾਂ ਜਿਵੇਂ ਪਿੰਜਰੇ ਵਿੱਚ ਤਾੜੀ ਗਈ ਹੋਵਾਂ। ਮੈਂ ਵੇਖਿਆ ਕਿ ਨੇੜੇ ਹੀ ਦਰਿਆ ਦੇ ਲਾਗੇ ਲੋਕ ਝੋਟਿਆਂ ਅਤੇ ਘੋੜਿਆਂ ਉਤੇ ਸਾਮਾਨ ਲੱਦ ਰਹੇ ਸਨ। ਫਿਰ ਮੈਨੂੰ ਉਥੇ ਕਿਸੇ ਪਾਸਿਓਂ ਆਏ ਹੋਏ ਤਿੰਨ ਘੁੜ-ਸਵਾਰ ਨਜ਼ਰ ਆਏ। ਘੁੜ-ਸਵਾਰਾਂ ਨੇ


Academy of the Punjab in North America: http://www.apnaorg.com

ਉਹਨਾਂ ਲੋਕਾਂ ਕੋਲ਼ੋਂ ਕੁਝ ਪੁੱਛਿਆ ਤੇ ਸਾਡੇ ਪਾਸੇ ਵੱਲ ਤੁਰ ਪਏ। ਪਹਿਲਾਂ ਤਾਂ ਮੈਂ ਇਹ ਸੋਚਿਆ ਕਿ ਉਹ ਇਹਨਾਂ ਲੋਕਾਂ ਨੂੰ ਆਪਣੇ ਨਾਲ਼ ਲੈ ਕੇ ਜਾਣ ਲਈ ਆਏ ਸਨ, ਪਰ ਮਗਰੋਂ ਮੈਂ ਧਿਆਨ ਨਾਲ ਵੇਖਿਆ ਤੇ ਹੱਕੀ-ਬੱਕੀ ਰਹਿ ਗਈ। ਇਹ ਦੂਈਸ਼ੇਨ ਸੀ ਅਤੇ ਉਸ ਦੇ ਨਾਲ਼ ਦੇ ਦੋ ਜਣਿਆਂ ਨੇ ਮਿਲੀਸ਼ੀਆ ਦੀਆਂ ਟੋਪੀਆਂ ਤੇ ਲਾਲ ਫੀਤੀਆਂ ਵਾਲੇ ਵੱਡੇ ਕੋਟ ਪਾਏ ਹੋਏ ਸਨ।

ਮੈਂ ਉਥੇ ਨਾ ਜਿਉਂਦਿਆਂ ਵਿਚ ਤੇ ਨਾ ਹੀ ਮੋਇਆਂ ਵਿੱਚ ਬੈਠੀ ਹੋਈ ਸਾਂ, ਮੈਂ ਚੀਕ ਵੀ ਨਹੀਂ ਸਕਦੀ ਸਾਂ। ਮੇਰਾ ਦਿਲ ਖ਼ੁਸ਼ੀ ਨਾਲ ਨੱਚ ਉਠਿਆ ਸੀ—ਮੇਰਾ ਅਧਿਆਪਕ ਜਿਊਂਦਾ ਸੀ! ਇਸ ਦੇ ਨਾਲ ਹੀ ਮੇਰੀ ਰੂਹ ਖ਼ਾਲੀ ਖ਼ਾਲੀ ਸੀ, ਮੇਰੀ ਤਾਂ ਇੱਜ਼ਤ ਲੁੱਟੀ ਜਾ ਚੁਕੀ ਸੀ, ਮੈਂ ਤਾਂ ਖ਼ਤਮ ਹੋ ਗਈ ਸਾਂ...

ਦੂਈਸ਼ੇਨ ਦੇ ਸਿਰ ਉਤੇ ਪੱਟੀਆਂ ਬੱਝੀਆਂ ਹੋਈਆਂ ਸਨ, ਤੇ ਬਾਂਹ ਗਲ਼ ਵਿੱਚ ਪਈ ਪੱਟੀ ਵਿਚ ਲਟਕੀ ਹੋਈ ਸੀ। ਉਹ ਘੋੜੇ ਤੋਂ ਛਾਲ ਮਾਰ ਕੇ ਉਤਰਿਆ, ਠੁੱਡ ਮਾਰ ਕੇ ਦਰਵਾਜ਼ਾ ਖੋਲ੍ਹ ਦਿੱਤਾ, ਦੌੜ ਕੇ ਅੰਦਰ ਆਇਆ, ਲਾਲ-ਮੂੰਹੇਂ ਉਤੋਂ ਕੰਬਲ ਲਾਹ ਦਿੱਤੇ।

"ਉੱਠ ਓਇ!" ਉਹ ਗਰਜਿਆ।

ਲਾਲ-ਮੂੰਹੇਂ ਨੇ ਸਿਰ ਚੁੱਕਿਆ, ਅੱਖਾਂ ਮਲੀਆਂ ਤੇ ਦੂਈਸ਼ੇਨ ਉੱਤੇ ਝਪਟਣ ਲੱਗਾ ਸੀ, ਪਰ ਮਿਲੀਸ਼ੀਆ ਵਾਲਿਆਂ ਦੇ ਆਪਣੇ ਵੱਲ ਤਣੇ ਪਸਤੌਲ ਵੱਖ ਕੇ ਇਕਦਮ ਸਿਰ ਨੀਵਾਂ ਕਰ ਲਿਆ। ਦੂਈਸ਼ੇਨ ਨੇ ਉਸ ਨੂੰ ਗਲਮੇ ਤੋਂ ਫੜ ਲਿਆ, ਝੰਜੋੜਿਆ ਤੇ ਇਕੋ ਝਟਕੇ ਨਾਲ਼ ਚੁੱਕ ਕੇ ਉਸ ਦਾ ਬੂਥਾ ਆਪਣੇ ਸਿਰ ਦੇ ਬਰਾਬਰ ਲੈ ਆਇਆ।

"ਜ਼ਲੀਲ ਕੁੱਤਿਆ!" ਜਦੋਂ ਦੂਈਸ਼ੇਨ ਨੇ ਫੁਸਫੁਸ ਕੀਤਾ ਤਾਂ ਉਸ ਦੇ ਚਿੱਟੇ ਦੰਦ ਨੰਗੇ ਹੋ ਗਏ। "ਹੁਣ ਤੈਨੂੰ ਆਨੇ ਵਾਲੀ ਥਾਂ 'ਤੇ ਪਹੁੰਚਾ ਦਿੱਤਾ ਜਾਵੇਗਾ! ਚੱਲ ਤੁਰ!"

ਲਾਲ-ਮੂੰਹਾ ਸਿਰ ਨੀਵਾਂ ਕਰ ਕੇ ਤੁਰਨ ਹੀ ਵਾਲਾ ਸੀ ਕਿ ਦੂਈਸ਼ੇਨ ਨੇ ਇਕ ਵਾਰੀ ਫਿਰ ਉਸ ਨੂੰ ਮੋਢੇ ਤੋਂ ਫੜ ਕੇ ਝੰਜੋੜਿਆ ਅਤੇ ਉਸ ਉਤੇ ਅੱਖਾਂ ਗੱਡ ਕੇ ਗੁੱਸੇ ਨਾਲ਼ ਕੰਬਦੀ ਹੋਈ ਆਵਾਜ਼ ਵਿਚ ਆਖਿਆ:

"ਸੋਚਦੈਂ, ਤੂੰ ਉਸ ਨੂੰ ਘਾਹ ਵਾਂਗ ਮਸਲ ਕੇ ਰਖ ਦਿੱਤੈ, ਉਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਏ...ਨਹੀਂ, ਲੱਦ ਗਏ ਨੇ ਤੇਰੇ ਦਿਨ, ਹੁਣ ਉਸ ਦਾ ਜ਼ਮਾਨਾ ਏ, ਤੂੰ ਆਪਣਾ ਫ਼ਸਤਾ ਵੱਢਿਆ ਗਿਆ ਸਮਝ!..."

ਲਾਲ-ਮੂੰਹੇਂ ਨੂੰ ਬੂਟ ਪਾਉਣ ਦਿੱਤੇ ਗਏ, ਫਿਰ ਉਸ ਦੇ ਹੱਥ ਜੂੜ ਕੇ ਘੋੜੇ ਉੱਤੇ ਲੱਦ ਦਿੱਤਾ ਗਿਆ। ਇਕ ਮਿਲੀਸ਼ੀਆਮੈਨ ਘੋੜੇ ਦੀ ਲਗਾਮ ਫੜ ਕੇ ਅੱਗੇ ਅੱਗੇ ਤੁਰ ਪਿਆ ਤੇ ਦੂਸਰਾ ਘੋੜੇ ਉਤੇ ਸਵਾਰ ਹੋ ਕੇ ਉਸ ਦੇ ਪਿੱਛੇ ਪਿੱਛੇ। ਮੈਂ ਦੂਈਸ਼ੇਨ ਦੇ ਘੋੜੇ ਉਤੇ ਬੈਠ ਗਈ ਤੇ ਉਹ ਘੋੜੇ ਦੇ ਨਾਲ ਨਾਲ ਤੁਰਨ ਲੱਗ ਪਿਆ।

ਜਦੋਂ ਅਸੀਂ ਚੱਲ ਪਏ ਤਾਂ ਪਿਛੋਂ ਕਿਸੇ ਦੀ ਵਹਿਸ਼ੀ, ਅਣਮਨੁੱਖੀ ਆਵਾਜ਼ ਆਈ। ਇਹ ਕਾਲ਼ੀ ਔਰਤ ਸੀ ਜਿਹੜੀ ਸਾਡੇ ਪਿਛੇ ਪਿਛੇ ਦੌੜਦੀ ਆ ਰਹੀ ਸੀ। ਉਹ ਪਾਗਲਾਂ ਵਾਂਗ ਆਪਣੇ ਖ਼ਾਵੰਦ ਵੱਲ ਵਧੀ ਤੇ ਉਸ ਦੇ ਸਿਰ ਉਤੇ ਪੱਥਰ ਮਾਰ ਦਿੱਤਾ ਜਿਸ ਨਾਲ਼ ਲੂੰਬੜੀ ਦੀ ਖੱਲ ਵਾਲੀ ਉਸ ਦੀ ਟੋਪੀ ਲੱਥ ਗਈ।


Academy of the Punjab in North America: http://www.apnaorg.com

"ਇਹ ਲੈ ਹਤਿਆਰਿਆ, ਮੇਰਾ ਲਹੂ ਪੀਣ ਦੇ ਬਦਲੇ!" ਉਸ ਦੀ ਭਰੜਾਈ ਆਵਾਜ਼ ਨਿਕਲੀ। "ਮੇਰੀ ਜ਼ਿੰਦਗੀ ਬਰਬਾਦ ਕਰਨ ਦੇ ਬਦਲੇ, ਹਤਿਆਰਿਆ! ਤੈਨੂੰ ਮੈਂ ਜਿਊਂਦੇ ਨੂੰ ਨਹੀਂ ਜਾਣ ਦੇਣਾ!"

ਉਸ ਨੇ, ਸ਼ਾਇਦ, ਚਾਲੀ ਸਾਲ ਤੋਂ ਆਪਣਾ ਸਿਰ ਨਹੀਂ ਉਠਾਇਆ ਸੀ। ਪਰ ਹੁਣ ਜੋ ਕੁਝ ਵੀ ਉਸ ਦੇ ਦਿਲ ਵਿੱਚ ਉਬਾਲੇ ਖਾਂਦਾ ਰਿਹਾ ਸੀ, ਉਹ ਸਭ ਕੁੱਝ ਜਿਵੇਂ ਕੜ ਪਾੜ ਕੇ ਬਾਹਰ ਆ ਗਿਆ ਸੀ। ਉਸ ਦੀਆਂ ਵਿੰਨ੍ਹਵੀਆਂ ਚੀਕਾਂ ਚਟਾਨਾਂ ਨਾਲ਼ ਟਕਰਾ ਕੇ ਗੂੰਜ ਰਹੀਆਂ ਸਨ। ਉਹ ਦੌੜਦੀ ਹੋਈ ਕਦੀ ਕਿਸੇ ਪਾਸੇ ਤੇ ਕਦੀ ਕਿਸੇ ਪਾਸੇ ਜਾਂਦੀ, ਕਾਇਰਾਂ ਵਾਂਗ ਸਿਰ ਨੀਵਾਂ ਕਰ ਕੇ ਬੈਠੇ ਆਪਣੇ ਖ਼ਾਵੰਦ ਨੂੰ ਗੋਹੇ, ਪੱਥਰ, ਢੀਮਾਂ ਤੇ ਹੋਰ ਜੋ ਵੀ ਹੱਥ ਲੱਗਦਾ, ਮਾਰੀ ਜਾ ਰਹੀ ਸੀ ਤੇ ਨਾਲ਼ ਹੀ ਫਿਟਕਾਰਾਂ ਪਾਈ ਜਾ ਰਹੀ ਸੀਃ

"ਤੇਰਾ ਕੱਖ਼ ਨਾ ਰਹੇ, ਤੈਨੂੰ ਮੌਤ ਪਵੇ! ਤੈਨੂੰ ਦਫ਼ਨਾਉਣ ਵਾਲਾ ਵੀ ਕੋਈ ਨਾ ਮਿਲੇ, ਕਾਂ ਤੇਰੀਆਂ ਅੱਖਾਂ ਕੱਢ ਕੇ ਲੈ ਜਾਣ! ਅੱਲਾ ਕਰੇ, ਤੇਰਾ ਬੂਥਾ ਮੈਨੂੰ ਫਿਰ ਕਦੀ ਵੀ ਨਾ ਦਿਸੇ! ਦੂਰ ਹੋ ਜਾ ਮੇਰੀਆਂ ਅੱਖਾਂ ਤੋਂ, ਰਾਖ਼ਸ਼ਾ, ਦੂਰ ਹੋ ਜਾ, ਦੂਰ ਹੋ ਜਾ, ਦੂਰ ਹੋ ਜਾ!" ਉਸ ਨੇ ਚੀਕ ਕੇ ਆਖਿਆ, ਫਿਰ ਚੁੱਪ ਹੋ ਗਈ ਤੇ ਇਕ ਵਾਰ ਜ਼ੋਰ ਦੀ ਚੀਕ ਮਾਰ ਕੇ ਉਥੋਂ ਦੌੜ ਗਈ। ਇੰਜ ਲਗਦਾ ਸੀ ਜਿਵੇਂ ਉਹ ਹਵਾ ਵਿੱਚ ਉੱਡ ਰਹੇ ਆਪਣੇ ਵਾਲ਼ਾਂ ਤੋਂ ਦੂਰ ਦੌੜੀ ਜਾ ਰਹੀ ਸੀ।

ਉਥੇ ਪਹੁੰਚੇ ਚੁੱਕੇ ਉਸ ਦੇ ਗੁਆਂਢੀ ਉਸ ਨੂੰ ਫੜਨ ਲਈ ਉਸ ਦਾ ਪਿੱਛਾ ਕਰਨ ਲੱਗੇ।

ਮੇਰੀ ਹਾਲਤ ਐਸੀ ਹੋ ਗਈ ਸੀ ਜਿਵੇਂ ਕੋਈ ਡਰਾਉਣਾ ਸੁਪਨਾ ਵੇਖਣ ਮਗਰੋਂ ਸਿਰ ਵਿਚ ਟਸ ਟਸ ਹੋਣ ਲੱਗ ਪੈਂਦਾ ਹੈ। ਮੈਂ ਨਿਮੋਝੂਣੀ ਤੇ ਦਿਲਗੀਰ ਹੋਈ ਘੋੜੇ ਉਤੇ ਚੜ੍ਹੀ ਹੋਈ ਜਾ ਰਹੀ ਸਾਂ। ਦੂਈਸ਼ੇਨ ਲਗਾਮਾਂ ਫੜ ਕੇ ਕੁੱਝ ਅੱਗੇ ਅੱਗੇ ਜਾ ਰਿਹਾ ਸੀ। ਉਹ ਚੁੱਪ ਸੀ ਤੇ ਉਸ ਨੇ ਪੱਟੀਆਂ-ਬੱਧਾ ਆਪਣਾ ਸਿਰ ਸੁੱਟਿਆ ਹੋਇਆ ਸੀ।

ਬੜੇ ਚਿਰ ਮਗਰੋਂ ਉਹ ਕਰਮਾਂ-ਮਾਰੀ ਵਾਦੀ ਪਿੱਛੇ ਰਹਿ ਗਈ। ਮਿਲੀਸ਼ੀਆ ਵਾਲੇ ਚੋਖਾ ਅੱਗੇ ਨਿਕਲ ਗਏ ਸਨ। ਦੂਈਸ਼ੇਨ ਨੇ ਘੋੜੇ ਨੂੰ ਰੋਕਿਆ ਤੇ ਥੱਕੀਆਂ ਨਜ਼ਰਾਂ ਨਾਲ਼ ਪਹਿਲੀ ਵਾਰ ਮੇਰੇ ਵੱਲ ਵੇਖਿਆ।

"ਅਲਤਿਨਾਈ, ਮੈਂ ਤੈਨੂੰ ਬਚਾ ਨਹੀਂ ਸਕਿਆ, ਮੈਨੂੰ ਮਾਫ਼ ਕਰ ਦਈਂ ", ਉਸ ਨੇ ਆਖਿਆ। ਫਿਰ ਉਸ ਨੇ ਮੇਰਾ ਹੱਥ ਫੜਿਆ ਤੇ ਆਪਣੀ ਗੱਲ੍ਹ ਦੇ ਨੇੜੇ ਲੈ ਗਿਆ। "ਜੇ ਤੂੰ ਮੈਨੂੰ ਮਾਫ਼ ਕਰ ਵੀ ਦਏਂ ਤਾਂ ਵੀ ਮੈਂ ਆਪਣੇ ਆਪ ਨੂੰ ਇਸ ਗੱਲ ਲਈ ਕਦੀ ਮਾਫ਼ ਨਹੀਂ ਕਰ ਸਕਾਂਗਾ..."

ਮੈਂ ਫੁਟ ਫੁਟ ਕੇ ਰੋਣ ਲੱਗ ਪਈ ਤੇ ਘੋੜੇ ਦੀ ਅਯਾਲ ਨਾਲ਼ ਲੱਗ ਗਈ। ਜਿੰਨਾ ਚਿਰ ਮੈਂ ਰੋਂਦੀ ਰਹੀ, ਦੂਈਸ਼ੇਨ ਲਾਗੇ ਖਲੋਤਾ ਮੇਰੇ ਵਾਲ਼ਾਂ ਨੂੰ ਪਲੋਸਦਾ ਰਿਹਾ।

"ਧੀਰਜ ਕਰ, ਅਲਤਿਨਾਈ, ਆ ਚੱਲੀਏ", ਆਖ਼ਰ ਉਸ ਨੇ ਆਖਿਆ। "ਮੇਰੀ ਗੱਲ ਧਿਆਨ ਨਾਲ ਸੁਣ। ਤਿੰਨ ਦਿਨ ਹੋਏ ਮੈਂ ਵੋਲੋਸਤ ਗਿਆ ਸਾਂ। ਤੂੰ ਪੜ੍ਹਨ ਵਾਸਤੇ ਸ਼ਹਿਰ ਜਾਏਂਗੀ। ਸੁਣਦੀ ਏਂ?"


Academy of the Punjab in North America: http://www.apnaorg.com

ਜਦੋਂ ਅਸੀਂ ਸ਼ੋਰ ਮਚਾਉਂਦੇ, ਝਿਲਮਿਲ-ਝਿਲਮਿਲ ਕਰਦੇ ਇਕ ਨਾਲ਼ੇ ਲਾਗੇ ਪਹੁੰਚੇ ਤਾਂ ਦੂਈਸ਼ੇਨ ਨੇ ਆਖਿਆ:

"ਅਲਤਿਨਾਈ, ਘੋੜੇ ਉਤੋਂ ਉਤਰ ਤੇ ਮੂੰਹ ਹੱਥ ਧੋ ਲੈ।" ਉਸ ਨੇ ਆਪਣੀ ਜੇਬ ਵਿਚੋਂ ਸਾਬਣ ਦੀ ਚਾਕੀ ਕੱਢੀ। "ਲੈ ਅਲਤਿਨਾਈ, ਚੰਗੀ ਤਰ੍ਹਾਂ ਮਲ ਲਈਂ। ਜੇ ਚਾਹੇਂ ਤਾਂ ਮੈਂ ਇੱਕ ਪਾਸੇ ਜਾ ਕੇ ਘੋੜੇ ਨੂੰ ਘਾਹ ਚਾਰ ਲਿਆਉਂਨਾ, ਤੇ ਤੂੰ ਲੀੜੇ ਲਾਹ ਕੇ ਨਾਲੇ ਵਿੱਚ ਨਹਾ ਲੈ। ਤੇ ਜੋ ਕੁਝ ਹੋਇਆ ਬੀਤਿਆ, ਸਭ ਭੁੱਲ ਜਾ ਤੇ ਇਸ ਨੂੰ ਫਿਰ ਕਦੀ ਵੀ ਯਾਦ ਨਾ ਕਰੀਂ। ਜਾਹ, ਨਹਾ ਲੈ ਚੰਗੀ ਤਰਾਂ ਸਰੀਰ ਹੌਲਾ ਹੋ ਜਾਵੇਗਾ। ਠੀਕ ਏ ਨਾ ?"

ਮੈਂ ਹਾਂ ਵਿਚ ਸਿਰ ਹਿਲਾਇਆ। ਤੇ ਜਦੋਂ ਦੂਈਸ਼ੇਨ ਇਕ ਪਾਸੇ ਚਲਾ ਗਿਆ। ਮੈਂ ਕਪੜੇ ਲਾਹ ਲਏ ਤੇ ਬੜੇ ਧਿਆਨ ਨਾਲ਼ ਪਾਣੀ ਵਿੱਚ ਵੜ ਗਈ। ਪਾਣੀ ਦੀ ਤਹਿ ਹੇਠੋਂ ਚਿੱਟੇ, ਨੀਲੇ, ਹਰੇ, ਲਾਲ ਪੱਥਰ ਝਾਕ ਰਹੇ ਸਨ। ਨੀਲੇ ਜਲ ਦੀ ਤੇਜ਼ ਧਾਰਾ ਮੇਰੇ ਗਿੱਟਿਆਂ ਨੂੰ ਜਲੂਣ ਕਰਦੀ ਹੋਈ ਵਹਿ ਰਹੀ ਸੀ। ਮੈਂ ਪਾਣੀ ਦਾ ਬੁੱਕ ਭਰ ਕੇ ਆਪਣੀ ਛਾਤੀ ਉਤੇ ਛਿਟੇ ਮਾਰੇ। ਸ਼ੀਤਲ ਧਾਰਾਂ ਮੇਰੇ ਸਾਰੇ ਸਰੀਰ ਉਤੇ ਵਹਿ ਤੁਰੀਆਂ ਤੇ ਮੈਂ ਇਹਨਾਂ ਦਿਨਾਂ ਵਿਚ ਪਹਿਲੀ ਵਾਰ ਆਪ ਮੁਹਾਰੇ ਹੱਸ ਪਈ। ਹੱਸਣਾ ਕਿੰਨਾ ਚੰਗਾ ਲਗਦਾ ਸੀ! ਮੈਂ ਕਈ ਵਾਰ ਆਪਣੇ ਸਰੀਰ ਨੂੰ ਪਾਣੀ ਛੁਹਾਇਆ ਤੇ ਫਿਰ ਡੂੰਘੇ ਪਾਣੀ ਵਿਚ ਵੜ ਗਈ। ਪਾਣੀ ਦਾ ਤੇਜ਼ ਵਹਾ ਮੈਨੂੰ ਵਾਪਸ ਘੱਟ ਡੂੰਘੇ ਪਾਣੀ ਵੱਲ ਧੱਕ ਦਿੰਦਾ। ਮੈਂ ਫਿਰ ਉੱਠਦੀ ਤੇ ਛਿਟੇ ਉਡਾਉਂਦੇ ਤੇਜ਼ ਵਹਾ ਵਿਚ ਜਾ ਵੜਦੀ।

"ਪਾਣੀਆ, ਪਾਣੀਆ, ਇਹਨਾਂ ਦਿਨਾਂ ਦੀ ਮੈਲ ਤੇ ਭਿੱਟ ਨੂੰ ਧੋ ਕੇ ਲੈ ਜਾ! ਤੂੰ ਮੈਨੂੰ ਵੀ ਆਪਣੇ ਵਰਗੀ ਹੀ ਸੁੱਚੀ ਬਣਾ ਦੇ!" ਮੈਂ ਫੁਸਫੁਸ ਕੀਤਾ ਤੇ, ਪਤਾ ਨਹੀਂ ਕਿਉਂ, ਹੱਸ ਪਈ।

ਅਜਿਹਾ ਕਿਉਂ ਨਹੀਂ ਹੁੰਦਾ ਕਿ ਲੋਕਾਂ ਦੇ ਨਿਸ਼ਾਨ ਉਹਨਾਂ ਲਈ ਪਿਆਰੀਆਂ ਯਾਦਗਾਰੀ ਥਾਵਾਂ ਉਤੇ ਹਮੇਸ਼ਾਂ ਲਈ ਅਮਿੱਟ ਬਣ ਕੇ ਰਹਿ ਜਾਣ ? ਜੇ ਕਿਤੇ ਹੁਣ ਮੈਂ ਉਹ ਪਗਡੰਡੀ ਲੱਭ ਸਕਦੀ ਹੁੰਦੀ ਜਿਸ ਉਤੇ ਮੈਂ ਤੇ ਦੂਈਸ਼ੇਨ ਪਹਾੜਾਂ ਤੋਂ ਪਰਤੇ ਸਾਂ ਤਾਂ ਮੈਂ ਧਰਤੀ ਉਤੇ ਝੁਕ ਕੇ ਅਧਿਆਪਕ ਦੇ ਕਦਮਾਂ ਦੇ ਨਿਸ਼ਾਨ ਚੁੰਮ ਲੈਂਦੀ। ਮੇਰੇ ਵਾਸਤੇ ਇਹ ਪਗਡੰਡੀ ਸਾਰੇ ਰਸਤਿਆਂ ਦਾ ਰਸਤਾ ਹੈ। ਜ਼ਿੰਦਗੀ ਵੱਲ, ਆਪਣੇ ਅੰਦਰ ਨਵੇਂ ਵਿਸ਼ਵਾਸ ਵੱਲ, ਨਵੀਆਂ ਆਸਾਂ-ਉਮੰਗਾਂ ਵੱਲ, ਚਾਨਣ ਵੱਲ ਮੇਰੀ ਵਾਪਸੀ ਦੀ ਉਹ ਪਗਡੰਡੀ, ਉਹ ਰਸਤਾ ਤੇ ਉਹ ਦਿਨ ਮੁਬਾਰਕ ਹੋਣ...ਉਸ ਵੇਲੇ ਦੇ ਸੂਰਜ ਦਾ ਸ਼ੁਕਰੀਆ, ਉਸ ਵੇਲੇ ਦੀ ਧਰਤੀ ਦਾ ਸ਼ੁਕਰੀਆ।

ਦੋ ਦਿਨ ਮਗਰੋਂ ਦੂਈਸ਼ੇਨ ਮੈਨੂੰ ਰੇਲਵੇ ਸਟੇਸ਼ਨ ਉਤੇ ਲੈ ਗਿਆ।

ਉਸ ਸਾਰੀ ਹੋਈ ਬੀਤੀ ਮਗਰੋਂ ਪਿੰਡ ਵਿਚ ਰਹਿਣ ਨੂੰ ਮੇਰਾ ਦਿਲ ਨਹੀਂ ਕਰਦਾ ਸੀ... ਨਵੀਂ ਜ਼ਿੰਦਗੀ ਨੂੰ ਨਵੀਂ ਜਗ੍ਹਾ ਉਤੇ ਹੀ ਸ਼ੁਰੂ ਕਰਨ ਦੀ ਲੋੜ ਸੀ। ਹਾਂ, ਤੇ ਲੋਕਾਂ ਨੂੰ ਵੀ ਮੇਰਾ ਫ਼ੈਸਲਾ ਠੀਕ ਲੱਗਾ। ਸਾਈਕਾਲ ਤੇ ਕਰਤਨਬਾਈ ਮੈਨੂੰ ਵਿਦਾ ਕਰਨ ਆਏ, ਉਹਨਾਂ ਨੇ ਬੜੀ ਭੱਜ-ਦੌੜ ਕੀਤੀ, ਉਹ ਬੱਚਿਆਂ ਵਾਂਗ ਰੋ ਰਹੇ ਸਨ, ਉਹਨਾਂ ਨੇ ਮੇਰੇ


Academy of the Punjab in North America: http://www.apnaorg.com

ਸਫ਼ਰ ਲਈ ਗਠੜੀਆਂ ਤੇ ਝੋਲੇ ਤਿਆਰ ਕੀਤੇ। ਦੂਸਰੇ ਗੁਆਂਢੀ, ਇਥੋਂ ਤੱਕ ਕਿ ਝਗੜਾਲੂ ਸਾਤਿਮਕੁਲ ਵੀ ਮੈਨੂੰ ਵਿਦਾ ਕਰਨ ਆਏ।

"ਅੱਲਾ-ਤਾਅਲਾ ਤੇਰੇ ਅੰਗ ਸੰਗ ਰਹੇ, ਧੀਏ", ਉਸ ਨੇ ਆਖਿਆ, "ਤੇਰੇ ਰਾਹ ਵਿਚ ਚਾਨਣ ਹੋਵੇ। ਤੂੰ ਘਬਰਾਈਂ ਨਾ ਤੇ ਉਵੇਂ ਹੀ ਕਰੀਂ ਜਿਵੇਂ ਤੇਰਾ ਮਾਸਟਰ ਦੂਈਸ਼ੇਨ ਆਖਦੈ। ਇੰਝ ਤੇਰਾ ਭਲਾ ਹੀ ਹੋਵੇਗਾ। ਕਹਿਣ ਵਾਲ਼ੀ ਗੱਲ ਹੀ ਕਿਹੜੀ ਆ, ਹੁਣ ਤਾਂ ਅਸੀਂ ਵੀ ਕੁਝ ਕੁਝ ਸਮਝਣ ਲੱਗ ਪਏ ਹਾਂ।"

ਸਾਡੇ ਸਕੂਲ ਦੇ ਬੱਚੇ ਦੇਰ ਤਕ ਛਕੜੇ ਦੇ ਪਿੱਛੇ ਦੌੜਦੇ ਰਹੇ ਤੇ ਦੇਰ ਤਕ ਹੱਥ ਹਿਲਾਉਂਦੇ ਰਹੇ...

ਮੇਰੇ ਨਾਲ ਕੁਝ ਹੋਰ ਬੱਚੇ ਵੀ ਸਨ। ਉਹਨਾਂ ਨੂੰ ਵੀ ਤਾਸ਼ਕੰਦ ਦੇ ਇਕ ਯਤੀਮਖ਼ਾਨੇ ਭੇਜ ਦਿੱਤਾ ਗਿਆ ਸੀ। ਸਟੇਸ਼ਨ ਉਤੇ ਚਮੜੇ ਦੀ ਜੈਕਟ ਪਹਿਨੀ ਇਕ ਰੂਸੀ ਔਰਤ ਸਾਡੀ ਉਡੀਕ ਕਰ ਰਹੀ ਸੀ।

ਉਸ ਮਗਰੋਂ ਕਈ ਵਾਰ ਮੈਂ ਪੋਪਲਰਾਂ ਦੇ ਰੁੱਖਾਂ ਨਾਲ਼ ਘਿਰੇ ਇਸ ਛੋਟੇ ਜਿਹੇ ਪਹਾੜੀ ਸਟੇਸ਼ਨ ਥਾਣੀਂ ਲੰਘੀ ਹਾਂ। ਮੈਨੂੰ ਲਗਦਾ ਹੈ ਕਿ ਮੈਂ ਆਪਣਾ ਅੱਧਾ ਦਿਲ ਉਥੇ ਹੀ ਛੱਡ ਆਈ ਹਾਂ।

ਬਹਾਰ ਦੀ ਉਸ ਸ਼ਾਮ ਦੇ ਠੰਡੇ ਬਨਫ਼ਸ਼ੀ ਘੁਸਮੁਸੇ ਵਿਚ ਕੋਈ ਐਸੀ ਉਦਾਸੀ ਸੀ, ਕੋਈ ਐਸਾ ਦਰਦ ਸੀ ਮਾਨੋ ਉਸ ਨੂੰ ਸਾਡੇ ਵਿਛੜ ਜਾਣ ਦਾ ਪਤਾ ਲੱਗ ਗਿਆ ਸੀ। ਦੂਈਸ਼ੇਨ ਇਸ ਗੱਲ ਨੂੰ ਲੁਕਾਉਣ ਦਾ ਜਤਨ ਕਰ ਰਿਹਾ ਸੀ ਕਿ ਉਸ ਦਾ ਦਿਲ ਕਿੰਨਾ ਤੜਪ ਰਿਹਾ ਸੀ, ਕਿੰਨੀ ਪੀੜ ਸੀ ਉਸ ਵਿੱਚ। ਪਰ ਮੈਂ ਤਾਂ ਸਭ ਜਾਣਦੀ ਸਾਂ: ਇਸੇ ਤਰਾਂ ਦੇ ਦਰਦ ਦਾ ਗ਼ੁਬਾਰ ਮੇਰੇ ਗਲ਼ੇ ਵਿੱਚ ਆ ਰੁਕਿਆ ਸੀ। ਦੂਈਸ਼ੇਨ ਨੇ ਟਿਕਟਿਕੀ ਲਾ ਕੇ ਮੇਰੇ ਵੱਲ ਵੇਖਿਆ, ਉਸ ਦੇ ਹੱਥ ਮੇਰੇ ਵਾਲ਼ਾਂ, ਮੇਰੇ ਚਿਹਰੇ, ਇਥੋਂ ਤਕ ਕਿ ਮੇਰੀ ਪੁਸ਼ਾਕ ਦੇ ਬਟਨਾਂ ਨੂੰ ਵੀ ਪਲੋਸ ਰਹੇ ਸਨ।

"ਅਲਤਿਨਾਈ, ਮੈਂ ਤੈਨੂੰ ਆਪਣੇ ਕੋਲੋਂ ਇਕ ਕਦਮ ਵੀ ਦੂਰ ਨਾ ਜਾਣ ਦਿੰਦਾ", ਉਸ ਨੇ ਆਖਿਆ। "ਪਰ ਤੈਨੂੰ ਰੋਕਣ ਦਾ ਮੈਨੂੰ ਕੋਈ ਹੱਕ ਨਹੀਂ। ਤੈਨੂੰ ਪੜ੍ਹਨਾ ਚਾਹੀਦੈ। ਵੇਖੇਂ ਨਾ, ਮੈਂ ਆਪ ਤਾਂ ਬਹੁਤ ਥੋੜ੍ਹਾ ਪੜ੍ਹਿਆ-ਲਿਖਿਆ ਹਾਂ। ਤੂੰ ਚਲੀ ਜਾ, ਇੰਜ ਹੀ ਠੀਕ ਰਹੇਗਾ... ਹੋ ਸਕਦੈ, ਤੂੰ ਸਚਮੁਚ ਦੀ ਅਧਿਆਪਕਾ ਬਣ ਜਾਏਂ, ਫਿਰ ਤੂੰ ਸਾਡੇ ਸਕੂਲ ਨੂੰ ਯਾਦ ਕਰਿਆ ਕਰੇਂਗੀ, ਤੇ ਹੋ ਸਕਦੈ, ਹੱਸਿਆ ਕਰੇਂਗੀ... ਚਲੋ, ਇੰਝ ਹੀ ਹੋਵੇ, ਇੰਝ ਹੀ ਹੋਵੇ..."

ਦੂਰ ਘਾਟੀ ਵਿਚ ਰੇਲ-ਗੱਡੀ ਦੇ ਇੰਜਣ ਦੀ ਗੂੰਜਦੀ ਹੋਈ ਸੀਟੀ ਵਜਦੀ ਸੁਣਾਈ ਦਿੱਤੀ ਤੇ ਰੇਲ-ਗੱਡੀ ਦੀਆਂ ਬੱਤੀਆਂ ਨਜ਼ਰ ਆਉਣ ਲੱਗੀਆਂ। ਸਟੇਸ਼ਨ ਉਤੇ ਲੋਕ ਹਿੱਲਣ ਜੁੱਲਣ ਲੱਗ ਪਏ।

"ਤੇ ਲੈ, ਹੁਣ ਤੂੰ ਚਲੀ ਜਾਏਂਗੀ", ਦੂਈਸ਼ੇਨ ਨੇ ਮੇਰਾ ਹੱਥ ਘੁਟਦਿਆਂ ਕੰਬਦੀ ਆਵਾਜ਼ ਵਿਚ ਆਖਿਆ। "ਤੂੰ ਸੁਖੀ ਰਹੇਂ, ਅਲਤਿਨਾਈ। ਤੇ ਸਭ ਤੋਂ ਵੱਡੀ ਗੱਲ ਇਹ ਹੈ


Academy of the Punjab in North America: http://www.apnaorg.com

ਕਿ ਤੂੰ ਪੜ੍ਹੇਂ, ਦਿਲ ਲਾ ਕੇ ਪੜ੍ਹੇਂ...”

ਮੈਂ ਕੋਈ ਜਵਾਬ ਨਾ ਦੇ ਸਕੀ: ਹੰਝੂਆਂ ਨਾਲ ਮੇਰਾ ਗਲਾ ਰੁੰਧਿਆ ਗਿਆ ਸੀ।

“ਨਾ ਰੋ, ਅਲਤਿਨਾਈ।” ਦੂਈਸ਼ੇਨ ਨੇ ਮੇਰੀਆਂ ਅੱਖਾਂ ਪੂੰਝੀਆਂ। ਤੇ ਫਿਰ ਅਚਾਨਕ ਹੋਰ ਇਹ ਕਿਹਾ, “ਪੋਪਲਰ ਦੇ ਜਿਹੜੇ ਬੂਟੇ ਅਸੀਂ ਮਿਲ ਕੇ ਲਾਏ ਸਨ, ਉਹਨਾਂ ਦੀ ਦੇਖਭਾਲ ਮੈਂ ਆਪ ਕਰਾਂਗਾ। ਤੇ ਜਦੋਂ ਤੂੰ ਵੱਡੀ ਬਣ ਕੇ ਇਥੇ ਵਾਪਸ ਆਏਂਗੀ ਤਾਂ ਵੇਖੇਂਗੀ ਕਿ ਇਹ ਕਿੰਨੇ ਸੁਹਣੇ ਨਿਕਲਣਗੇ।”

ਏਨੇ ਨੂੰ ਰੇਲ-ਗੱਡੀ ਆ ਗਈ। ਉਸ ਦੇ ਪਹੀਏ ਚੀਕਦੇ, ਗਰਜਦੇ ਹੋਏ ਰੁਕ ਗਏ।

“ਚੰਗਾ ਫਿਰ, ਹੁਣ ਵਿਦਾ ਹੋਈਏ!” ਦੂਈਸ਼ੇਨ ਨੇ ਮੈਨੂੰ ਆਪਣੀਆਂ ਬਾਂਹਵਾਂ ਵਿੱਚ ਭਰ ਲਿਆ ਤੇ ਮੇਰੇ ਮੱਥੇ ਨੂੰ ਘੁੱਟ ਕੇ ਚੁੰਮਿਆ। “ਅਲਵਿਦਾ, ਅਲਤਿਨਾਈ, ਤੇਰਾ ਸਫ਼ਰ ਚੰਗਾ ਰਹੇ, ਅਲਵਿਦਾ, ਮੇਰੀ ਪਿਆਰੀ... ਤੂੰ ਘਬਰਾਈਂ ਬਿਲਕੁਲ ਨਾ, ਹਿੰਮਤ ਤੋਂ ਕੰਮ ਲਈਂ।”

ਮੈਂ ਗੱਡੀ ਦੇ ਪਾਏਦਾਨ ਉਤੇ ਚੜ੍ਹ ਗਈ ਤੇ ਪਿਛੇ ਮੁੜ ਕੇ ਵੇਖਿਆ। ਮੈਂ ਇਸ ਨਜ਼ਾਰੇ ਨੂੰ ਕਦੀ ਵੀ ਭੁਲ ਨਹੀਂ ਸਕਦੀ: ਉਥੇ ਦੂਈਸ਼ੇਨ ਖਲੋਤਾ ਹੋਇਆ ਸੀ, ਉਸ ਦੀ ਟੁੱਟੀ ਹੋਈ ਬਾਂਹ ਪੱਟੀ ਵਿੱਚ ਲਟਕ ਰਹੀ ਸੀ, ਉਸ ਦੀਆਂ ਅੱਖਾਂ ਨਮ ਸਨ। ਅਚਾਨਕ ਉਹ ਅੱਗੇ ਵਧਿਆ, ਜਿਵੇਂ ਮੈਨੂੰ ਛੁਹਣਾ ਚਾਹੁੰਦਾ ਹੋਵੇ, ਪਰ ਉਸ ਵੇਲੇ ਗੱਡੀ ਤੁਰ ਪਈ।

“ਅਲਵਿਦਾ, ਅਲਤਿਨਾਈ, ਅਲਵਿਦਾ, ਮੇਰੀਆਂ ਅੱਖਾਂ ਦੇ ਤਾਰੇ!” ਉਸ ਨੇ ਚਿੱਲਾ ਕੇ ਆਖਿਆ।

“ਅਲਵਿਦਾ, ਮਾਸਟਰ ਜੀ, ਅਲਵਿਦਾ, ਮੇਰੇ ਪਿਆਰੇ ਅਧਿਆਪਕ!”

ਦੂਈਸ਼ੇਨ ਗੱਡੀ ਦੇ ਡੱਬੇ ਦੇ ਨਾਲ਼-ਨਾਲ਼ ਦੌੜਨ ਲੱਗਾ, ਫਿਰ ਪਿਛੇ ਰਹਿ ਗਿਆ ਤੇ ਅੰਤ ਵਿੱਚ ਇਕ ਹੰਬਲਾ ਮਾਰ ਕੇ ਅੱਗੇ ਵਧਿਆ ਤੇ ਚੀਕਿਆ:

“ਅਲ-ਤਿਨਾ-ਈ!”

ਉਹ ਇੰਜ ਕੂਕਿਆ ਜਿਵੇਂ ਮੈਨੂੰ ਕੋਈ ਗੱਲ ਦੱਸਣੀ ਭੁੱਲ ਗਿਆ ਹੋਵੇ, ਜਿਸ ਦਾ ਉਸ ਨੂੰ ਹੁਣੇ ਹੀ ਚੇਤਾ ਆਇਆ ਸੀ, ਪਰ ਹੁਣ ਤਾਂ ਵੇਲਾ ਹੱਥੋਂ ਜਾਂਦਾ ਰਿਹਾ ਸੀ...ਅੱਜ ਵੀ ਮੇਰੇ ਕੰਨਾਂ ਵਿੱਚ ਉਸ ਦੀ ਆਵਾਜ਼ ਗੂੰਜ ਰਹੀ ਹੈ ਜੋ ਉਸ ਦੇ ਦਿਲ ਦੀ ਹੂਕ ਸੀ, ਜਿਹੜੀ ਉਸ ਦੀ ਆਤਮਾ ਦੀ ਗਹਿਰਾਈ ਵਿਚੋਂ ਨਿਕਲੀ ਸੀ...

ਗੱਡੀ ਇਕ ਸੁਰੰਗ ਥਾਣੀਂ ਲੰਘੀ, ਤੇ ਫਿਰ ਸਿੱਧੀ ਲਾਈਨ ਉਤੇ ਅੱਗੇ ਵਧਣ ਲੱਗੀ। ਉਸ ਦੀ ਰਫ਼ਤਾਰ ਤੇਜ਼ ਹੁੰਦੀ ਗਈ ਤੇ ਉਹ ਇਕ ਪੰਛੀ ਵਾਂਗ ਉੱਡਦੀ ਹੋਈ ਮੈਨੂੰ ਕਜ਼ਾਖ਼ਸਤਾਨ ਦੀ ਸਤੇਪੀ ਦੇ ਪੱਧਰੇ ਮੈਦਾਨਾਂ ਵਿੱਚੋਂ ਦੀ ਨਵੀਂ ਜ਼ਿੰਦਗੀ ਵੱਲ ਲਈ ਜਾ ਰਹੀ ਸੀ...

ਅਲਵਿਦਾ, ਮਾਸਟਰ ਜੀ, ਅਲਵਿਦਾ, ਮੇਰਾ ਬਚਪਨ, ਅਲਵਿਦਾ, ਮੇਰੀ ਪਹਿਲੀ ਮੁਹੱਬਤ, ਜਿਸ ਨੂੰ ਮੈਂ ਕਦੀ ਜ਼ਬਾਨ ਉਤੇ ਨਹੀਂ ਲਿਆ ਸਕੀ...

ਹਾਂ, ਤੇ ਫਿਰ ਮੈਂ ਇਕ ਵੱਡੇ ਸ਼ਹਿਰ ਵਿਚ ਪੜ੍ਹੀ, ਜਿਸ ਦੇ ਦੂਈਸ਼ੇਨ ਸੁਪਨੇ ਲਿਆ



Academy of the Punjab in North America: http://www.apnaorg.com

ਕਰਦਾ ਸੀ, ਵੱਡੀਆਂ ਵੱਡੀਆਂ ਖਿੜਕੀਆਂ ਵਾਲ਼ੇ ਸਕੂਲਾਂ ਵਿੱਚ ਪੜ੍ਹੀ, ਜਿਨ੍ਹਾਂ ਬਾਰੇ ਦੂਈਸ਼ੇਨ ਦੱਸਿਆ ਕਰਦਾ ਸੀ। ਮਗਰੋਂ ਮੈਂ ਕਿਰਤੀ-ਵਿਭਾਗ* ਦੀ ਪੜ੍ਹਾਈ ਪੂਰੀ ਕੀਤੀ ਤੇ ਮੈਨੂੰ ਇਨਸਟੀਚਿਊਟ ਵਿੱਚ ਪੜ੍ਹਨ ਵਾਸਤੇ ਮਾਸਕੋ ਭੇਜ ਦਿੱਤਾ ਗਿਆ।

ਪੜ੍ਹਾਈ ਦੇ ਲੰਮੇ ਸਾਲਾਂ ਵਿੱਚ ਮੈਨੂੰ ਕਿੰਨੀਆਂ ਹੀ ਔਕੜਾਂ ਦਾ ਮੂੰਹ ਵੇਖਣਾ ਪਿਆ ਸੀ, ਕਿੰਨੀ ਹੀ ਵਾਰ ਮੈਨੂੰ ਨਿਰਾਸ਼ਾ ਹੋਈ ਸੀ, ਮੈਨੂੰ ਲਗਦਾ ਕਿ ਮੈਂ ਵਿਗਿਆਨ ਦੇ ਗਹਿਰੇ ਭੇਦਾਂ ਦੀ ਥਾਹ ਨਹੀਂ ਪਾ ਸਕਾਂਗੀ। ਪਰ ਹਰ ਵਾਰ ਔਖੀ ਤੋਂ ਔਖੀ ਘੜੀ ਵੀ ਮੈਂ ਆਪਣੇ ਉਸ ਵਚਨ ਵੱਲ ਵਫ਼ਾਦਾਰ ਰਹਿੰਦੀ ਜਿਹੜਾ ਮੈਂ ਆਪਣੇ ਪਹਿਲੇ ਅਧਿਆਪਕ ਨੂੰ ਦਿੱਤਾ ਸੀ ਤੇ ਪਿੱਛੇ ਹਟਣ ਦਾ ਮੇਰਾ ਹੌਂਸਲਾ ਨਾ ਪਿਆ। ਜਿਹੜੀ ਗੱਲ ਦੂਸਰਿਆਂ ਦੀ ਸਮਝ ਵਿੱਚ ਪਹਿਲੀ ਵਾਰ ਹੀ ਆ ਜਾਂਦੀ ਸੀ, ਉਸ ਨੂੰ ਸਮਝਣ ਵਾਸਤੇ ਮੈਨੂੰ ਸਖ਼ਤ ਘਾਲਣਾ ਘਾਲਣੀ ਪੈਂਦੀ ਸੀ। ਕਾਰਨ ਇਹ ਸੀ ਕਿ ਮੈਨੂੰ ਸਭ ਕੁਝ ਮੁੱਢੋਂ-ਸੁੱਢੋਂ ਸ਼ੁਰੂ ਕਰਨਾ ਪਿਆ ਸੀ।

ਜਦੋਂ ਮੈਂ ਕਿਰਤੀ-ਵਿਭਾਗ ਵਿੱਚ ਪੜ੍ਹਦੀ ਹੁੰਦੀ ਸਾਂ ਤਾਂ ਅਧਿਆਪਕ ਨੂੰ ਇੱਕ ਚਿੱਠੀ ਲਿਖੀ ਸੀ ਕਿ ਮੈਂ ਉਸ ਨੂੰ ਪਿਆਰ ਕਰਦੀ ਹਾਂ ਅਤੇ ਉਸ ਦੀ ਉਡੀਕ ਕਰ ਰਹੀ ਹਾਂ। ਪਰ ਉਸ ਨੇ ਕੋਈ ਜਵਾਬ ਨਾ ਦਿੱਤਾ। ਤੇ ਇਸ ਨਾਲ਼ ਹੀ ਸਾਡੇ ਚਿੱਠੀ-ਪੱਤਰ ਦਾ ਅੰਤ ਹੋ ਗਿਆ। ਮੇਰਾ ਖ਼ਿਆਲ ਹੈ ਕਿ ਉਸ ਨੇ ਮੇਰੇ ਤੇ ਆਪਣੇ ਪਿਆਰ ਨੂੰ ਇਸ ਲਈ ਕੁਰਬਾਨ ਕਰ ਦਿੱਤਾ ਸੀ ਤਾਂ ਜੋ ਮੇਰੀ ਪੜ੍ਹਾਈ ਵਿੱਚ ਵਿਘਨ ਨਾ ਪਵੇ। ਹੋ ਸਕਦਾ ਹੈ ਕਿ ਉਸ ਨੇ ਠੀਕ ਹੀ ਕੀਤਾ ਹੋਵੇ... ਤੇ ਇਹ ਵੀ ਹੋ ਸਕਦਾ ਹੈ ਕਿ ਇਸ ਦਾ ਕੋਈ ਹੋਰ ਕਾਰਨ ਹੋਵੇ? ਓਦੋਂ ਮੈਂ ਕਿੰਨੀ ਦੁਖੀ ਹੋਈ ਸਾਂ, ਕਿੰਨਾ ਜ਼ਿਆਦਾ ਸੋਚਿਆ ਸੀ...

ਆਪਣਾ ਪਹਿਲਾ ਖੋਜ-ਨਿਬੰਧ ਮੈਂ ਮਾਸਕੋ ਵਿੱਚ ਪੇਸ਼ ਕੀਤਾ। ਉਸ ਨੂੰ ਮਨਜ਼ੂਰ ਕਰ ਲਿਆ ਜਾਣਾ ਮੇਰੇ ਵਾਸਤੇ ਇਕ ਮਹਾਨ ਤੇ ਗੰਭੀਰ ਪ੍ਰਾਪਤੀ ਸੀ। ਇਸ ਸਾਰੇ ਸਮੇਂ ਦੌਰਾਨ ਮੈਂ ਇੱਕ ਵਾਰ ਵੀ ਪਿੰਡ ਨਾ ਜਾ ਸਕੀ। ਫਿਰ ਜੰਗ ਛਿੜ ਪਈ। ਪਤਝੜ ਦੇ ਆਖ਼ਰੀ ਦਿਨਾਂ ਵਿਚ, ਜਦੋਂ ਸਾਨੂੰ ਸਾਡੀ ਹਿਫ਼ਾਜ਼ਤ ਵਾਸਤੇ ਮਾਸਕੋ ਵਿੱਚੋਂ ਕੱਢ ਕੇ ਫਰੁੰਜ਼ੇ ਸ਼ਹਿਰ ਲੈ ਕੇ ਜਾ ਰਹੇ ਸਨ ਤਾਂ ਮੈਂ ਉਸੇ ਸਟੇਸ਼ਨ ਉਤੇ ਗੱਡੀ ਤੋਂ ਉਤਰ ਗਈ ਜਿਸ ਉਤੇ ਅਧਿਆਪਕ ਨੇ ਮੈਨੂੰ ਵਿਦਾ ਕੀਤਾ ਸੀ। ਚੰਗੀ ਕਿਸਮਤ ਨੂੰ ਮੈਨੂੰ ਇਕ ਛਕੜਾ ਮਿਲ ਗਿਆ ਜਿਸ ਨੇ ਸਾਡੇ ਪਿੰਡ ਥਾਣੀਂ ਹੋ ਕੇ ਰਾਜਕੀ ਫ਼ਾਰਮ ਵੱਲ ਜਾਣਾ ਸੀ।

ਹੇ ਮੇਰੀ ਪਿਆਰੀ ਜਨਮ-ਭੂਮੀ! ਜੰਗ ਦੇ ਇਨ੍ਹਾਂ ਔਖੇ ਦਿਨਾਂ ਵਿੱਚ ਮੈਨੂੰ ਤੇਰੇ ਦਰਸ਼ਨ ਕਰਨ ਦਾ ਸ਼ੁਭ-ਅਵਸਰ ਮਿਲਿਆ ਹੈ! ਇਹ ਵੇਖ ਕੇ ਮੇਰਾ ਚਿਤ ਬੜਾ ਹੀ ਪ੍ਰਸੰਨ ਹੋਇਆ ਕਿ ਸਾਡੀ ਧਰਤੀ ਦੀ ਨੁਹਾਰ ਹੀ ਬਦਲ ਗਈ ਸੀ: ਨਵੇਂ ਨਵੇਂ ਪਿੰਡ ਵੱਸ ਗਏ ਸਨ, ਦੂਰ ਦੂਰ ਤਕ ਖੇਤ ਫੈਲੇ ਹੋਏ ਸਨ, ਨਵੀਆਂ ਸੜਕਾਂ ਤੇ ਪੁਲ ਉੱਸਰ ਗਏ ਸਨ-ਪਰ ਇਸ

---

*** ਕਿਰਤੀ-ਵਿਭਾਗ—** ਸੋਵੀਅਤ ਯੂਨੀਅਨ ਵਿੱਚ 1919 ਤੋਂ 1940 ਤਕ ਇਕ ਵਿਦਿਅਕ ਸੰਸਥਾ ਦਾ ਨਾਂ ਜਿਸ ਵਿੱਚ ਉਨ੍ਹਾਂ ਮੁੰਡਿਆਂ ਤੇ ਕੁੜੀਆਂ ਨੂੰ ਉਚ-ਵਿਦਿਅਕ ਸੰਸਥਾਵਾਂ ਵਿੱਚ ਦਾਖ਼ਲਾ ਲੈਣ ਲਈ ਤਿਆਰ ਕੀਤਾ ਜਾਂਦਾ ਸੀ ਜਿਹਨਾਂ ਨੇ ਪਹਿਲਾਂ ਦਰਮਿਆਨੀ ਵਿਦਿਆ ਪ੍ਰਾਪਤ ਨਹੀਂ ਕੀਤੀ ਸੀ। **—ਸੰਪਾ:**



Academy of the Punjab in North America: http://www.apnaorg.com

ਮਿਲਣੀ ਉਤੇ ਜੰਗ ਦਾ ਮਨਹੂਸ ਪਰਛਾਵਾਂ ਪੈ ਗਿਆ ਸੀ।

ਜਿਉਂ ਜਿਉਂ ਪਿੰਡ ਨੇੜੇ ਆਉਂਦਾ ਗਿਆ ਤਿਉਂ ਤਿਉਂ ਮੇਰੇ ਦਿਲ ਦੀ ਧੜਕਣ ਤੇਜ਼ ਹੁੰਦੀ ਗਈ। ਮੈਂ ਨਵੀਆਂ, ਅਮਜਾਤੀਆਂ ਗਲੀਆਂ, ਨਵੇਂ ਘਰਾਂ ਤੇ ਬਾਗ਼ਾਂ ਨੂੰ ਬੜੇ ਧਿਆਨ ਨਾਲ ਵੇਖ ਰਹੀ ਸਾਂ। ਫਿਰ ਮੇਰਾ ਧਿਆਨ ਉਸ ਟਿੱਲੇ ਵੱਲ ਗਿਆ ਜਿਥੇ ਸਾਡਾ ਸਕੂਲ ਹੁੰਦਾ ਸੀ, ਮੇਰਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਤੇ ਹੀ ਰਹਿ ਗਿਆ—ਟਿੱਲੇ ਉਤੇ ਲਾਗੇ ਲਾਗੇ ਦੋ ਵੱਡੇ ਵੱਡੇ ਪੋਪਲਰ-ਰੁੱਖ ਸਨ। ਉਹ ਹਵਾ ਵਿੱਚ ਝੂਮ ਰਹੇ ਸਨ। ਤੇ ਪਹਿਲੀ ਵਾਰ ਮੈਂ ਉਸ ਆਦਮੀ ਦਾ ਨਾਂ ਮੂੰਹੋਂ ਉਚਾਰਿਆ ਜਿਸ ਨੂੰ ਮੈਂ ਸਾਰੀ ਜ਼ਿੰਦਗੀ ਮਾਸਟਰ ਜੀ ਹੀ ਆਖਦੀ ਹੁੰਦੀ ਸਾਂ।

"ਦੂਈਸ਼ੇਨ!" ਮੈਂ ਫੁਸਫੁਸਾਈ। "ਤੇਰਾ ਸ਼ੁਕਰੀਆ, ਦੂਈਸ਼ੇਨ, ਮੇਰੇ ਲਈ ਕੀਤੇ ਹਰ ਕੰਮ ਵਾਸਤੇ! ਤੂੰ ਮੈਨੂੰ ਭੁਲਿਆ ਨਹੀਂ, ਤੂੰ ਮੇਰੇ ਬਾਰੇ ਸੋਚਦਾ ਰਿਹੈਂ...ਇਹ ਗੱਲ ਕਿੰਨੀ ਸ਼ੋਭਦੀ ਏ ਤੈਨੂੰ!..."

ਅਥਰੂਆਂ ਨਾਲ ਭਿੱਜਾ ਮੇਰਾ ਚਿਹਰਾ ਵੇਖ ਕੇ ਗਾਡੀਵਾਨ ਮੁੰਡਾ ਫਿਕਰਮੰਦ ਹੋ ਉਠਿਆ:

"ਤੁਹਾਨੂੰ ਕੀ ਹੋਇਐ?"

"ਕੁਝ ਨਹੀਂ, ਐਵੇਂ ਈ। ਤੂੰ ਇਸ ਸਾਂਝੇ ਫ਼ਾਰਮ ਵਿਚੋਂ ਕਿਸੇ ਨੂੰ ਜਾਣਦੈਂ?"

"ਬੇਸ਼ਕ, ਜਾਣਦੈਂ। ਇਥੇ ਸਾਰੇ ਆਪਣੇ ਹੀ ਬੰਦੇ ਨੇ।"

"ਤੇ ਦੂਈਸ਼ੇਨ ਨੂੰ ਜਾਣਦੈਂ, ਜਿਹੜਾ ਮਾਸਟਰ ਹੁੰਦਾ ਸੀ?"

"ਦੂਈਸ਼ੇਨ? ਉਹ ਤਾਂ ਫ਼ੌਜ ਵਿੱਚ ਭਰਤੀ ਹੋ ਗਿਐ। ਮੈਂ ਉਸ ਨੂੰ ਇਸੇ ਛਕੜੇ ਉਤੇ ਚੜ੍ਹਾ ਕੇ ਸਾਂਝੇ ਫ਼ਾਰਮ ਤੋਂ ਫ਼ੌਜੀ ਦਫ਼ਤਰ ਲੈ ਕੇ ਗਿਆ ਸਾਂ।"

ਪਿੰਡ ਵਿੱਚ ਵੜਨ ਲੱਗਿਆਂ ਮੈਂ ਮੁੰਡੇ ਨੂੰ ਰੁਕਣ ਵਾਸਤੇ ਕਿਹਾ ਤੇ ਛਕੜੇ ਤੋਂ ਉਤਰ ਗਈ। ਮੈਂ ਉਤਰ ਕੇ ਸੋਚੀਂ ਪੈ ਗਈ। ਮੈਂ ਇਸ ਗੱਲ ਦਾ ਫੈਸਲਾ ਨਾ ਕਰ ਸਕੀ ਕਿ ਮੁਸੀਬਤ ਦੇ ਸਮੇਂ ਘਰ ਘਰ ਜਾ ਕੇ ਆਪਣੀ ਜਾਣ-ਪਛਾਣ ਵਾਲੇ ਲੋਕਾਂ ਨੂੰ ਲੱਭਾਂ ਤੇ ਉਹਨਾਂ ਕੋਲੋਂ ਇਹ ਪੁੱਛਾਂ ਕਿ ਉਹ ਮੈਨੂੰ ਪਛਾਣਦੇ ਹਨ ਕਿ ਨਹੀਂ, ਅਤੇ ਉਹਨਾਂ ਨੂੰ ਇਹ ਦੱਸਾਂ ਕਿ ਮੈਂ ਉਹਨਾਂ ਦੇ ਪਿੰਡ ਦੀ ਹੀ ਜੰਮਪਲ ਹਾਂ। ਦੂਈਸ਼ੇਨ ਤਾਂ ਫ਼ੌਜ ਵਿਚ ਜਾ ਚੁੱਕਾ ਸੀ। ਇਸ ਤੋਂ ਇਲਾਵਾ, ਮੈਂ ਸਹੁੰ ਖਾਧੀ ਹੋਈ ਸੀ ਕਿ ਮੈਂ ਉਸ ਘਰ ਵਿੱਚ ਮੁੜ ਕਦੀ ਵੀ ਪੈਰ ਨਹੀਂ ਪਾਵਾਂਗੀ ਜਿਥੇ ਮੇਰਾ ਚਾਚਾ ਤੇ ਚਾਚੀ ਰਹਿੰਦੇ ਸਨ। ਲੋਕਾਂ ਦੇ ਕਈ ਗੁਨਾਹ ਮੁਆਫ਼ ਕੀਤੇ ਜਾ ਸਕਦੇ ਹਨ ਪਰ ਮੈਂ ਸੋਚਦੀ ਹਾਂ ਕਿ ਐਸਾ ਗੁਨਾਹ ਕਦੀ ਵੀ, ਕੋਈ ਵੀ ਮੁਆਫ਼ ਨਹੀਂ ਕਰ ਸਕਦਾ। ਮੈਂ ਤਾਂ ਏਨਾ ਵੀ ਨਹੀਂ ਚਾਹੁੰਦੀ ਸਾਂ ਕਿ ਉਹਨਾਂ ਨੂੰ ਮੇਰੇ ਪਿੰਡ ਆਉਣ ਬਾਰੇ ਪਤਾ ਲੱਗੇ। ਮੈਂ ਸੜਕ ਤੋਂ ਉਤਰ ਕੇ ਟਿੱਲੇ ਉਤੇ ਖੜੇ ਦੋ ਪੋਪਲਰਾਂ ਵੱਲ ਚਲੀ ਗਈ।

ਵਾਹ, ਪੋਪਲਰੋ, ਪੋਪਲਰੋ! ਉਸ ਵੇਲੇ ਤੋਂ ਕਿੰਨਾ ਪਾਣੀ ਪੁਲਾਂ ਹੇਠੋਂ ਲੰਘ ਚੁੱਕਾ ਹੈ, ਜਦੋਂ ਤੁਸੀਂ ਅਜੇ ਛੋਟੇ ਛੋਟੇ ਬੂਟੇ ਹੁੰਦੇ ਸੀ ਤੇ ਤੁਹਾਡੇ ਤਣੇ ਨੀਲੱਤਣ ਦੀ ਭਾਹ ਮਾਰਦੇ ਸਨ! ਉਹ ਸਾਰੀਆਂ ਗੱਲਾਂ ਸੱਚੀਆਂ ਸਾਬਤ ਹੋਈਆਂ ਹਨ ਜਿਨ੍ਹਾਂ ਦੇ ਸੁਪਨੇ ਤੁਹਾਨੂੰ ਲਾਉਣ ਤੇ ਪਾਲਣ ਵਾਲ਼ਾ ਇਨਸਾਨ ਲਿਆ ਕਰਦਾ ਸੀ, ਜਿਨ੍ਹਾਂ ਦੀ ਉਸ ਨੇ ਪੇਸ਼ਗੋਈ ਕੀਤੀ।


Academy of the Punjab in North America: http://www.apnaorg.com

ਤੁਸੀਂ ਏਨੀ ਉਦਾਸੀ ਵਿੱਚ ਕੀ ਅਲਾਪ ਰਹੇ ਹੋ, ਕਿਉਂ ਦੁਖੀ ਹੋ ਰਹੇ ਹੋ ? ਜਾਂ ਫਿਰ ਤੁਹਾਨੂੰ ਇਹ ਸ਼ਿਕਾਇਤ ਹੈ ਕਿ ਸਿਆਲ ਨੇੜੇ ਆਉਂਦਾ ਜਾ ਰਿਹਾ ਹੈ ਅਤੇ ਠੰਡੀਆਂ ਸੀਤ ਹਵਾਵਾਂ ਤੁਹਾਡੇ ਪੱਤੇ ਮਰੁੰਡੀ ਜਾ ਰਹੀਆਂ ਹਨ ? ਜਾਂ ਫਿਰ ਤੁਹਾਡੇ ਤਣਿਆਂ ਵਿੱਚ ਲੋਕਾਂ ਦਾ ਦੁਖ-ਦਰਦ ਭਰਿਆ ਗਿਆ ਹੈ ?

ਹਾਂ, ਸਿਆਲ ਨੇ ਅਜੇ ਆਉਣਾ ਹੈ, ਕੜਾਕੇ ਦੀ ਠੰਡ ਪੈਣੀ ਹੈ, ਭਿਅੰਕਰ ਬਰਫ਼ਾਨੀ ਤੂਫ਼ਾਨ ਆਉਣਗੇ ਪਰ ਬਹਾਰ ਵੀ ਜ਼ਰੂਰ ਹੀ ਆਵੇਗੀ...

ਮੈਂ ਉਥੇ ਦੇਰ ਤਕ ਖਲੋਤੀ ਪੋਪਲਰਾਂ ਦੀ ਪਤਝੜੀ ਸਰਸਰਾਹਟ ਸੁਣਦੀ ਰਹੀ। ਪੋਪਲਰਾਂ ਦੇ ਪੈਰਾਂ ਹੇਠ ਵਹਿਣ ਵਾਲੀ ਸਿੰਜਾਈ-ਨਹਿਰ ਕਿਸੇ ਨੇ ਖਾਲ ਦਿੱਤੀ ਹੋਈ ਸੀ। ਜ਼ਮੀਨ ਉਤੇ ਕਹੀ ਦੇ ਗਹਿਰੇ, ਲਗਭਗ ਸੱਜਰੇ ਨਿਸ਼ਾਨ ਅਜੇ ਵੀ ਵਿਖਾਈ ਦੇ ਰਹੇ ਸਨ। ਭਰੀ ਨਹਿਰ ਵਿੱਚ ਖੜਾ ਪਾਣੀ ਹਲਕੇ ਹਲਕੇ ਲਿਸ਼ਕਾਰੇ ਮਾਰ ਰਿਹਾ ਸੀ ਅਤੇ ਇਸ ਉਤੇ ਪੋਪਲਰਾਂ ਦੇ ਪੀਲੇ ਪੈ ਚੁੱਕੇ ਪੱਤੇ ਅਠਖੇਲੀਆਂ ਕਰ ਰਹੇ ਸਨ।

ਉਸ ਟਿੱਲੇ ਤੋਂ ਪਿੰਡ ਦੇ ਨਵੇਂ ਸਕੂਲ ਦੀ ਰੰਗੀ ਹੋਈ ਛੱਤ ਨਜ਼ਰ ਆ ਰਹੀ ਸੀ ਤੇ ਸਾਡੇ ਸਕੂਲ ਦਾ ਕੋਈ ਨਾਮੋ-ਨਿਸ਼ਾਨ ਨਹੀਂ ਰਿਹਾ ਸੀ।

ਉਸ ਮਗਰੋਂ ਮੈਂ ਟਿੱਲੇ ਤੋਂ ਉਤਰ ਕੇ ਸੜਕ ਉਤੇ ਆ ਗਈ ਅਤੇ ਉਸ ਉਤੇ ਜਾ ਰਹੇ ਇਕ ਛਕੜੇ ਉਤੇ ਬੈਠ ਕੇ ਸਟੇਸ਼ਨ ਵੱਲ ਚਲੀ ਗਈ।

ਜੰਗ ਲੜੀ ਗਈ ਤੇ ਫਿਰ ਜਿੱਤ ਦੀ ਘੜੀ ਆਈ। ਲੋਕਾਂ ਨੂੰ ਕੌੜੇ ਸੁਖ਼ ਦਾ ਕਿੰਨਾ ਅਨੁਭਵ ਹੋਇਆ ਸੀ: ਬੱਚੇ ਆਪਣੇ ਪਿਉਵਾਂ ਦੇ ਫੌਜੀ ਥੈਲੇ ਚੁੱਕ ਕੇ ਸਕੂਲਾਂ ਵੱਲ ਦੌੜ ਗਏ, ਮਰਦਾਂ ਦੇ ਹੱਥ ਫਿਰ ਕਿਰਤ ਨੂੰ ਲੱਗ ਗਏ, ਫੌਜੀਆਂ ਦੀਆਂ ਵਿਧਵਾਵਾਂ ਰੋਣ ਧੋਣ ਮਗਰੋਂ ਆਖ਼ਰ ਸਬਰ ਕਰ ਕੇ ਬੈਠ ਗਈਆਂ। ਪਰ ਕਈ ਅਜਿਹੀਆਂ ਔਰਤਾਂ ਵੀ ਸਨ ਜਿਹੜੀਆਂ ਅਜੇ ਵੀ ਆਪਣੇ ਸਕੇ-ਸੰਬੰਧੀਆਂ ਦੇ ਪਰਤਣ ਦੀਆਂ ਆਸਾਂ ਲਾਈ ਬੈਠੀਆਂ ਸਨ। ਵੇਖੋ ਨਾ, ਸਾਰੇ ਹੀ ਇਕੋ ਵੇਲੇ ਤਾਂ ਪਰਤ ਨਹੀਂ ਆਏ ਸਨ।

ਮੈਨੂੰ ਵੀ ਕੋਈ ਪਤਾ ਨਹੀਂ ਸੀ ਕਿ ਦੂਈਸ਼ੇਨ ਦਾ ਕੀ ਬਣਿਆ ਸੀ। ਸ਼ਹਿਰ ਆਉਣ ਵਾਲੇ ਮੇਰੇ ਪਿੰਡ-ਵਾਸੀਆਂ ਨੇ ਦੱਸਿਆ ਸੀ ਕਿ ਦੂਈਸ਼ੇਨ ਲਾਪਤਾ ਹੈ। ਗ੍ਰਾਮ-ਸੋਵੀਅਤ ਨੂੰ ਮਿਲੀ ਚਿੱਠੀ ਵਿੱਚ ਇਹੋ ਗੱਲ ਲਿਖੀ ਹੋਈ ਸੀ।

"ਹੋ ਸਕਦੈ, ਮਾਰਿਆ ਹੀ ਗਿਆ ਹੋਵੇ", ਉਹ ਕਿਆਸ-ਅਰਾਈਆਂ ਕਰਦੇ, "ਵਕਤ ਗੁਜ਼ਰਦਾ ਜਾ ਰਿਹੈ ਤੇ ਉਸ ਦੀ ਕੋਈ ਉੱਘ-ਸੁੱਘ ਨਹੀਂ ਮਿਲੀ।"

"ਇਸ ਦਾ ਮਤਲਬ ਇਹ ਹੋਇਆ ਕਿ ਮੇਰਾ ਅਧਿਆਪਕ ਹੁਣ ਮੁੜ ਕੇ ਨਹੀਂ ਆਵੇਗਾ", ਮੈਂ ਕਦੀ ਕਦੀ ਸੋਚਦੀ। "ਉਸ ਯਾਦਗਾਰੀ ਦਿਨ ਤੋਂ ਬਾਅਦ, ਜਦੋਂ ਅਸੀਂ ਸਟੇਸ਼ਨ ਉਤੇ ਵਿਦਾ ਹੋਏ ਸਾਂ, ਸਾਨੂੰ ਕਦੀ ਵੀ ਮਿਲਣ ਦਾ ਮੌਕਾ ਨਹੀਂ ਮਿਲਿਆ ਸੀ..."

ਕਦੀ ਕਦਾਈਂ ਬੀਤੇ ਦੀਆਂ ਗੱਲਾਂ ਨੂੰ ਯਾਦ ਕਰਦਿਆਂ ਮੈਨੂੰ ਇਸ ਗੱਲ ਦਾ ਭਰਮ ਤਕ ਨਾ ਹੁੰਦਾ ਕਿ ਮੇਰੇ ਦਿਲ ਵਿੱਚ ਏਨਾ ਗ਼ਮ ਭਰ ਚੁੱਕਾ ਸੀ।

ਉੱਨੀ ਸੌ ਛਿਆਲੀ ਦੀ ਪਤਝੜ ਦੇ ਆਖ਼ਰੀ ਦਿਨੀਂ ਮੈਨੂੰ ਇਕ ਵਿਗਿਆਨਕ ਕੰਮ ਲਈ ਤੋਮਸਕ ਯੂਨੀਵਰਸਟੀ ਜਾਣਾ ਪਿਆ। ਮੈਂ ਪਹਿਲੀ ਵਾਰੀ ਸਾਇਬੇਰੀਆ ਵਿਚੋਂ ਦੀ


Academy of the Punjab in North America: http://www.apnaorg.com

ਹੋ ਕੇ ਜਾ ਰਹੀ ਸਾਂ। ਉਸ ਸਿਆਲ ਦੇ ਪੂਰਬਲੇ ਸਮੇਂ ਸਾਇਬੇਰੀਆ ਬੜੀ ਕਠੋਰਤਾ ਤੇ ਨਿਰਾਸ਼ਾ ਦਾ ਪ੍ਰਭਾਵ ਪਾਉਂਦਾ ਸੀ। ਗੱਡੀ ਦੀਆਂ ਖਿੜਕੀਆਂ ਤੋਂ ਬਾਹਰ ਸਦੀਆਂ ਪੁਰਾਣੇ ਜੰਗਲਾਂ ਦੀ ਕਾਲ਼ੀ ਦੀਵਾਰ ਦੌੜਦੀ ਜਾ ਰਹੀ ਸੀ। ਝੰਗੀਆਂ ਵਿੱਚ ਪਿੰਡਾਂ ਦੇ ਘਰਾਂ ਦੀਆਂ ਕਾਲ਼ੀਆਂ ਛੱਤਾਂ ਇੱਕ ਝਲਕ ਦੇ ਜਾਂਦੀਆਂ ਅਤੇ ਉਹਨਾਂ ਦੀਆਂ ਚਿਮਨੀਆਂ ਵਿੱਚੋਂ ਚਿੱਟੇ ਧੂੰਏਂ ਦੀਆਂ ਲਕੀਰਾਂ ਉਪਰ ਨੂੰ ਉਠਦੀਆਂ ਵਿਖਾਈ ਦਿੰਦੀਆਂ। ਠੰਡ ਨਾਲ ਕੁੰਗੜੀਆਂ ਪੈਲੀਆਂ ਨੂੰ ਪਹਿਲੀ ਬਰਫ਼ ਦੀ ਚਾਦਰ ਨੇ ਕੱਜ ਲਿਆ ਹੋਇਆ ਸੀ ਅਤੇ ਪੈਲੀਆਂ ਉਪਰ ਰੌਲਾ ਪਾਉਂਦੇ ਹੋਏ ਕਾਂ ਉੱਡ ਰਹੇ ਸਨ। ਅਸਮਾਨ ਹਰ ਵੇਲੇ ਧੁੰਦਲ਼ਾ ਤੇ ਨੀਰਸ ਰਹਿੰਦਾ ਸੀ।

ਪਰ ਗੱਡੀ ਵਿੱਚ ਮੇਰੇ ਲਈ ਮਾਹੌਲ ਸੁਖਾਵਾਂ ਸੀ। ਮੇਰੇ ਵਾਲ਼ੇ ਕੂਪੇ ਵਿੱਚ ਦੂਸਰਾ ਮੁਸਾਫਰ ਇੱਕ ਮੁਹਾਜ਼ੀਆ ਸੀ, ਜਿਹੜਾ ਅਪੰਗ ਸੀ ਤੇ ਵੈਸਾਖੀਆਂ ਲਾ ਕੇ ਹੀ ਚਲ ਸਕਦਾ ਸੀ। ਉਹ ਜੰਗ ਵੇਲੇ ਦੇ ਦਿਲਚਸਪ ਕਿੱਸੇ-ਕਹਾਣੀਆਂ ਸੁਣਾ ਰਿਹਾ ਸੀ। ਮੈਂ ਉਸ ਦੀ ਕਲਪਣਾ ਕਰਨ ਦੀ ਸਮਰੱਥਾ ਤੋਂ ਹੈਰਾਨ ਹੋਈ ਜਾ ਰਹੀ ਸਾਂ, ਉਸ ਦੇ ਸਿਧੇ-ਸਾਦੇ ਤੇ ਨਿਰਦੋਖ ਹਾਸੇ ਪਿਛੇ ਸਦਾ ਹੀ ਹਕੀਕੀ ਸੱਚਾਈ ਦਾ ਅਹਿਸਾਸ ਹੁੰਦਾ ਸੀ। ਸਾਡੇ ਡੱਬੇ ਦੇ ਸਾਰੇ ਮੁਸਾਫਰਾਂ ਨੂੰ ਉਹ ਬੜਾ ਚੰਗਾ ਲਗਦਾ ਸੀ। ਇਕ ਵਾਰ ਨੋਵੋਸਿਬੀਰਸਕ ਤੋਂ ਅੱਗੇ ਕਿਤੇ ਜਾ ਕੇ ਸਾਡੀ ਗੱਡੀ ਇੱਕ ਛੋਟੇ ਜਿਹੇ ਸਟੇਸ਼ਨ ਉਤੇ ਇੱਕ ਮਿੰਟ ਲਈ ਰੁਕੀ। ਮੈਂ ਖਿੜਕੀ ਲਾਗੇ ਖਲੋਤੀ ਹੋਈ ਸਾਂ ਤੇ ਆਪਣੇ ਹਮਸਫ਼ਰ ਦਾ ਇਕ ਨਵਾਂ ਚੁਟਕਲਾ ਸੁਣ ਕੇ ਹੱਸੀ ਜਾ ਰਹੀ ਸਾਂ।

ਗੱਡੀ ਤੁਰ ਪਈ ਤੇ ਹੌਲੀ ਹੌਲੀ ਰਫ਼ਤਾਰ ਫੜਨ ਲੱਗੀ; ਖਿੜਕੀ ਤੋਂ ਬਾਹਰ ਸਟੇਸ਼ਨ ਦਾ ਇੱਕੋ ਇੱਕ ਛੋਟਾ ਜਿਹਾ ਮਕਾਨ ਪਿਛੇ ਰਹਿ ਗਿਆ ਸੀ। ਜਦੋਂ ਗੱਡੀ ਕਾਂਟੇ ਲਾਗੇ ਪਹੁੰਚੀ ਤਾਂ ਮੈਂ ਖਿੜਕੀ ਤੋਂ ਪਿਛੇ ਹਟ ਗਈ ਪਰ ਉਸੇ ਵੇਲੇ ਫਿਰ ਤੇਜ਼ੀ ਨਾਲ ਖਿੜਕੀ ਦੇ ਸ਼ੀਸ਼ੇ ਵੱਲ ਗਈ। ਉਥੇ ਉਹ, ਦੂਈਸ਼ੇਨ ਖੜਾ ਸੀ! ਉਹ ਰੇਲਵੇ-ਕੈਬਿਨ ਲਾਗੇ ਹੱਥ ਵਿੱਚ ਝੰਡੀ ਲੈ ਕੇ ਖਲੋਤਾ ਹੋਇਆ ਸੀ। ਮੈਨੂੰ ਨਹੀਂ ਪਤਾ ਕਿ ਓਦੋਂ ਮੈਨੂੰ ਕੀ ਹੋ ਗਿਆ ਸੀ।

"ਰੁਕੋ!" ਮੈਂ ਚੀਕ ਕੇ ਆਖਿਆ ਤੇ ਦਰਵਾਜ਼ੇ ਵੱਲ ਵਧੀ। ਮੈਨੂੰ ਕੁਝ ਨਹੀਂ ਸੁਝ ਰਿਹਾ ਸੀ ਕਿ ਕੀ ਕੀਤਾ ਜਾਵੇ, ਪਰ ਉਸੇ ਪਲ ਮੇਰੀ ਨਜ਼ਰ ਖਤਰੇ ਦੀ ਜ਼ੰਜੀਰ ਉਤੇ ਪਈ ਤੇ ਮੈਂ ਉਸ ਨੂੰ ਪੂਰੇ ਜ਼ੋਰ ਨਾਲ ਖਿੱਚ ਦਿੱਤਾ।

ਗੱਡੀ ਦੇ ਡੱਬਿਆਂ ਨੂੰ ਜ਼ੋਰ ਨਾਲ ਧੱਕਾ ਲੱਗਾ, ਉਹ ਜ਼ਬਰਦਸਤ ਝਟਕਾ ਖਾ ਕੇ ਰੁਕੀ ਅਤੇ ਫਿਰ ਓਨੇ ਹੀ ਜ਼ੋਰ ਨਾਲ ਪਿਛਾਂਹ ਵੱਲ ਝਟਕਾ ਖਾਧਾ। ਫੱਟਿਆਂ ਉਤੇ ਚੀਜ਼ਾਂ ਡਿਗ ਪਈਆਂ, ਬਰਤਨ ਡਿੱਗਣ ਦੀ ਆਵਾਜ਼ ਆਈ, ਔਰਤਾਂ ਤੇ ਬੱਚਿਆਂ ਨੇ ਕੁਹਰਾਮ ਮਚਾ ਦਿੱਤਾ। ਕਿਸੇ ਦੀ ਅਜੀਬ ਤਰਾਂ ਨਾਲ਼ ਚੀਕ ਨਿਕਲੀ:

"ਬੰਦਾ ਗੱਡੀ ਹੇਠਾਂ ਆ ਗਿਐ!"

ਮੈਂ ਡੱਬੇ ਦੇ ਪਾਏਦਾਨ ਉਤੇ ਆ ਗਈ ਹੋਈ ਸਾਂ, ਮੈਂ ਹੇਠਾਂ ਵੇਖੇ ਬਿਨਾਂ ਹੀ ਛਾਲ਼ ਮਾਰ ਦਿੱਤੀ, ਮੈਨੂੰ ਲੱਗਾ ਜਿਵੇਂ ਮੈਂ ਡੂੰਘੀ ਖੱਡ ਵਿੱਚ ਲਹਿ ਗਈ ਹੋਵਾਂ। ਮੈਂ ਕਮਲੀ ਹੋਈ ਰੇਲਵੇ-ਕੈਬਿਨ ਵੱਲ, ਦੂਈਸ਼ੇਨ ਵੱਲ ਸਰਪਟ ਦੌੜੀ ਜਾ ਰਹੀ ਸਾਂ। ਪਿਛਲੇ ਪਾਸਿਓਂ ਗਾਰਡ ਨੇ


Academy of the Punjab in North America: http://www.apnaorg.com

ਸੀਟੀ ਵਜਾਈ। ਮੁਸਾਫ਼ਰ ਡੱਬਿਆਂ ਵਿੱਚੋਂ ਛਾਲਾਂ ਮਾਰ ਕੇ ਮੇਰੇ ਪਿਛੇ ਪਿਛੇ ਭੱਜੇ ਆ ਰਹੇ ਸਨ।

ਮੈਂ ਅੱਖ ਦੇ ਪਲਕਾਲੇ ਵਿੱਚ ਤੀਰ ਵਾਂਗ ਉਡਦੀ ਹੋਈ ਗੱਡੀ ਦੇ ਸਾਰੇ ਡੱਬੇ ਪਾਰ ਕਰ ਗਈ। ਉਧਰ ਦੂਈਸੇਨ ਵੀ ਮੇਰੇ ਵੱਲ ਦੌੜਦਾ ਆ ਰਿਹਾ ਸੀ।

"ਦੂਈਸ਼ੇਨ, ਮਾਸਟਰ ਜੀ!" ਮੈਂ ਉਸ ਵੱਲ ਧਾਉਂਦੀ ਹੋਈ ਚੀਕੀ।

ਕਾਂਟੇ ਵਾਲਾ ਰੁਕ ਗਿਆ ਤੇ ਭੌਂਚਲਿਆ ਹੋਇਆ ਮੇਰੇ ਵੱਲ ਵੇਖਣ ਲੱਗਾ। ਇਹ ਦੂਈਸ਼ੇਨ ਹੀ ਸੀ, ਉਹੋ ਚਿਹਰਾ, ਉਹੋ ਅੱਖਾਂ, ਪਰ ਉਹ ਮੁੱਛਾਂ ਨਹੀਂ ਰਖਦਾ ਹੁੰਦਾ ਸੀ ਤੇ ਇਹ ਕੁਝ ਕੁਝ ਬੁੱਢਾ ਹੋ ਗਿਆ ਸੀ।

"ਤੁਹਾਨੂੰ ਕੀ ਹੋਇਐ, ਭੈਣ ਜੀ, ਕੀ ਗੱਲ ਏ?" ਉਸ ਨੇ ਕਜ਼ਾਕ ਬੋਲੀ ਵਿੱਚ ਆਖਿਆ। "ਤੁਹਾਨੂੰ ਐਵੇਂ ਭੁਲੇਖਾ ਲੱਗਾ ਏ, ਮੈਂ ਤਾਂ ਕਾਂਟੇ ਵਾਲਾ ਹਾਂ। ਮੇਰਾ ਨਾਂ ਬੈਨੇਊ ਜਾਨਗਜ਼ਿਨ ਏ।"

"ਬੈਨੇਊ?"

ਮੈਨੂੰ ਨਹੀਂ ਪਤਾ ਕਿ ਓਦੋਂ ਮੈਂ ਦੁਖ, ਦਰਦ ਤੇ ਸ਼ਰਮ ਕਾਰਨ ਚਿੱਲਾਈ ਕਿਉਂ ਨਾ। ਮੈਂ ਇਹ ਕੀ ਕਰ ਬੈਠੀ ਸਾਂ? ਮੈਂ ਹੱਥਾਂ ਨਾਲ ਆਪਣਾ ਚਿਹਰਾ ਢੱਕ ਲਿਆ ਤੇ ਊਂਦੀ ਪਾ ਲਈ। ਮੈਨੂੰ ਧਰਤੀ ਨਿਗਲ ਕਿਉਂ ਨਾ ਗਈ? ਮੈਨੂੰ ਕਾਂਟੇ ਵਾਲ਼ੇ ਕੋਲੋਂ ਮੁਆਫੀ ਮੰਗਣੀ ਚਾਹੀਦੀ ਸੀ, ਲੋਕਾਂ ਸਾਮ੍ਹਣੇ ਖ਼ਿਮਾਂ ਦੀ ਜਾਚਕ ਹੋਣਾ ਚਾਹੀਦਾ ਸੀ, ਪਰ ਮੈਂ ਪੱਥਰ ਵਾਂਗ ਚੁੱਪ-ਗੜੁਪ ਖੜੀ ਰਹੀ। ਪਤਾ ਨਹੀਂ ਕਿਉਂ, ਦੌੜ ਕੇ ਆਏ ਹੋਏ ਮੁਸਾਫਰਾਂ ਦੀ ਭੀੜ ਵੀ ਚੁੱਪ-ਚਾਪ ਖੜੀ ਸੀ। ਮੈਂ ਇਸ ਗੱਲ ਦੀ ਉਡੀਕ ਵਿੱਚ ਸਾਂ ਕਿ ਹੁਣ ਉਹ ਮੈਨੂੰ ਬੁਰਾ ਭਲਾ ਆਖਣ ਲੱਗ ਪੈਣਗੇ, ਪਰ ਸਾਰੇ ਲੋਕ ਚੁੱਪ ਰਹੇ। ਉਸ ਭਿਆਨਕ ਚੁੱਪ ਨੂੰ ਕਿਸੇ ਔਰਤ ਦੀਆਂ ਸਿਸਕੀਆਂ ਨੇ ਤੋੜਿਆ। ਉਸ ਨੇ ਹੌਲੀ ਜਿਹੀ ਆਖਿਆ:

"ਵਿਚਾਰੀ, ਆਪਣਾ ਖ਼ਾਵੰਦ ਜਾਂ ਭਰਾ ਸਮਝ ਕੇ ਏਧਰ ਦੌੜੀ ਆਈ, ਪਰ ਉਹ ਕੋਈ ਹੋਰ ਹੀ ਨਿਕਲਿਐ।"

ਲੋਕਾਂ ਵਿਚ ਹਿਲ-ਜੁਲ ਹੋਈ।

"ਵੇਖੋ, ਕੀ ਕੀ ਵਾਪਰ ਜਾਂਦੈ," ਕਿਸੇ ਦੀ ਗੂੰਜਵੀਂ ਆਵਾਜ਼ ਆਈ।

"ਜ਼ਿੰਦਗੀ ਵਿੱਚ ਕੀ ਕੀ ਨਹੀਂ ਹੁੰਦਾ, ਜੰਗ ਵਿੱਚ ਸਾਡੇ ਉਤੇ ਕੀ ਕੀ ਨਹੀਂ ਬੀਤੀ..." ਜਵਾਬ ਵਿੱਚ ਕਿਸੇ ਜ਼ਨਾਨੀ ਦੀ ਭਰੜਾਈ ਆਵਾਜ਼ ਆਈ।

ਕਾਂਟੇ ਵਾਲ਼ੇ ਨੇ ਮੇਰੇ ਚਿਹਰੇ ਤੋਂ ਹੱਥ ਹਟਾਏ ਤੇ ਆਖਿਆ:

"ਆਓ, ਮੈਂ ਤੁਹਾਨੂੰ ਡੱਬੇ ਤੱਕ ਛੱਡ ਆਉਂਦਾ ਹਾਂ, ਬਾਹਰ ਠੰਡ ਏ।"

ਉਸ ਨੇ ਮੈਨੂੰ ਆਪਣੀ ਬਾਂਹ ਦਾ ਆਸਰਾ ਦਿੱਤਾ। ਦੂਜੇ ਪਾਸਿਓਂ ਕਿਸੇ ਫ਼ੌਜੀ ਅਫ਼ਸਰ ਨੇ ਆਪਣੀ ਬਾਂਹ ਦਾ ਸਹਾਰਾ ਦਿੱਤਾ।

"ਆਓ, ਤੁਰੋ, ਅਸੀਂ ਸਾਰੀ ਗੱਲ ਸਮਝਦੇ ਹਾਂ", ਉਸ ਨੇ ਆਖਿਆ।

ਲੋਕ ਪਿਛੇ ਹਟ ਗਏ ਤੇ ਮੈਨੂੰ ਇਸ ਤਰਾਂ ਲੈ ਤੁਰੇ ਜਿਵੇਂ ਮਾਤਮੀ ਜਲੂਸ ਜਾ ਰਿਹਾ ਹੋਵੇ। ਅਸੀਂ ਹੌਲੀ ਹੌਲੀ ਤੁਰ ਰਹੇ ਸਾਂ ਤੇ ਸਾਡੇ ਪਿਛੇ ਪਿਛੇ ਬਾਕੀ ਦੇ ਲੋਕ ਆ ਰਹੇ ਸਨ।



Academy of the Punjab in North America: http://www.apnaorg.com

ਅਗਲੇ ਪਾਸਿਓਂ ਆਉਣ ਵਾਲੇ ਮੁਸਾਫ਼ਰ ਵੀ ਭੀੜ ਵਿੱਚ ਚੁੱਪ ਚਾਪ ਸ਼ਾਮਲ ਹੁੰਦੇ ਜਾਂਦੇ। ਕਿਸੇ ਨੇ ਮੇਰੇ ਮੋਢਿਆਂ ਉਤੇ ਮੁਲਾਇਮ ਸ਼ਾਲ ਪਾ ਦਿੱਤੀ। ਮੇਰਾ ਹਮਸਫ਼ਰ ਸਾਡੇ ਨਾਲ਼-ਨਾਲ਼ ਤੁਰਿਆ ਜਾ ਰਿਹਾ ਸੀ। ਉਹ ਵੈਸਾਖੀਆਂ ਟੇਕਦਾ ਹੋਇਆ ਮੇਰੇ ਸਾਮ੍ਹਣੇ ਹੋ ਹੋ ਜਾਂਦਾ ਤੇ ਮੇਰੇ ਮੂੰਹ ਵੱਲ ਵੇਖਣ ਲੱਗ ਪੈਂਦਾ। ਉਹ ਬੜਾ ਖ਼ੁਸ਼ਮਿਜਾਜ਼, ਮਸਖ਼ਰਾ, ਨੇਕ-ਦਿਲ ਤੇ ਬਹਾਦਰ ਮਨੁੱਖ ਸੀ। ਪਤਾ ਨਹੀਂ ਕਿਉਂ, ਉਹ ਆਪਣੇ ਸਿਰ ਤੋਂ ਟੋਪੀ ਲਾਹ ਕੇ ਤੁਰਿਆ ਜਾ ਰਿਹਾ ਸੀ, ਤੇ ਉਹ ਰੋ ਰਿਹਾ ਲਗਦਾ ਸੀ। ਮੈਂ ਵੀ ਰੋਈ ਜਾ ਰਹੀ ਸਾਂ। ਮੈਨੂੰ ਗੱਡੀ ਦੇ ਨਾਲ਼-ਨਾਲ਼ ਤਾਲਬੰਦ ਗਤੀ ਨਾਲ ਤੁਰੇ ਜਾ ਰਹੇ ਇਸ ਜਲੂਸ ਵਿੱਚ, ਟੈਲੀਗ੍ਰਾਫ ਦੀਆਂ ਤਾਰਾਂ ਨਾਲ਼ ਖਹਿ ਖਹਿ ਜਾਂਦੀ ਹਵਾ ਦੀਆਂ ਸੀਟੀਆਂ ਤੇ ਝਨਝਨਾਹਟ ਵਿੱਚ ਮਾਤਮੀ ਧੁਨਾਂ ਸੁਣਾਈ ਦੇ ਰਹੀਆਂ ਸਨ। "ਨਹੀਂ, ਮੈਂ ਉਸ ਨੂੰ ਕਦੀ ਵੀ ਨਹੀਂ ਵੇਖ ਸਕਾਂਗੀ।"

ਮੇਰੇ ਵਾਲ਼ੇ ਡੱਬੇ ਲਾਗੇ ਸਾਨੂੰ ਗੱਡੀ ਦੇ ਗਾਰਡ ਨੇ ਰੋਕ ਲਿਆ। ਉਹ ਸੰਘ ਪਾੜ ਪਾੜ ਕੇ ਕੁਝ ਕਹਿ ਰਿਹਾ ਸੀ ਤੇ ਧਮਕੀ ਦੇ ਲਹਿਜੇ ਵਿੱਚ ਉਂਗਲ ਹਿਲਾ ਹਿਲਾ ਕੇ ਮੈਨੂੰ ਕਿਸੇ ਅਦਾਲਤੀ ਜਵਾਬਦੇਹੀ ਤੇ ਜੁਰਮਾਨੇ ਬਾਰੇ ਕੁਝ ਕਹਿ ਰਿਹਾ ਸੀ। ਪਰ ਮੈਂ ਕੋਈ ਜਵਾਬ ਨਾ ਦਿੱਤਾ। ਮੈਨੂੰ ਕਿਸੇ ਵੀ ਗੱਲ ਦੀ ਕੋਈ ਪਰਵਾਹ ਨਹੀਂ ਸੀ। ਉਸ ਨੇ ਰਪਟ ਲਿਖੀ ਤੇ ਦਸਖ਼ਤ ਕਰਨ ਲਈ ਮੇਰੇ ਅੱਗੇ ਕੀਤੀ। ਪਰ ਮੇਰੇ ਹੱਥਾਂ ਵਿੱਚ ਤਾਂ ਪੈਂਸਿਲ ਫੜਨ ਜੋਗੀ ਤਾਕਤ ਵੀ ਨਹੀਂ ਰਹੀ ਸੀ।

ਤਦ ਕੂਪੇ ਵਿੱਚ ਮੇਰੇ ਨਾਲ਼ ਸਫ਼ਰ ਕਰਨ ਵਾਲ਼ੇ ਨੇ ਉਸ ਕੋਲੋਂ ਕਾਗ਼ਜ਼ ਖੋਹ ਲਿਆ ਤੇ ਆਪਣੀਆਂ ਵੈਸਾਖੀਆਂ ਦੇ ਆਸਰੇ ਅੱਗੇ ਵਧਿਆ ਤੇ ਉਸ ਦੇ ਐਨ ਸਾਮ੍ਹਣੇ ਚੀਕ ਕੇ ਆਖਿਆ:

"ਇਹਨੂੰ ਤੰਗ ਨਾ ਕਰ! ਲਿਆ, ਮੈਂ ਕਰ ਦੇਂਦਾਂ ਦਸਖ਼ਤ, ਮੈਂ ਹੀ ਖ਼ਤਰੇ ਦੀ ਜ਼ੰਜੀਰ ਖਿੱਚੀ ਸੀ, ਮੈਂ ਹੀ ਇਸ ਲਈ ਜ਼ਿੰਮੇਵਾਰ ਹਾਂ!..."

ਰੂਸ ਦੇ ਜੱਦੀ ਇਲਾਕੇ, ਸਾਇਬੇਰੀਆ ਦੀ ਧਰਤੀ ਉਤੇ ਕੁਝ ਲੇਟ ਹੋ ਚੁੱਕੀ ਗੱਡੀ ਤੇਜ਼ ਰਫ਼ਤਾਰ ਨਾਲ਼ ਅੱਗੇ ਵਧਦੀ ਜਾ ਰਹੀ ਸੀ। ਰਾਤ ਦੀ ਖਾਮੋਸ਼ੀ ਵਿੱਚ ਮੇਰੇ ਹਮਸਫ਼ਰ ਦੀ ਗਿਟਾਰ ਦੀਆਂ ਉਦਾਸ ਧੁਨਾਂ ਸੁਣਾਈ ਦੇ ਰਹੀਆਂ ਸਨ। ਮੈਂ ਰੂਸੀ ਵਿਧਵਾ ਔਰਤਾਂ ਦੇ ਨਿਰਾਸ਼ਾ-ਭਰੇ ਗੀਤਾਂ ਵਾਂਗ ਹੀ ਬੀਤੀ ਜੰਗ ਦੀ ਸ਼ੋਕਮਈ ਗੂੰਜ ਆਪਣੇ ਸੁਲ਼ਗਦੇ ਦਿਲ ਵਿੱਚ ਲਈ ਜਾ ਰਹੀ ਸਾਂ।

ਇੰਝ, ਸਾਲ ਗੁਜ਼ਰਦੇ ਗਏ। ਅਤੀਤ ਪਿਛੇ ਰਹਿ ਗਿਆ, ਭਵਿੱਖ ਆਪਣੇ ਹਰ ਰੋਜ਼ ਦੇ ਛੋਟੇ ਵੱਡੇ ਫ਼ਿਕਰਾਂ ਨਾਲ ਲਗਾਤਾਰ ਸਾਨੂੰ ਬੁਲਾ ਰਿਹਾ ਸੀ। ਮੈਂ ਪਛੜ ਕੇ ਵਿਆਹ ਕੀਤਾ। ਪਰ ਮੈਨੂੰ ਇੱਕ ਨੇਕ ਆਦਮੀ ਮਿਲ ਗਿਆ ਸੀ। ਹੁਣ ਸਾਡੇ ਬੱਚੇ ਹਨ, ਪਰਿਵਾਰ ਹੈ ਤੇ ਅਸੀਂ ਬੜੇ ਪਿਆਰ ਨਾਲ਼ ਰਹਿੰਦੇ ਹਾਂ। ਮੈਂ ਫਲਸਫ਼ੇ ਦੀ ਡਾਕਟਰੇਟ ਕੀਤੀ ਹੋਈ ਹੈ। ਮੈਨੂੰ ਅਕਸਰ ਇਧਰ ਉਧਰ ਆਉਣਾ ਜਾਣਾ ਪੈਂਦਾ ਹੈ। ਮੈਂ ਕਈ ਦੇਸ ਪਰਦੇਸ ਵੇਖ ਚੁੱਕੀ ਹਾਂ... ਪਰ ਮੈਂ ਆਪਣੇ ਪਿੰਡ ਫਿਰ ਕਦੀ ਵੀ ਨਹੀਂ ਗਈ ਸਾਂ। ਬੇਸ਼ਕ, ਇਸ ਦੇ ਆਪਣੇ ਹੀ ਕਾਰਨ ਸਨ, ਕਈ ਕਾਰਨ ਸਨ, ਪਰ ਮੈਂ ਆਪਣੀ ਕੋਈ ਸਫ਼ਾਈ ਨਹੀਂ ਪੇਸ਼ ਕਰਨ ਲੱਗੀ। ਇਹ ਗੱਲ ਮਾੜੀ ਹੈ ਕਿ ਮੈਂ ਆਪਣੇ ਪਿੰਡ-ਵਾਸੀਆਂ ਨਾਲੋਂ ਨਾਤਾ ਤੋੜ ਲਿਆ ਸੀ, ਇਸ


Academy of the Punjab in North America: http://www.apnaorg.com

ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਪਰ ਮੇਰਾ ਨਸੀਬਾ ਹੀ ਐਸਾ ਸੀ। ਮੈਂ ਬੀਤੇ ਨੂੰ ਭੁਲਾਇਆ ਨਹੀਂ ਹੈ, ਨਹੀਂ, ਮੈਂ ਇਸ ਨੂੰ ਭੁਲਾ ਨਹੀਂ ਸਕਦੀ ਸਾਂ, ਮੈਂ ਤਾਂ ਇਸ ਤੋਂ ਦੂਰ ਹੁੰਦੀ ਜਾ ਰਹੀ ਸਾਂ।

ਪਹਾੜਾਂ ਵਿੱਚ ਕੁਝ ਅਜਿਹੇ ਚਸ਼ਮੇ ਹੁੰਦੇ ਸਨ ਜਿਨ੍ਹਾਂ ਵੱਲ ਜਾਂਦੀ ਪਹਿਲੀ ਪਗਡੰਡੀ ਨੂੰ ਲੋਕ ਭੁੱਲ ਜਾਂਦੇ ਹਨ ਕਿਉਂਕਿ ਲਾਗੇ ਹੀ ਕੋਈ ਨਵੀਂ ਸੜਕ ਬਣ ਜਾਂਦੀ ਹੈ। ਲੋਕ ਪਾਣੀ ਪੀਣ ਵਾਸਤੇ ਉਧਰ ਬਹੁਤ ਘਟ ਜਾਂਦੇ ਹਨ, ਤੇ ਚਸ਼ਮਿਆਂ ਦੁਆਲੇ ਹੌਲੀ ਹੌਲੀ ਝਾੜੀਆਂ ਉੱਗ ਆਉਂਦੀਆਂ ਹਨ। ਫਿਰ ਉੱਧਰ ਕਿਸੇ ਦਾ ਵੀ ਧਿਆਨ ਨਹੀਂ ਜਾਂਦਾ। ਕੋਈ ਵਿਰਲਾ ਹੀ ਇਹਨਾਂ ਚਸ਼ਮਿਆਂ ਨੂੰ ਯਾਦ ਕਰਦਾ ਹੈ, ਕੋਈ ਵਿਰਲਾ ਹੀ ਗਰਮੀਆਂ ਦੇ ਦਿਨੀਂ ਕੜਕਦੀ ਧੁੱਪ ਵਿੱਚ ਸੜਕ ਤੋਂ ਲਹਿ ਕੇ ਆਪਣੀ ਪਿਆਸ ਬੁਝਾਉਣ ਲਈ ਚਸ਼ਮਿਆਂ ਵੱਲ ਜਾਂਦਾ ਹੈ। ਫਿਰ ਕੋਈ ਆਦਮੀ ਆਵੇਗਾ, ਇਸ ਉਜੜੀ ਹੋਈ ਥਾਂ ਨੂੰ ਲੱਭ ਲਵੇਗਾ, ਝਾੜੀਆਂ ਨੂੰ ਹਟਾ ਕੇ ਹੌਲੀ ਜਿਹੀ ਹੌਕਾ ਭਰੇਗਾਃ ਠੰਡੇ ਪਾਣੀ ਦੀ ਅਸਾਧਾਰਨ ਨਿਰਮਲਤਾ, ਜਿਸ ਨੂੰ ਮੁੱਦਤਾਂ ਤੋਂ ਕਿਸੇ ਨੇ ਗੰਧਲਾ ਨਹੀਂ ਕੀਤਾ, ਆਪਣੀ ਸਥਿਰਤਾ ਤੇ ਗਹਿਰਾਈ ਨਾਲ ਉਸ ਨੂੰ ਹੈਰਾਨ ਕਰ ਦਏਗੀ। ਉਹ ਮਨੁੱਖ ਇਸ ਚਸ਼ਮੇ ਦੇ ਪਾਣੀ ਵਿੱਚ ਆਪਣੀ, ਸੂਰਜ, ਅਸਮਾਨ ਤੇ ਪਹਾੜਾਂ ਦੀ ਝਲਕ ਵੇਖੇਗਾ... ਅਤੇ ਸੋਚੇਗਾ ਕਿ ਐਸੀਆਂ ਥਾਵਾਂ ਨੂੰ ਨਾ ਜਾਣਨਾ ਪਾਪ ਹੈ, ਲੋੜ ਇਸ ਗੱਲ ਦੀ ਹੈ ਕਿ ਆਪਣੇ ਸਾਥੀਆਂ ਨੂੰ ਇਸ ਬਾਰੇ ਦੱਸਿਆ ਜਾਵੇ। ਉਹ ਇਸ ਤਰ੍ਹਾਂ ਸੋਚੇਗਾ ਤੇ ਅਗਲੀ ਵਾਰੀ ਆਉਣ ਤੱਕ ਇਸ ਗੱਲ ਨੂੰ ਭੁੱਲ ਜਾਵੇਗਾ।

ਹਾਂ, ਜ਼ਿੰਦਗੀ ਵਿੱਚ ਕਦੀ ਕਦੀ ਇਸ ਤਰ੍ਹਾਂ ਵੀ ਹੁੰਦਾ ਹੈ।

ਇਹਨਾਂ ਚਸ਼ਮਿਆਂ ਦਾ ਚੇਤਾ ਮੈਨੂੰ ਪਿਛੇ ਜਿਹੇ ਹੀ ਆਇਆ ਜਦੋਂ ਮੈਂ ਪਿੰਡ ਗਈ ਹੋਈ ਸਾਂ।

ਤੁਸੀਂ ਓਦੋਂ, ਸ਼ਾਇਦ, ਬੜੇ ਹੈਰਾਨ ਹੋਏ ਹੋਵੋਗੇ ਜਦੋਂ ਮੈਂ ਕੁਰਕੂਰੇਊ ਤੋਂ ਏਨਾ ਅਚਾਨਕ ਚਲੀ ਗਈ ਸਾਂ। ਕੀ ਓਦੋਂ ਮੈਂ ਲੋਕਾਂ ਨਾਲ ਇਹ ਸਾਰੀ ਗੱਲ ਨਹੀਂ ਕਰ ਸਕਦੀ ਸਾਂ? ਨਹੀਂ, ਨਹੀਂ ਕਰ ਸਕਦੀ ਸਾਂ। ਮੈਂ ਬੜੀ ਪਰੇਸ਼ਾਨ ਹੋ ਗਈ ਸਾਂ, ਮੈਂ ਬੜੀ ਸ਼ਰਮਸਾਰ ਹੋ ਗਈ ਸਾਂ, ਮੈਨੂੰ ਆਪਣੇ ਆਪ ਤੋਂ ਸ਼ਰਮ ਆ ਰਹੀ ਸੀ। ਮੈਂ ਸਮਝ ਗਈ ਸਾਂ ਕਿ ਦੂਈਸ਼ੇਨ ਨੂੰ ਮਿਲ ਸਕਣਾ ਮੇਰੇ ਵੱਸ ਦੀ ਗੱਲ ਨਹੀਂ ਸੀ, ਮੇਰੇ ਵਿੱਚ ਦੂਈਸ਼ੇਨ ਦੀਆਂ ਅੱਖਾਂ ਨਾਲ ਅੱਖਾਂ ਮਿਲਾਉਣ ਦੀ ਵੀ ਹਿੰਮਤ ਨਹੀਂ ਸੀ। ਮੈਂ ਆਪਣਾ ਚਿਤ ਟਿਕਾਣੇ ਲਿਆਉਣ ਵਾਸਤੇ, ਆਪਣੀਆਂ ਸੋਚਾਂ ਨੂੰ ਇਕਾਗਰ ਕਰਨ ਵਾਸਤੇ ਉਥੋਂ ਚਲੇ ਜਾਣ ਦਾ ਫੈਸਲਾ ਕੀਤਾ। ਮੈਂ ਰਾਹ ਵਿੱਚ ਉਸ ਸਭ ਕੁਝ ਬਾਰੇ ਸੋਚਣਾ-ਵਿਚਾਰਨਾ ਚਾਹੁੰਦੀ ਸਾਂ ਜੋ ਕੁਝ ਮੈਂ ਆਪਣੇ ਪਿੰਡ-ਵਾਸੀਆਂ ਨੂੰ ਹੀ ਨਹੀਂ ਸਗੋਂ ਕਈ ਦੂਸਰੇ ਲੋਕਾਂ ਨੂੰ ਵੀ ਦੱਸਣਾ ਚਾਹੁੰਦੀ ਸਾਂ।

ਮੈਂ ਆਪਣੇ ਆਪ ਨੂੰ ਇਸ ਕਰਕੇ ਵੀ ਗੁਨਾਹਗਾਰ ਸਮਝਦੀ ਰਹੀ ਹਾਂ ਕਿ ਨਵਾਂ ਸਕੂਲ ਖੁਲ੍ਹਣ ਵੇਲੇ ਸਭ ਤਰ੍ਹਾਂ ਦਾ ਸਨਮਾਨ ਮੈਨੂੰ ਨਹੀਂ ਮਿਲਣਾ ਚਾਹੀਦਾ ਸੀ, ਇਜ਼ਤ ਸਤਿਕਾਰ ਵਾਲੀ ਥਾਂ ਉਤੇ ਮੈਨੂੰ ਨਹੀਂ ਬੈਠਣਾ ਚਾਹੀਦਾ ਸੀ। ਇਸ ਦਾ ਹੱਕ, ਪਹਿਲੀ ਥਾਂ ਉਤੇ, ਸਾਡੇ ਪਿੰਡ ਦੇ ਪਹਿਲੇ ਅਧਿਆਪਕ, ਪਹਿਲੇ ਕਮਿਊਨਿਸਟ—ਬਜ਼ੁਰਗ ਦੂਈਸ਼ੇਨ ਨੂੰ


Academy of the Punjab in North America: http://www.apnaorg.com

ਸੀ। ਪਰ ਗੱਲ ਇਸ ਤੋਂ ਉਲਟ ਹੋਈ। ਅਸੀਂ ਜਸ਼ਨ ਮਨਾ ਰਹੇ ਸਾਂ, ਪਰ ਉਹ ਹੀਰਾ-ਇਨਸਾਨ ਡਾਕ ਵੰਡਣ ਦੀ ਕਾਹਲ ਵਿਚ ਸੀ, ਉਹ ਸਕੂਲ ਦੇ ਉਦਘਾਟਨੀ ਜਸ਼ਨ ਤੋਂ ਪਹਿਲਾਂ ਪਹਿਲਾਂ ਪੁਰਾਣੇ ਵਿਦਿਆਰਥੀਆਂ ਵਲੋਂ ਭੇਜੀਆਂ ਗਈਆਂ ਵਧਾਈਆਂ ਦੀਆਂ ਤਾਰਾਂ ਪਹੁੰਚਾਣ ਦੀ ਕਾਹਲ ਵਿੱਚ ਸੀ।

ਵੇਖੋ ਨਾ, ਇਹ ਇਸ ਤਰ੍ਹਾਂ ਦੀ ਕੋਈ ਇਕੱਲੀ-ਦੁਕੱਲੀ ਘਟਨਾ ਨਹੀਂ ਸੀ। ਮੈਂ ਕਈ ਵਾਰ ਇਸੇ ਤਰ੍ਹਾਂ ਹੁੰਦਾ ਵੇਖਿਆ ਹੈ। ਇਸੇ ਵਾਸਤੇ ਮੈਂ ਇਹ ਪੁੱਛਦੀ ਹਾਂ: ਅਸੀਂ ਕਦੋਂ ਤੋਂ ਸਾਧਾਰਨ ਮਨੁੱਖ ਦੀ ਕਦਰ ਕਰਨ ਦੀ ਯੋਗਤਾ ਤੋਂ ਵਿਹੂਣੇ ਹੋ ਗਏ ਹਾਂ, ਉਸੇ ਤਰ੍ਹਾਂ ਕਦਰ ਕਰਨ ਦੀ ਜਿਵੇਂ ਲੈਨਿਨ ਕਰਦਾ ਹੁੰਦਾ ਸੀ?...ਰੱਬ ਦਾ ਸ਼ੁਕਰ ਹੈ ਕਿ ਹੁਣ ਅਸੀਂ ਇਸ ਤਰ੍ਹਾਂ ਦੇ ਵਰਤਾਰਿਆਂ ਦੀ ਗੱਲ, ਬਿਨਾਂ ਕਿਸੇ ਦੰਭ ਪਖੰਡ ਦੇ, ਕਰ ਸਕਦੇ ਹਾਂ। ਇਹ ਬੜੀ ਚੰਗੀ ਗੱਲ ਹੈ ਕਿ ਇਸ ਮਾਮਲੇ ਵਿੱਚ ਵੀ ਅਸੀਂ ਲੈਨਿਨ ਦੇ ਹੋਰ ਨੇੜੇ ਆ ਗਏ ਹਾਂ।

ਨੌਜਵਾਨ ਪੀੜ੍ਹੀ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਆਪਣੇ ਜ਼ਮਾਨੇ ਵਿੱਚ ਦੂਈਸ਼ੇਨ ਕਿਸ ਤਰ੍ਹਾਂ ਦਾ ਅਧਿਆਪਕ ਸੀ। ਤੇ ਪੁਰਾਣੀ ਪੀੜ੍ਹੀ ਦੇ ਲੋਕਾਂ ਵਿੱਚੋਂ ਕਈ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਦੂਈਸ਼ੇਨ ਦੇ ਵਿਦਿਆਰਥੀਆਂ ਵਿੱਚੋਂ ਕਈ ਜੰਗ ਸਮੇਂ ਜਾਨਾਂ ਵਾਰ ਗਏ। ਉਹ ਸੱਚੇ ਸੋਵੀਅਤ ਸੈਨਿਕ ਸਨ। ਆਪਣੇ ਅਧਿਆਪਕ ਦੂਈਸ਼ੇਨ ਬਾਰੇ ਨੌਜਵਾਨਾਂ ਨੂੰ ਦੱਸਣਾ ਮੇਰਾ ਫ਼ਰਜ਼ ਸੀ। ਜੇ ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਉਸ ਨੂੰ ਵੀ ਇੰਝ ਹੀ ਕਰਨਾ ਚਾਹੀਦਾ ਸੀ। ਪਰ ਮੈਂ ਪਿੰਡ ਨਹੀਂ ਗਈ ਸਾਂ, ਮੈਨੂੰ ਦੂਈਸੇਨ ਬਾਰੇ ਕੋਈ ਪਤਾ ਨਹੀਂ ਸੀ ਅਤੇ ਵਕਤ ਗੁਜਰਨ ਦੇ ਨਾਲ਼ ਨਾਲ਼ ਉਸ ਦੀ ਸ਼ਖਸੀਅਤ ਮੇਰੇ ਵਾਸਤੇ ਮਾਨੋ ਅਜਿਹੀ ਯਾਦਗਰ ਬਣ ਗਈ ਸੀ ਜਿਹੜੀ ਕਿਸੇ ਅਜਾਇਬਘਰ ਦੇ ਸ਼ਾਂਤ ਵਾਤਾਵਰਣ ਵਿੱਚ ਹੀ ਸੰਭਾਲ ਕੇ ਰੱਖੀ ਜਾ ਸਕਦੀ ਹੈ।

ਮੈਂ ਆਪਣੇ ਅਧਿਆਪਕ ਕੋਲ ਜਾਵਾਂਗੀ ਅਤੇ ਉਸ ਸਾਹਮਣੇ ਆਪਣਾ ਕਸੂਰ ਮੰਨਾਗੀ। ਮੈਂ ਉਸ ਕੋਲ਼ੋਂ ਮੁਆਫੀ ਮੰਗਾਂਗੀ।

ਮਾਸਕੋ ਤੋਂ ਵਾਪਸ ਆਉਂਦਿਆਂ ਹੀ ਮੈਂ ਕੁਰਕੂਰੇਊ ਜਾਣਾ, ਤੇ ਉੱਥੋਂ ਦੇ ਲੋਕਾਂ ਨੂੰ ਇਹ ਸੁਝਾਅ ਦੇਣਾ ਚਾਹੁੰਦੀ ਹਾਂ ਕਿ ਨਵੇਂ ਬੋਰਡਿੰਗ ਸਕੂਲ ਦਾ ਨਾਂ "ਦੂਈਸ਼ੇਨ ਦਾ ਸਕੂਲ" ਰੱਖਿਆ ਜਾਵੇ। ਹਾਂ, ਸਾਂਝੇ ਫ਼ਾਰਮ ਦੇ ਇਸ ਸਧਾਰਨ ਕਿਸਾਨ ਦੇ ਨਾਂ ਉੱਤੇ, ਜਿਹੜਾ ਅੱਜਕਲ ਡਾਕੀਏ ਦਾ ਕੰਮ ਕਰਦਾ ਹੈ। ਮੈਨੂੰ ਆਸ ਹੈ ਕਿ ਤੁਸੀਂ ਵੀ, ਮੇਰੇ ਗਰਾਈਂ ਹੋਣ ਦੇ ਨਾਤੇ, ਮੇਰੇ ਸੁਝਾਅ ਦੀ ਹਮਾਇਤ ਕਰੋਗੇ। ਮੇਰੀ ਤੁਹਾਡੇ ਅੱਗੇ ਇਹੀ ਬੇਨਤੀ ਹੈ।

ਮਾਸਕੋ ਵਿੱਚ ਇਸ ਵੇਲੇ ਰਾਤ ਦੇ ਦੋ ਵੱਜਣ ਵਾਲ਼ੇ ਹਨ। ਮੈਂ ਹੋਟਲ ਦੀ ਬਾਲਕੋਨੀ ਉਤੇ ਖਲੋਤੀ ਹੋਈ ਹਾਂ, ਮਾਸਕੋ ਦੀਆਂ ਰੋਸ਼ਨੀਆਂ ਦੇ ਵਿਸ਼ਾਲ ਪਸਾਰੇ ਨੂੰ ਦੇਖ ਰਹੀ ਹਾਂ ਅਤੇ ਸੋਚੀਂ ਪਈ ਹੋਈ ਹਾਂ ਕਿ ਮੈਂ ਕਿਵੇਂ ਪਿੰਡ ਜਾਵਾਂਗੀ, ਕਿਵੇਂ ਅਧਿਆਪਕ ਨੂੰ ਮਿਲਾਂਗੀ ਤੇ ਕਿਵੇਂ ਉਸ ਦੀ ਚਿੱਟੀ ਦਾੜ੍ਹੀ ਨੂੰ ਚੁੰਮਾਗੀ.....

* * *



Academy of the Punjab in North America: http://www.apnaorg.com

ਮੈਂ ਬਾਰੀ ਚੁਪੱਟ ਖੋਲ੍ਹ ਦਿੰਦਾ ਹਾਂ। ਤਾਜ਼ੀ ਹਵਾ ਦਾ ਇੱਕ ਬੁੱਲਾ ਕਮਰੇ ਵਿੱਚ ਵਹਿ ਆਉਂਦਾ ਹੈ। ਹੌਲੀ-ਹੌਲੀ ਸਾਫ਼ ਹੁੰਦੇ ਜਾਂਦੇ ਧੁੰਦਲਕੇ ਵਿੱਚ ਮੈਂ ਤਸਵੀਰ ਦੇ ਖਾਕਿਆਂ ਨੂੰ ਬੜੇ ਧਿਆਨ ਨਾਲ਼ ਵੇਖਦਾ ਹਾਂ। ਕਈ ਖਾਕੇ ਹਨ ਕਿਉਂਕਿ ਮੈਂ ਇਸ ਤਸਵੀਰ ਨੂੰ ਕਈ ਵਾਰੀ ਮੁੱਢੋਂ-ਸੁੱਢੋਂ ਬਣਾਉਣਾ ਸ਼ੁਰੂ ਕੀਤਾ। ਪਰ ਮੁਕੰਮਲ ਤਸਵੀਰ ਬਾਰੇ ਕੁੱਝ ਕਹਿਣਾ ਅਜੇ ਸਮੇਂ ਤੋਂ ਪਹਿਲਾਂ ਦੀ ਗੱਲ ਹੈ। ਮੈਨੂੰ ਅਜੇ ਤੱਕ ਇਸ ਦਾ ਮੁੱਖ ਤੱਤ ਨਹੀਂ ਲੱਭਾ ਹੈ.....

ਮੈਂ ਸਰਘੀ ਵੇਲੇ ਦੇ ਸ਼ਾਂਤ ਮਾਹੌਲ ਵਿੱਚ ਚਹਿਲਕਦਮੀ ਕਰ ਰਿਹਾ ਹਾਂ ਤੇ ਲਗਾਤਾਰ ਸੋਚੀ ਜਾ ਰਿਹਾ ਹਾਂ ਹਰ ਵਾਰੀ ਇੰਝ ਹੀ ਹੁੰਦਾ ਹੈ। ਤੇ ਹਰ ਵਾਰੀ ਮੈਂ ਇਸ ਗੱਲ ਦਾ ਕਾਇਲ ਹੋ ਜਾਂਦਾ ਹਾਂ ਕਿ ਮੇਰੀ ਤਸਵੀਰ ਅਜੇ ਸਿਰਫ਼ ਮੇਰੀ ਕਲਪਨਾ ਵਿੱਚ ਹੀ ਹੈ।

ਪਰ ਫਿਰ ਵੀ ਮੈਂ ਆਪਣੀ ਉਸ ਤਸਵੀਰ ਦੀ ਤੁਹਾਡੇ ਨਾਲ਼ ਚਰਚਾ ਕਰਨੀ ਚਾਹੁੰਦਾ ਹਾਂ ਜਿਹੜੀ ਅਜੇ ਬਣੀ ਨਹੀਂ ਹੈ। ਮੈਂ ਤੁਹਾਡੇ ਕੋਲ਼ੋਂ ਸਲਾਹ ਲੈਣੀ ਚਾਹੁੰਦਾ ਹਾਂ। ਤੁਸੀਂ ਜ਼ਰੂਰ ਹੀ ਅੰਦਾਜਾ ਲਾ ਲਿਆ ਹੋਵੇਗਾ ਕਿ ਇਹ ਤਸਵੀਰ ਸਾਡੇ ਪਿੰਡ ਦੇ ਪਹਿਲੇ ਅਧਿਆਪਕ, ਪਹਿਲੇ ਕਮਿਉਨਿਸਟ—ਬਜ਼ੁਰਗ ਦੂਈਸ਼ੇਨ ਨੂੰ ਸਮਰਪਤ ਕੀਤੀ ਜਾਵੇਗੀ।

ਪਰ ਮੈਂ ਅਜੇ ਇਸ ਗੱਲ ਦੀ ਕਲਪਨਾ ਨਹੀਂ ਕਰ ਸਕਦਾ ਕਿ ਕੀ ਮੈਂ ਇਸ ਗੁੰਝਲਦਾਰ ਜੀਵਨ ਨੂੰ, ਜਿਹੜਾ ਸੰਗਰਾਮਾਂ ਨਾਲ਼ ਭਰਭੂਰ ਹੈ, ਇਹਨਾਂ ਅਨੇਕ ਹੋਣੀਆਂ ਅਤੇ ਮਨੁੱਖੀ ਜਜ਼ਬਿਆਂ ਨੂੰ ਆਪਣੇ ਰੰਗਾਂ ਵਿੱਚ ਢਾਲ਼ ਸਕਾਂਗਾ ? ਇਹ ਕਿਸ ਤਰਾਂ ਕੀਤਾ ਜਾਵੇ ਕਿ ਇਹ ਪਿਆਲਾ ਛਲਕ ਨਾ ਜਾਵੇ, ਕਿ ਮੈਂ ਇਸ ਨੂੰ ਤੁਹਾਡੇ ਤੱਕ, ਆਪਣੇ ਸਮਕਾਲੀਆਂ ਤੱਕ ਪਹੁੰਚਾ ਸਕਾਂ ? ਇਹ ਕਿਸ ਤਰਾਂ ਕੀਤਾ ਜਾਵੇ ਕਿ ਮੇਰਾ ਵਿਚਾਰ ਤੁਹਾਡੇ ਤੱਕ ਪਹੁੰਚੇ ਹੀ ਨਾ ਸਗੋਂ ਇਹ ਸਾਡੀ ਸਾਂਝੀ ਸਿਰਜਣਾ ਬਣ ਜਾਵੇ ?

ਮੈਂ ਇਸ ਤਸਵੀਰ ਨੂੰ ਬਣਾਏ ਬਿਨਾਂ ਨਹੀਂ ਰਹਿ ਸਕਦਾ। ਪਰ ਮੈਂ ਕਿੰਨੀਆਂ ਸੋਚਾਂ ਤੇ ਕਿੰਨੇ ਫਿਕਰਾਂ ਵਿੱਚ ਡੁੱਬਾ ਹੋਇਆ ਹਾਂ। ਕਦੀ ਕਦੀ ਮੈਨੂੰ ਇੰਝ ਲਗਦਾ ਹੈ ਕਿ ਮੈਂ ਕੁੱਝ ਵੀ ਬਣਾ ਨਹੀਂ ਸਕਾਂਗਾ। ਤਦ ਮੈਂ ਸੋਚਦਾ ਹਾਂ ਕਿ ਕਿਸਮਤ ਨੂੰ ਇਹ ਗੱਲ ਕਿਉਂ ਮਨਜ਼ੂਰ ਸੀ ਕਿ ਮੇਰੇ ਹੱਥਾਂ ਵਿੱਚ ਬੁਰਸ਼ ਦੇ ਦਿੱਤਾ ਜਾਵੇ ? ਏਨਾ ਕਸ਼ਟਦਾਇਕ ਜੀਵਨ ! ਪਰ ਕਦੀ-ਕਦੀ ਮੈਂ ਆਪਣੇ ਅੰਦਰ ਏਨੀ ਸ਼ਕਤੀ ਮਹਿਸੂਸ ਕਰਦਾ ਹਾਂ ਕਿ ਪਹਾੜ ਉਲਟਾ ਦੇਣ ਲਈ ਤਿਆਰ ਹੋ ਜਾਂਦਾ ਹਾਂ ਤੇ ਫਿਰ ਮੈਂ ਮਨ ਹੀ ਮਨ ਕਹਿੰਦਾ ਹਾਂ : ਵੇਖ ਸਿਖ ਤੇ ਚੁਣ ਲੈ। ਦੂਈਸ਼ੇਨ ਤੇ ਅਲਤਿਨਾਈ ਦੇ ਪੋਪਲਰਾਂ ਦੀ ਤਸਵੀਰ ਬਣਾ, ਉਹਨਾਂ ਹੀ ਪੋਪਲਰਾਂ ਦੀ ਜਿਨ੍ਹਾਂ ਨੇ ਤੈਨੂੰ ਬਚਪਨ ਵਿੱਚ ਖੁਸ਼ੀ ਦੇ ਏਨੇ ਪਲ ਬਖਸ਼ੇ ਸਨ, ਹਾਲਾਂਕਿ ਤੈਨੂੰ ਉਹਨਾਂ ਦੀ ਕਹਾਣੀ ਦਾ ਪਤਾ ਨਹੀਂ ਸੀ। ਉਸ ਲੜਕੇ ਦੀ ਤਸਵੀਰ ਬਣਾ, ਜਿਹੜਾ ਨੰਗੇ ਪੈਰੀਂ , ਧੁੱਪ ਨਾਲ ਕਾਲ਼ਾ ਹੋਇਆ ਪੋਪਲਰ ਦੀਆਂ ਟਾਹਣੀਆਂ ਉੱਤੇ ਬਹੁਤ ਉੱਚਾ ਬੈਠ ਜਾਂਦਾ ਸੀ ਤੇ ਮੰਤਰ-ਮੁਗਧ ਅੱਖਾਂ ਨਾਲ਼ ਸਤੇਪੀ ਦੀਆਂ ਅਣਡਿੱਠ ਦੂਰੀਆਂ ਨੂੰ ਵੇਖਦਾ ਹੁੰਦਾ ਸੀ।

ਜਾਂ ਫਿਰ ਇੱਕ ਐਸੀ ਤਸਵੀਰ ਬਣਾ ਜਿਸ ਦਾ ਨਾਂ "ਪਹਿਲਾ ਅਧਿਆਪਕ" ਹੋਵੇ। ਹੋ ਸਕਦਾ ਹੈ ਕਿ ਇਸ ਵਿੱਚ ਉਹ ਪਲ ਚਿਤਰਿਆ ਜਾਵੇ ਜਦੋਂ ਦੂਈਸ਼ੇਨ ਬੱਚਿਆਂ ਨੂੰ ਚੁੱਕ ਚੁੱਕ ਕੇ ਨਾਲੇ ਤੋਂ ਪਾਰ ਲੰਘਾਉਂਦਾ ਹੈ ਤੇ ਲਾਲ ਲੂੰਬੜੀ ਦੀ ਖੱਲ ਦੀਆਂ ਟੋਪੀਆਂ


Academy of the Punjab in North America: http://www.apnaorg.com

ਪਾਏ ਹੋਏ, ਮੋਟੇ ਤਾਜ਼ੇ ਅਥਰੇ ਘੋੜਿਆਂ ਉੱਤੇ ਸਵਾਰ ਅਹਿਮਕ ਲੱਕ ਉਸ ਦੀ ਖਿੱਲੀ ਉਡਾਉਂਦੇ ਹੋਏ ਲਾਗੋਂ ਦੀ ਲੰਘ ਰਹੇ ਹਨ.....

ਜਾਂ ਫਿਰ ਉਸ ਵੇਲੇ ਦਾ ਚਿੱਤਰ ਬਣਾ ਜਦੋਂ ਅਧਿਆਪਕ ਅਲਤਿਨਾਈ ਨੂੰ ਸ਼ਹਿਰ ਭੇਜਣ ਲਈ ਵਿਦਾਈ ਦੇਣ ਗਿਆ ਸੀ। ਤੈਨੂੰ ਯਾਦ ਹੈ ਨਾ ਕਿ ਆਖਰੀ ਵਾਰ ਉਸ ਨੇ ਕਿਵੇਂ ਕੂਕ ਛੱਡੀ ਸੀ। ਇਸ ਤਰਾਂ ਦੀ ਤਸਵੀਰ ਬਣਾ ਕਿ ਉਹ ਦੂਈਸ਼ੇਨ ਦੀ ਕੂਕ ਵਾਂਗ ਹੀ, ਜਿਹੜੀ ਅਜੇ ਵੀ ਅਲਤਿਨਾਈ ਨੂੰ ਸੁਣਾਈ ਦੇ ਰਹੀ ਹੈ, ਹਰ ਇਨਸਾਨ ਦੇ ਦਿਲ ਨੂੰ ਟੁੰਬ ਲਵੇ।

ਇਸ ਤਰਾਂ ਮੈਂ ਆਪਣੇ ਹੀ ਮਨ ਨਾਲ਼ ਗੱਲਾਂ ਕਰਦਾ ਹਾਂ। ਮੈਂ ਆਪਣੇ ਮਨ ਨੂੰ ਕਈ ਕਈ ਗੱਲਾਂ ਕਹਿੰਦਾ ਹਾਂ, ਪਰ ਗੱਲ ਹਰ ਵਾਰੀ ਨਹੀਂ ਬਣਦੀ। ਤੇ ਮੈਨੂੰ ਹੁਣ ਵੀ ਸਮਝ ਨਹੀਂ ਆ ਰਹੀ ਕਿ ਕਿਹੋ ਜਿਹਾ ਚਿੱਤਰ ਬਣਾਵਾਂ। ਪਰ ਇੱਕ ਗੱਲ ਮੈਂ ਬੜੀ ਚੰਗੀ ਤਰਾਂ ਜਾਣਦਾ ਹਾਂ —ਮੈਂ ਤਲਾਸ਼ ਕਰਦਾ ਰਹਾਂਗਾ।


Academy of the Punjab in North America: http://www.apnaorg.com

## ਦਸਤਕ ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ

| | | |
|---|---|---|
| 1. | ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15 ਰੁਪਏ |
| 2. | ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15 ਰੁਪਏ |
| 3. | ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10 ਰੁਪਏ |
| 4. | ਸ਼ੋਲੋਖੋਵ ਦੀਆਂ ਕਹਾਣੀਆਂ | 30 ਰੁਪਏ |


Academy of the Punjab in North America: http://www.apnaorg.com

ਨਾਵਲੈਟ "ਪਹਿਲਾ ਅਧਿਆਪਕ" ਵਿੱਚ ਦੱਸਿਆ ਗਿਆ ਹੈ ਕਿ ਸੋਵੀਅਤ ਯੂਨੀਅਨ ਵਿੱਚ ਸ਼ਾਮਿਲ ਭਰਾਤਰੀ ਰੀਪਬਲਿਕਾਂ ਵਿੱਚੋਂ ਇੱਕ-ਕਿਰਗੀਜ਼ੀਆ ਵਿੱਚ ਸੋਵੀਅਤ ਸੱਤਾ ਹੋਂਦ ਵਿੱਚ ਕਿਵੇਂ ਆਈ। ਉਹਨਾਂ ਮੁਸ਼ਕਲ ਸਮਿਆਂ ਵਿੱਚ ਆਇਤਮਾਤੋਵ ਦੇ ਪਾਤਰ ਇਖ਼ਲਾਕੀ ਪੱਖੋਂ ਕਿਵੇਂ ਪਰਪੱਕ ਹੋਏ, ਉਹਨਾਂ ਦੇ ਚਰਿੱਤਰਾਂ ਨੇ ਠੋਸ ਰੂਪ ਕਿਵੇਂ ਧਾਰੇ, ਉਹਨਾਂ ਦੇ ਦਿਲਾਂ ਵਿੱਚ ਆਪਣੇ ਨਜ਼ਦੀਕੀ ਲਈ ਹਮਦਰਦੀ ਹੈ, ਉਹ ਦੂਸਰਿਆਂ ਦੀ ਖ਼ੁਸ਼ੀ ਤੇ ਗ਼ਮ ਵਿੱਚ ਸ਼ਰੀਕ ਹੁੰਦੇ ਹਨ...

ਦਸਤਕ ਪ੍ਰਕਾਸ਼ਨ, ਲੁਧਿਆਣਾ

Academy of the Punjab in North America: http://www.apnaorg.com